# ਚਿਰਾਗ

ਜਨਵਰੀ-ਮਾਰ 2005

**January -March 2005**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -51- ਜਨਵਰੀ - ਮਾਰਚ, 2005

# ਚਿਰਾ.ਗ ਤਿਮਾਹੀ

ਜਨਵਰੀ-ਮਾਰਚ 2005

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


- ਸੰਪਾਦਕੀ ਟਿੱਪਣੀ – ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ
- ਇਸ ਵਾਰ ਦਾ ਕਵੀ – ਸੁਖਿੰਦਰ (ਚਾਰ ਕਵਿਤਾਵਾਂ)
- ਵਤਨੋਂ ਦੂਰ – ਵਰਿੰਦਰ ਪ੍ਰੀਹਾਰ, (ਤਿੰਨ ਕਵਿਤਾਵਾਂ), ਗੁਰਨਾਮ ਢਿੱਲੋਂ (ਦੋ ਗ਼ਜ਼ਲਾਂ, ਇਕ ਗੀਤ)
- ਵਿਸ਼ੇਸ਼ ਹਿੰਦੀ ਕਹਾਣੀ – ਗੈਂਗਰੇਪ (ਊਸ਼ਾ ਯਾਦਵ)
- ਵਾਘਿਓਂ ਪਾਰ – ਮੰਨੂੰ ਭਾਈ (ਛੇ ਕਵਿਤਾਵਾਂ) ਨਜ਼ਮ ਹੁਸੈਨ ਸੱਯਦ (ਨੂਰੀ ਦੀ ਬੋਲੀ), ਨਾਦਰ ਅਲੀ (ਇਕ ਕੁੜੀ ਦੀ ਕਹਾਣੀ) ਫਰਖੰਦਾ ਲੋਧੀ (ਗ਼ਜ਼ਲ)
- ਪੰਜਾਬੀ ਕਹਾਣੀਆਂ – ਤਲਵਿੰਦਰ ਸਿੰਘ (ਨਿੱਕੀ ਇੱਟ ਵਾਲੀ ਹਵੇਲੀ) ਜਸਵੀਰ ਕਲਸੀ (ਸੁਪਨਿਆਂ ਦਾ ਕਤਲ), ਜ਼ੋਰਾ ਸਿੰਘ ਸੰਧੂ (ਸਿਰਦਾਰ)
- ਕਵਿਤਾਵਾਂ – ਗੁਰਦਿਆਲ ਪੱਲ੍ਹਾ, ਮਲਵਿੰਦਰ, ਕੁਲਤਾਰ ਸਿੰਘ ਕੁਲਤਾਰ
- ਯਾਤਰਾ ਨਿਬੰਧ – ਪ੍ਰੋ. ਸੁਖਪਾਲ ਸਿੰਘ ਥਿੰਦ (ਅਜੂਬਿਆਂ ਦੇ ਅੰਗ-ਸੰਗ)
- ਆਲੋਚਨਾ – ਭੁੱਬਲ ਨਾਵਲ ਦਾ ਅਧਿਐਨ (ਪ੍ਰੋ. ਪਰਮਜੀਤ ਸਿੰਘ ਮੀਸ਼ਾ)
- ਵਾਦ-ਵਿਵਾਦ – ਪੰਜਾਬੀ ਗ਼ਜ਼ਲ ਬਾਰੇ ਚਰਚਾ (ਸੁਲੱਖਣ ਸਰਹੱਦੀ)
- ਪੁਸਤਕ ਪੜਚੋਲ – ਸਬਰੰਗ (ਗੁਰਨਾਮ ਢਿੱਲੋਂ) ਸੀ ਕੋਈ, ਤੈਨੂੰ ਸੂਰਜ ਕਿਹਾ ਸੀ (ਸੁਲੱਖਣ ਸਰਹੱਦੀ), ਯੂਨੀਵਰਸਿਟੀ ਆਫ ਲਿਲੀਪੁੱਟ, ਸੰਸਾਰ ਪ੍ਰਸਿੱਧ ਖੇਡ-ਕਹਾਣੀਆਂ, ਪ੍ਰੇਮ ਚੰਦ ਦੇ ਖ਼ਤ, ਖਲੀਲ ਜ਼ਿਬਰਾਨ ਦੇ ਖ਼ਤ (ਹਰਮੀਤ ਸਿੰਘ ਅਟਵਾਲ) ਲਾਹੇ ਹੋਏ (ਲਕਸ਼ਮੀ ਨਾਰਾਇਣ ਭੀਖੀ)
- ਪੁਸਤਕ ਪ੍ਰਾਪਤੀ – ••••
- ਖਿਆਲ ਆਪੋ-ਆਪਣਾ ਪ੍ਰੋ. ਹਰਿੰਦਰ ਮਹਿਬੂਬ
- ਮੁੱਖ ਚਿਤਰ – ਚੀਨੀ ਪੇਟਿੰਗ (ਝੱਖੜ)


ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼, 274-ਚੰਨ ਰੋਡ, ਜਲੰਧਰ ( ਫੋਨ-98142-73311) ਤੋਂ ਛਪਵਾ ਕੇ, ਸ਼ਹੀਦ ਸਰਵਣ ਸਿੰਘ ਚੀਮਾ ਭਵਨ 352/1 ਗੜ੍ਹਾ (ਜਲੰਧਰ) ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : 31 ਜਨਵਰੀ 2005

*ਸੰਪਾਦਕੀ ਟਿੱਪਣੀ*

## ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ

1-2-3 ਦਸੰਬਰ 2004 ਨੂੰ ਪਟਿਆਲਾ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ, ਪਹਿਲਾਂ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚੋਂ ਇਕ ਵਿਲੱਖਣ ਅਤੇ ਸਫਲ ਕਾਨਫਰੰਸ ਸਿੱਧ ਹੋਈ ਹੈ। ਇਸ ਦੀ ਸਫਲਤਾ ਦੇ ਕਾਰਨਾਂ ਵਿਚੋਂ ਇਕ ਮੁਖ ਕਾਰਨ ਇਸ ਨੂੰ ਪੰਜਾਬ ਸਰਕਾਰ ਦੀ ਪੂਰੀ ਸਰਪ੍ਰਸਤੀ ਹਾਸਲ ਸੀ। ਜਿਸ ਦੇ ਕਾਰਨ ਇਸ ਦੇ ਪ੍ਰਬੰਧ ਲਈ ਸਰਕਾਰ ਨੇ ਆਪਣੀ ਮਾਇਕ ਅਤੇ ਪ੍ਰਬੰਧਕੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਇਆ। ਮੁੱਖ ਮੰਤਰੀ, ਉਪ-ਮੁਖ ਮੰਤਰੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵੀ.ਸੀ. ਸਮੇਤ ਸਾਰੇ ਅਮਲੇ ਅਤੇ ਵਿਦਿਆਰਥੀਆਂ ਨੇ ਆਪਣੇ ਵਲੋਂ ਇਸ ਨੂੰ ਸਫਲ ਬਣਾਉਣ ਵਿਚ ਹਰ ਸੰਭਵ ਯਤਨ ਕੀਤੇ।

ਇਸ ਦੀ ਸਫਲਤਾ ਦੇ ਪ੍ਰਬੰਧ ਤੋਂ ਅੱਗੇ ਦੂਜਾ ਅਮਲੀ ਪੱਖ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ, ਪੱਤਰਕਾਰਾਂ, ਆਰਥਿਕ ਮਾਹਰਾਂ ਅਤੇ ਸਮਾਜਿਕ ਸੰਗਠਨਾਂ ਨਾਲ ਸੰਬੰਧਤ ਲੋਕਾਂ ਤੋਂ ਬਿਨਾਂ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਜਨਾਬ ਪਰਵੇਜ਼ ਇਲਾਹੀ ਦੀ ਅੰਤਮ ਦਿਨ ਹੋਈ ਸ਼ਮੂਲੀਅਤ ਸੀ।

ਇਸ ਦੀ ਸਫਲਤਾ ਦੀ ਪ੍ਰਾਪਤੀ ਦੇ ਪ੍ਰਭਾਵ, ਦੋਵਾਂ ਦੇਸ਼ਾਂ ਦੇ ਲੋਕਾਂ, ਖ਼ਾਸ ਕਰਕੇ, ਪੰਜਾਬੀ ਲੋਕਾਂ ਨੂੰ ਹੋਣ ਦੇ ਸਭ ਕਾਰਨ ਮੌਜੂਦ ਹਨ ਜੇਕਰ ਸਰਕਾਰਾਂ ਕੀਤੇ ਵਾਅਦਿਆਂ ਉਪਰ ਪੂਰੀਆਂ ਉੱਤਰ ਆਉਣ।

ਜਦੋਂ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਇੰਗਲੈਂਡ 'ਲੰਡਨ' ਵਿਚ ਹੋਈ ਸੀ ਤਾਂ ਅਸੀਂ ਪੰਜਾਬੀ ਲੇਖਕ ਮੰਚ ਵੈਨਕੂਵਰ (ਕਨੇਡਾ) ਵਲੋਂ, ਇਸ ਦਾ ਸਿਧਾਂਤ ਰੂਪ ਵਿਚ ਸਮਰਥਨ ਕਰਨ ਦੇ ਬਾਵਜੂਦ, ਇਸ ਲਈ ਵਿਰੋਧ ਕੀਤਾ ਸੀ ਕਿ ਇਸ ਦਾ ਲਾਭ ਪੰਜਾਬੀ ਲੋਕਾਂ ਨੂੰ ਤਦ ਹੀ ਹੋ ਸਕਦਾ ਹੈ ਜੇ ਕਰ ਇਹ ਭਾਰਤੀ ਜਾਂ ਪਾਕਿਸਤਾਨੀ ਪੰਜਾਬ ਵਿਚ ਕੀਤੀ ਜਾਵੇ। ਸਾਡਾ ਇਹ ਵਿਰੋਧ ਪੂਰੀ ਤਰ੍ਹਾਂ ਸਹੀ ਸਾਬਤ ਹੋਇਆ ਹੈ, ਜਦੋਂ ਕਿ ਇਹ ਕਾਨਫਰੰਸਾਂ ਮੁਖ-ਭੂਮੀ (ਪੰਜਾਬ) ਤੋਂ ਬਾਹਰ ਇੰਗਲੈਂਡ, ਅਮਰੀਕਾ, ਥਾਈਲੈਂਡ ਆਦਿ ਵਿਖੇ ਕੀਤੀਆਂ ਗਈਆਂ ਤਾਂ ਸਕੈਂਡਲਾਂ, ਠੱਗੀਆਂ, ਕਬੂਤਰਾਂ ਆਦਿ ਦੀਆਂ ਗੂੰਜਾਂ ਹੀ ਸੁਣਾਈ ਦਿੱਤੀਆਂ, ਪ੍ਰੰਤੂ ਪੰਜਾਬੀ ਭਾਸ਼ਾ, ਪੰਜਾਬੀਅਤ ਅਤੇ ਪੰਜਾਬ (ਾਂ) ਨੂੰ ਜੋ ਲਾਭ ਹੋਇਆ ਉਹ ਅੱਜ ਤੱਕ ਕਿਸੇ ਨੂੰ ਪਤਾ ਨਹੀਂ ਲੱਗਿਆ।

ਪਟਿਆਲਾ ਕਾਨਫਰੰਸ ਵਿਚ ਸ਼ਾਮਲ ਵਿਦਵਾਨਾਂ ਨੇ ਜਿਹੜੇ ਆਪੋ-ਆਪਣੇ ਖੇਤਰ ਦੇ ਪਰਚੇ ਪੜ੍ਹੇ, ਉਹਨਾਂ ਦੁਆਰਾ ਦੋਵਾਂ ਦੇਸ਼ਾਂ ਦੇ ਸ਼ਾਮਲ ਪ੍ਰਤੀਨਿਧਾਂ ਨੇ ਇਕ ਦੂਜੇ ਨੂੰ ਨੇੜਿਉਂ ਹੋ ਕੇ ਸਮਝਿਆ। ਆਪਸ ਵਿਚ ਗ਼ੈਰ ਰਾਜਸੀ ਵਿਚਾਰ ਵਟਾਂਦਰਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ। ਖ਼ਾਸ ਕਰਕੇ ਸਾਹਿਤਕਾਰਾਂ ਨਾਲ ਗੱਲਬਾਤ ਕਰਕੇ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦੀਆਂ ਸਮੱਸਿਆਵਾਂ, ਉਹਨਾਂ ਨੂੰ ਹੱਲ ਕਰਨ ਲਈ ਪੰਜਾਬੀ ਨਾਲ ਪ੍ਰਤੀਬੱਧ ਸੰਘਰਸ਼ ਕਰਨ ਵਾਲੇ ਸੂਰਮਿਆਂ ਦੀਆਂ ਮੁਸ਼ਕਲਾਂ ਅਤੇ ਕੁਰਬਾਨੀਆਂ, ਉਹਨਾਂ ਦੀ ਦ੍ਰਿੜਤਾ ਅਤੇ ਵਿਸ਼ਵਾਸ, ਲਗਾਤਾਰ ਜੱਦੋ-ਜਹਿਦ ਦੀ ਭਰਪੂਰ ਜਾਣਕਾਰੀ ਮਿਲੀ, ਜਿਸ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਇਹ ਆਮ ਸਹਿਮਤੀ ਸੀ ਕਿ ਦੋ ਬੁਨਿਆਦੀ ਮੁਸ਼ਕਲਾਂ ਅਤੇ ਮਸਲੇ ਪੰਜਾਬੀ ਨੂੰ ਗੰਭੀਰ ਰੂਪ ਵਿਚ ਦਰਪੇਸ਼ ਹਨ - ਇਕ ਦੋ ਲਿੱਪੀਆਂ ਅਤੇ ਉਧਰ ਫਾਰਸੀ-ਅਰਬੀ ਤੇ ਏਧਰ ਹਿੰਦੀ-ਸੰਸਕ੍ਰਿਤ ਦੇ ਸ਼ਬਦਾਂ ਦੀ ਪੰਜਾਬੀ ਭਾਸ਼ਾ ਵਿਚ ਵੱਡੀ ਪੱਧਰ ਵਿਚ ਵਰਤੋਂ ਇਸ ਦੇ ਮੁਹਾਂਦਰੇ ਅਤੇ ਰੂਪ ਨੂੰ ਵਿਗਾੜ ਰਹੇ ਹਨ। ਇਹੋ ਹੀ ਨਹੀਂ, ਲੰਘੇ ਲੱਗਭਗ ਪੰਜਾਹ ਸਾਲਾਂ ਵਿਚ ਆਮ ਲੋਕਾਂ ਦੇ ਆਪਸ ਵਿਚ ਮਿਲਵਰਤਣ ਉਪਰ ਲੱਗੀਆਂ ਰੋਕਾਂ ਕਾਰਨ, ਦੂਰ-ਦੂਰ ਰਹਿਣਾ ਬੜਾ ਹੀ ਹਾਨੀਕਾਰਕ ਸਿੱਧ ਹੋਇਆ। ਬੋਲੀ ਜਾਣ ਵਾਲੀ ਪੰਜਾਬੀ ਤਾਂ ਸਮਝਣ ਵਿਚ ਕਿਸੇ ਨੂੰ ਕੋਈ ਦਿੱਕਤ ਨਹੀਂ ਆਉਂਦੀ ਪ੍ਰੰਤੂ ਲਿਖੀ ਪੰਜਾਬੀ ਵਿਚ ਗ਼ੈਰ-ਪੰਜਾਬੀ ਸ਼ਬਦ ਵੱਡੀ ਮੁਸ਼ਕਲ ਪੈਦਾ ਕਰਦੇ ਹਨ। ਦੋਵਾਂ ਪੰਜਾਬਾਂ ਦੇ ਲੋਕਾਂ ਦੀ ਇਕ ਦੂਜੇ ਤੋਂ ਦੂਰੀ ਦੇ ਬਾਹਰੀ ਕਾਰਨ ਰਾਜਸੀ ਕਹੋ ਜਾਂ ਫੌਜੀ ਜੰਗਾਂ ਕਹੋ, ਕਸ਼ਮੀਰ ਕਹੋ ਜਾਂ ਧਰਮ ਕਹੋ, ਪ੍ਰੰਤੂ ਇਸ ਦਾ ਮੁੱਖ ਕਾਰਨ ਇਹਨਾਂ ਸਭ ਕੁਝ ਦੇ ਪਿੱਛੇ ਅਮਰੀਕਨ ਸਾਮਰਾਜ ਦੀਆਂ ਸਾਡੇ ਲੋਕਾਂ ਦੇ ਵਿਰੁੱਧ ਸੁਆਰਥੀ ਨੀਤੀਆਂ ਹਨ। ਜਿਸ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਹੋਈਆਂ ਲੜਾਈਆਂ ਦੇ ਕਾਰਨ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਹੁਣ ਦੀ ਨੇੜਤਾ ਭਾਵੇਂ ਅਮਰੀਕਾ ਦੀ ਗਲੋਬਲਾਈਜੇਸ਼ਨ ਦੀ ਨੀਤੀ ਦਾ ਹਿੱਸਾ ਹੀ ਹੈ, ਫਿਰ ਵੀ ਸਾਨੂੰ ਇਸ ਅਵਸਰ ਨੂੰ ਹੱਥੋਂ ਗੁਆਉਣਾ ਨਹੀਂ ਚਾਹੀਦਾ।

ਦੋਵਾਂ ਪੰਜਾਬਾਂ ਦੇ ਮੁਖ ਮੰਤਰੀਆਂ ਵਲੋਂ ਪੰਜਾਬੀ ਭਾਸ਼ਾ ਲਈ ਜੋ ਯਤਨ ਅਤੇ ਵਾਅਦੇ ਕੀਤੇ ਗਏ ਹਨ, ਉਹ ਉਹਨਾਂ ਦੇ ਅਤੇ ਉਹਨਾਂ ਤੋਂ ਪਹਿਲੀਆਂ ਸਰਕਾਰਾਂ ਦੇ ਮੁਖੀਆਂ ਦੇ ਪਿਛਲੇ ਸਮਿਆਂ ਵਿਚ ਪੰਜਾਬੀ ਵਿਰੋਧੀ ਅਤੇ ਨਕਾਰਾਤਮਿਕ ਅਮਲਾਂ ਨੂੰ ਹੁਣ ਦੀ ਨਵੀਂ ਪਹੁੰਚ, ਸਹੀ ਦਿਸ਼ਾ ਵੱਲ ਲਿਜਾਣ ਦਾ ਸੱਚ ਕਿਹਾ ਜਾ ਸਕਦਾ ਹੈ। ਦੋਵਾਂ ਪੰਜਾਬਾਂ ਦੇ ਲੇਖਕਾਂ ਨੇ ਜਿਸ ਉਤਸ਼ਾਹ ਅਤੇ ਚਾਅ ਨਾਲ ਇਸ ਕਾਨਫਰੰਸ ਵਿਚ ਸ਼ਿਰਕਤ ਕੀਤੀ ਅਤੇ ਇਸ ਨੂੰ ਇਕ ਦੁਰਲੱਭ ਸੁਗਾਤ ਵਜੋਂ ਮਹਿਸੂਸ ਕੀਤਾ ਹੈ, ਇਸ ਤੋਂ ਆਸ ਬੱਝਦੀ ਹੈ ਕਿ ਦੜ ਵੱਟ ਕੇ ਕੱਟ ਮਾੜੇ ਦਿਨਾਂ ਪਿਛੋਂ ਭਲੇ ਦਿਨਾਂ ਨੇ ਸੁਨਹਿਰੀ ਕਿਰਨਾਂ ਨਾਲ ਆਣ ਕੇ ਸਿਰ ਪਲੋਸਿਆ ਹੈ।

ਜਿੱਥੇ ਕਈ ਤਰ੍ਹਾਂ ਦੀਆਂ ਪ੍ਰਾਪਤੀਆਂ ਅਤੇ ਖੁਸ਼ੀਆਂ ਖੇੜਿਆਂ, ਜਸ਼ਨਾਂ, ਪਿਆਰਾਂ, ਗੀਤਾਂ, ਪ੍ਰੀਤਾਂ, ਬਗਲਗੀਰੀਆਂ, ਹੱਥ ਘੁੱਟਣੀਆਂ ਨੇ ਤਿੰਨੇ ਦਿਨ ਪੰਜਾਬੀ ਯੂਨੀਵਰਸਿਟੀ ਦੀ ਫ਼ਿਜ਼ਾ ਨੂੰ ਮੁਅਸਰ ਬਣਾਈ ਰੱਖਿਆ, ਉਥੇ ਦੋ-ਤਿੰਨ ਦਿਨ ਪਹਿਲਾਂ ਇਕ ਨਾ-ਖੁਸ਼ਗਵਾਰ ਅਤੇ ਅਫ਼ਸੋਸ ਨਾਲ ਬਿਆਨ, ਸਾਡੇ ਪੰਜਾਬ ਦੀਆਂ ਦੋਵੇਂ ਕੇਂਦਰੀ ਸਭਾਵਾਂ ਵਲੋਂ ਅਖ਼ਬਾਰਾਂ ਵਿਚ ਛਪਿਆ। ਉਹਨਾਂ ਨੇ ਲੇਖਕਾਂ ਨੂੰ ਪਟਿਆਲਾ ਕਾਨਫਰੰਸ ਦੇ ਬਾਈਕਾਟ ਦਾ ਸੱਦਾ ਦਿੱਤਾ। ਇਹ ਸੱਦਾ ਭਾਵੇਂ ਕੱਖੋਂ ਹੌਲਾ ਹੋ ਕੇ ਰਹਿ ਗਿਆ ਸੀ ਪ੍ਰੰਤੂ ਫਿਰ ਵੀ ਇਸ ਨੂੰ ਸੰਕੀਰਨ, ਕਲੰਕੀ, ਆਪ ਹੁਦਰਾ ਅਤੇ ਬਿਨਾਂ ਕਮੇਟੀ ਮੈਂਬਰਾਂ ਦੀ ਮੀਟਿੰਗ ਬੁਲਾਉਣ ਤੋਂ ਉਹਨਾਂ ਦੇ ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਅਤੇ ਦੋਵਾਂ ਪੰਜਾਬਾਂ ਦੇ ਨੇੜੇ ਲਿਆਉਣ ਦੇ ਇਕ ਯਤਨ ਵਾਲੇ ਕਦਮ ਨੂੰ ਠੁਕਰਾਉਣ ਵਾਲੀ ਨਾ ਸਮਝੀ ਦਾ ਪ੍ਰਤੀਕ ਹੀ ਕਿਹਾ ਜਾ ਸਕਦਾ ਹੈ।

ਇਹ ਗੱਲ ਕਾਨਫਰੰਸ ਵਿਚ ਸ਼ਾਮਲ ਭਾਰਤੀ ਪੰਜਾਬ ਦੇ ਲੇਖਕਾਂ ਵਿਚ ਆਮ ਕਰਕੇ ਹੀ ਚਿਤਾਰੀ ਗਈ ਕਿ ਇਹ ਦੋਵਾਂ ਸਭਾਵਾਂ ਵਿਚੋਂ ਕਿਸੇ ਅਜਿਹੇ ਮਨਮਤੀਏ ਅਹੁਦੇਦਾਰ ਦੀ ਸ਼ਰਾਰਤ ਹੈ ਜੋ ਇਸ ਕਾਨਫਰੰਸ ਦੀ ਹੋਣ ਵਾਲੀ ਸੰਭਵ ਪ੍ਰਾਪਤੀ ਨੂੰ ਠੇਸ ਲਾ ਕੇ, ਉਸ ਦੇ ਵਿਚਾਰ ਦੀ ਰਾਜਨੀਤਿਕ ਪਾਰਟੀ ਅਕਾਲੀ ਦਲ ਨੂੰ ਪਹੁੰਚਣ ਵਾਲੇ ਨੁਕਸਾਨ ਨੂੰ ਘਟਾਉਣਾ ਜਾਂ ਰੋਕਣਾ ਚਾਹੁੰਦਾ ਸੀ। ਅਜਿਹੇ ਵਿਅਕਤੀ ਨੇ ਬਾਕੀ ਅਹੁਦੇਦਾਰਾਂ ਨੂੰ ਕਿਵੇਂ ਵਰਗਲਾਇਆ ਇਹ ਤਾਂ ਕਹਿ ਨਹੀਂ ਸਕਦੇ ਪ੍ਰੰਤੂ ਇਹ ਸਾਹਿਤਕ ਅਨੈਤਿਕਤਾ ਅਤੇ ਰਾਜਸੀ ਸੰਕੀਰਨਤਾ ਦੀ ਇਕ ਸਿਖਰ ਕਹੀ ਜਾ ਸਕਦੀ ਹੈ ਜੋ ਕਿ ਨਿੰਦਣਯੋਗ ਹੈ। ਇਹਨਾਂ ਸਭਾਵਾਂ ਦੇ ਅਹੁਦੇਦਾਰਾਂ ਦੀ ਇਹ ਗ਼ੈਰ ਜ਼ਿਮੇਦਾਰਾਨਾ ਹਰਕਤ ਇਹ ਹੀ ਸਿੱਧ ਕਰਦੀ ਹੈ ਕਿ ਇਹ ਲੋਕ ਉਹਨਾਂ ਉੱਚੀਆਂ ਅਹੁਦੇਦਾਰੀਆਂ ਦੇ ਉੱਕਾ ਹੀ ਯੋਗ ਨਹੀਂ, ਜਿਹੜੀਆਂ ਉਹਨਾਂ ਮੱਲੀਆਂ ਹੋਈਆਂ ਹਨ। ਇਹ ਹੋਰ ਵੀ ਸਿਤਮਜ਼ਰੀਫੀ ਦੀ ਗੱਲ ਹੈ ਕਿ ਕਾਨਫਰੰਸ ਦੇ ਆਖਰੀ ਦਿਨ, ਇਹਨਾਂ ਬਾਈਕਾਟੀਆਂ ਵਿਚੋਂ ਕਈ ਲੰਗਰ ਪੰਡਾਲ ਵਿਚ ਦੇਖੇ ਗਏ। ਕਹਿਣ ਨੂੰ ਉਹ ਕਹਿ ਸਕਦੇ ਸਨ ਕਿ ਉਹ ਤਾਂ ਭਾਸ਼ਾ ਵਿਭਾਗ ਵਲੋਂ ਦਿੱਤੇ ਇਨਾਮ ਪ੍ਰਾਪਤ ਕਰਨ ਵਾਲੇ ਦੋਸਤਾਂ ਨਾਲ ਆਏ ਸਨ, ਕੀ ਇਨਾਮ ਵੰਡ ਸਮਾਗਮ ਕਾਨਫਰੰਸ ਦਾ ਭਾਗ ਨਹੀਂ ਸੀ? ਫਿਰ ਵੀ ਇਹਨਾਂ ਸੱਦਾ ਦੇਣ ਵਾਲਿਆਂ ਦਾ ਆਪਣੀ ਅਸਫਲਤਾ ਨੂੰ ਵੇਖਦਿਆਂ-ਅਹੁਦਿਆਂ ਤੋਂ ਅਸਤੀਫੇ ਦੇਣ ਦਾ ਨੈਤਿਕ ਫਰਜ਼ ਬਣਦਾ ਹੈ। ਜਿਹੜੇ ਅਹੁਦੇਦਾਰਾਂ ਬਾਕਾਇਦਾ ਕਾਨਫਰੰਸ ਵਿਚ ਤਿੰਨੇ ਦਿਨ ਸ਼ਮੂਲੀਅਤ ਕੀਤੀ ਉਹਨਾਂ ਨੇ ਵੀ ਪਹਿਲਾਂ ਪ੍ਰੈਸ ਵਿਚ ਇਸ ਗਲਤ ਬਾਈਕਾਟ ਦੇ ਸੱਦੇ ਨੂੰ ਠੁਕਰਾਉਣ ਦੀ ਹਿੰਮਤ ਨਹੀਂ ਕੀਤੀ ਸੀ।

ਇਸ ਕਾਨਫਰੰਸ ਨੇ ਦੋਵਾਂ ਪੰਜਾਬ ਦੀਆਂ ਸਰਕਾਰਾਂ ਨੂੰ ਪੰਜਾਬੀ ਭਾਸ਼ਾ-ਸੱਭਿਆਚਾਰ ਅਤੇ ਪੰਜਾਬੀਅਤ ਦੀ ਅਹਿਮੀਅਤ ਦਾ ਅਹਿਸਾਸ ਕਰਵਾਇਆ ਹੈ। ਇਹ ਵੱਡੀ ਖੁਸ਼ੀ ਦੀ ਗੱਲ ਹੈ ਕਿ ਮੁੱਖ ਮੰਤਰੀ ਪ੍ਰਵੇਜ਼ ਇਲਾਹੀ ਨੇ ਵਾਪਸੀ ਦੇ ਦਿਨ ਪ੍ਰੈਸ ਕਾਨਫਰੰਸ ਵਿਚ ਮੈਟਰਿਕ ਤੋਂ ਹੇਠਾਂ ਦੀਆਂ ਜਮਾਤਾਂ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਭਾਵੇਂ ਹੁਣ ਤੱਕ ਦਾ ਤਜਰਬਾ ਤਾਂ ਏਹੋ ਹੀ ਹੈ ਕਿ ਬਹੁਤੀ ਵਾਰ ਐਲਾਨ, ਐਲਾਨ ਹੀ ਰਹਿ ਜਾਂਦੇ ਹਨ। ਪ੍ਰੰਤੂ ਜਿਸ ਤਰ੍ਹਾਂ ਉਹਨਾਂ ਪੰਜਾਬ ਵਿਚ ਆਪਣੇ ਕਿਆਮ ਦੇ ਦੌਰਾਨ ਮੁੱਦਿਆਂ ਉਪਰ ਹਾਂ-ਪੱਖੀ ਰੁਖ ਅਪਣਾਇਆ ਹੈ, ਉਸ ਤੋਂ ਉਹਨਾਂ ਦੇ ਇਸ ਐਲਾਨ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਇਹ ਇਕ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ। ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕਾਂ ਅਤੇ ਪੰਜਾਬੀ ਪਿਆਰਿਆਂ ਨੂੰ ਚਾਹੀਦਾ ਹੈ ਕਿ ਜਨਾਬ ਇਲਾਹੀ ਦਾ ਇਹ ਵਾਅਦਾ ਹੇਠਾਂ ਲੋਕਾਂ ਤੱਕ ਪਹੁੰਚਾਉਣ। ਅਫ਼ਸਰਸ਼ਾਹੀ ਅਤੇ ਉਰਦੂ ਲਾਬੀ ਦੇ ਕਿਸੇ ਬਣਨ ਵਾਲੇ ਅੜਿੱਕੇ ਨੂੰ ਦੂਰ ਕਰਨ ਲਈ ਕੇਵਲ ਜਨਤਕ-ਉਭਾਰ ਅਤੇ ਸੰਘਰਸ਼ ਹੀ ਹਥਿਆਰ ਹੁੰਦੇ ਹਨ। ਓਧਰਲੇ ਪੰਜਾਬ ਦੀਆਂ ਅਦਬੀ ਸਭਾਵਾਂ ਨੂੰ ਚਾਹੀਦਾ ਹੈ ਕਿ ਉਹ ਹਰ ਪਿੰਡ-ਸ਼ਹਿਰ ਵਿਚ ਅਤੇ ਮਤੇ ਪਾਸ ਕਰਕੇ, ਸਰਕਾਰ ਨੂੰ ਇਸ ਐਲਾਨ ਨੂੰ ਕਾਨੂੰਨੀ ਜਾਮਾ ਪਹਿਨਾਉਣ ਅਤੇ ਫਿਰ ਤੁਰੰਤ ਅਮਲ ਵਿਚ ਲਿਆਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ। ਇਸ ਦੇ ਲਈ



ਪ੍ਰੈਸ ਦੀ ਭਰਪੂਰ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਮਕਸਦ ਲਈ ਲੇਖ ਲਿਖੇ ਜਾਣੇ ਚਾਹੀਦੇ ਹਨ।

ਏਧਰ ਵੀ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਪੰਜਾਬੀ ਸੰਬੰਧੀ ਆਪਣੀ ਸਮਝ ਨੂੰ ਅਫਸਰਸ਼ਾਹੀ ਤੋਂ ਮੁਕਤ ਕਰਵਾ ਕੇ, ਪੰਜਾਬ ਦੇ ਸਰਕਾਰੀ ਕੰਮਕਾਜ ਵਿਚ ਅਤੇ ਵਿਧਾਨ ਸਭਾ ਵਿਚ ਪੰਜਾਬੀ ਲਾਗੂ ਕਰਨ ਵਿਚ ਰਹਿੰਦੀ ਕਸਰ ਕੱਢਣੀ ਚਾਹੀਦੀ ਹੈ। ਜਿਹੜੇ ਬਾਹਰਲੇ ਰਾਜਾਂ ਵਿਚੋਂ ਆਏ ਗੈਰ-ਪੰਜਾਬੀ ਭਾਸ਼ੀ ਉਚ-ਅਧਿਕਾਰੀ ਹਨ ਉਹਨਾਂ ਲਈ ਪੰਜਾਬੀ ਦੇ ਅਨੁਵਾਦਕਾਂ ਅਤੇ ਦੁਭਾਸ਼ੀਆਂ ਦਾ ਪ੍ਰਬੰਧ ਕਰਕੇ, ਉਹਨਾਂ ਦੇ ਪੰਜਾਬੀ ਦੇ ਅਗਿਆਨ ਨੂੰ ਦੂਰ ਕਰਨ ਲਈ, ਇਹੋ ਵਧੀਆ ਅਤੇ ਢੁੱਕਵਾਂ ਬਦਲ ਹੈ।

ਸਰਕਾਰ ਨੂੰ, ਪਹਿਲੀ ਜਮਾਤ ਤੋਂ ਪੰਜਾਬੀ ਦੀ ਥਾਂ ਤੇ ਪੰਜਾਬੀ ਦੇ ਨਾਲ ਅੰਗ੍ਰੇਜ਼ੀ ਦੀ ਪੜ੍ਹਾਈ ਦੀਆਂ ਅਣਵਿਗਿਆਨਕ ਅਤੇ ਗ਼ੈਰ-ਜ਼ਰੂਰੀ ਮਹਿੰਗੀਆਂ ਸਕੀਮਾਂ ਨੂੰ ਤਿਆਗ ਕੇ, ਪੰਜਾਬੀ ਦੀ ਪ੍ਰਾਇਮਰੀ ਤੱਕ ਪੜ੍ਹਾਈ ਨੂੰ ਲਾਜ਼ਮੀ ਕਰਾਰ ਦੇ ਕੇ ਅਕਲਮੰਦੀ ਦਾ ਸਬੂਤ ਦੇਣਾ ਚਾਹੀਦਾ ਹੈ। ਸਿੱਖਿਆ ਦੇ ਖੇਤਰ ਵਿਚ ਇਸ ਸਮੇਂ ਸਭ ਤੋਂ ਜ਼ਰੂਰੀ ਲੋੜ ਇਹ ਹੈ ਕਿ ਅਧਿਆਪਕਾਂ ਦੀ ਘਾਟ ਨੂੰ ਤੁਰੰਤ ਪੂਰੀ ਕਰਨ ਲਈ, ਸਕੂਲਾਂ ਵਿਚੋਂ ਖਾਲੀ ਥਾਵਾਂ ਅਤੇ ਘੱਟ-ਘੱਟ 30 ਵਿਦਿਆਰਥੀਆਂ ਪਿਛੇ ਇਕ ਅਧਿਆਪਕ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ। ਸੂਚਨਾ ਅਤੇ ਟੈਕਨੀਕਲ ਗਿਆਨ ਦੀਆਂ ਕੱਲੀਆਂ ਗੱਲਾਂ, ਪੰਜਾਬ ਵਿਚ ਇਸ ਸਮੇਂ ਹਜ਼ਾਰਾਂ ਅਧਿਆਪਕਾਂ ਦੀ ਲੋੜ ਪੂਰੀ ਨਹੀਂ ਕਰ ਸਕਦੀਆਂ। ਸਿੱਖਿਆ ਦੇ ਸੰਬੰਧ ਵਿਚ ਪੈਸੇ ਦੀ ਘਾਟ ਦਾ ਬਹਾਨਾ ਪੰਜਾਬ ਦੇ ਵਰਤਮਾਨ ਅਤੇ ਭਵਿੱਖ ਨਾਲ ਧਰੋਹ ਹੀ ਕਿਹਾ ਜਾ ਸਕਦਾ ਹੈ।

ਪ੍ਰਾਈਵੇਟ ਸਕੂਲਾਂ ਵਿਚ ਅੰਗ੍ਰੇਜ਼ੀ ਅਤੇ ਹਿੰਦੀ ਨੂੰ ਪਹਿਲੀ ਜਮਾਤ ਤੋਂ ਤੀਜੀ ਜਮਾਤ ਤੱਕ ਪੜ੍ਹਾਉਣ ਉਪਰ ਪਾਬੰਦੀ ਲਾ ਕੇ, ਪੰਜਾਬੀ ਦੀ ਪੜ੍ਹਾਈ ਨੂੰ ਲਾਜ਼ਮੀ ਕਰਾਰ ਦੇ ਕੇ ਅਮਲ ਵਿਚ ਲਿਆਉਣਾ ਚਾਹੀਦਾ ਹੈ। ਪ੍ਰਾਈਵੇਟ ਸਕੂਲਾਂ ਦੀਆਂ ਲੁੱਟਾਂ ਨੂੰ ਨੱਥ ਪਾ ਕੇ, ਫੀਸਾਂ ਦੀ ਕੋਈ ਵਾਜਬ ਵੱਧ ਤੋਂ ਵੱਧ ਹੱਦ ਮੁਕਰਰ ਕੀਤੀ ਜਾਣੀ ਚਾਹੀਦੀ ਹੈ। ਕਿਸੇ ਉਸ ਪ੍ਰਾਈਵੇਟ ਸਕੂਲ ਨੂੰ ਮਾਨਤਾ ਨਾ ਦਿੱਤੀ ਜਾਵੇ ਜੋ ਪਹਿਲੀ ਤੋਂ ਪੰਜਾਬੀ ਦੀ ਪੜ੍ਹਾਈ ਨਾ ਕਰਵਾ ਰਿਹਾ ਹੋਵੇ।

ਇਸ ਤਰ੍ਹਾਂ ਸਾਡੇ ਵਾਲੇ ਪੰਜਾਬ ਵਿਚ ਪੰਜਾਬੀ ਦੇ ਹੋਏ ਵਿਕਾਸ ਨੂੰ ਹੋਰ ਉੱਚੀ ਮੰਜ਼ਿਲ ਤੱਕ ਪਹੁੰਚਾਉਣ ਲਈ, ਇਸ ਵਿਚ ਰਹਿੰਦੀਆਂ ਉਪਰੋਕਤ ਤੇ ਹੋਰ ਘਾਟਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਇਹ ਕਰਕੇ ਪੰਜਾਬ ਸਰਕਾਰ ਇਕ ਇਤਿਹਾਸਕ ਕੰਮ ਕਰ ਰਹੀ ਹੋਵੇਗੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਅਰਿਆਂ ਨੂੰ ਵਰਤ ਕੇ ਰਾਜਨੀਤਕ ਸੱਤਾ ਹਥਿਆ ਕੇ, ਲੁੱਟਾਂ ਕਰਨ ਵਾਲਿਆਂ ਦੇ ਥੋਥੇ, ਤਰਕਹੀਣ ਅਤੇ ਸੁਆਰਥੀ ਕਿਰਦਾਰ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਜਾ ਸਕਦਾ ਹੈ।

ਅਸੀਂ ਇਹ ਮੰਗ ਕਰਦੇ ਹਾਂ ਕਿ ਆਉਣ ਵਾਲੀਆਂ ਵਿਸ਼ਵ ਕਾਨਫਰੰਸਾਂ ਵਿਚ ਖੁੱਲ੍ਹੇ ਸਮਾਗਮ ਵੀ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਅਸੀਂ ਕਾਮਨਾ ਕਰਦੇ ਹਾਂ ਕਿ ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ ਦੇ ਫੈਸਲਿਆਂ ਅਤੇ ਪ੍ਰਾਪਤੀਆਂ ਨੂੰ ਸਥਿਰ ਬਣਾਉਣ ਲਈ ਅਮਲੀ ਕਦਮ ਚੁੱਕੇ ਜਾਣਗੇ ਅਤੇ ਇਹਨਾਂ ਨੂੰ ਅੱਗੇ ਲਿਜਾਣ ਲਈ ਯਤਨਾਂ ਨੂੰ ਜਾਰੀ ਰੱਖਿਆ ਜਾਵੇਗਾ।

ਸਮੁੱਚੇ ਤੌਰ ਉੱਤੇ ਇਸ ਵਿਸ਼ਵ ਪੰਜਾਬ ਕਾਨਫਰੰਸ ਨੂੰ ਸਫਲ ਕਿਹਾ ਜਾ ਸਕਦਾ ਹੈ। ਇਸ ਨਾਲ ਸਾਰੇ ਪੰਜਾਬ ਦਾ ਵਾਤਾਵਰਣ ਦੋਵੇਂ ਪੰਜਾਬਾਂ ਦੇ ਮਿਲਾਪ ਕਾਰਨ, ਸਰਸਬਜ਼ ਅਤੇ ਦੋਸਤੀ ਦੀਆਂ ਬਾਸਮਤਈ ਮਹਿਕਾਂ ਨਾਲ ਲੱਦਿਆ ਹੋਇਆ ਮਹਿਸੂਸ ਹੁੰਦਾ ਸੀ। ਬਾਬਾ ਫਰੀਦ, ਬਾਬਾ ਨਾਨਕ, ਬੁੱਲ੍ਹੇ ਸ਼ਾਹ, ਧਨੀ ਰਾਮ ਚਾਤ੍ਰਿਕ ਆਦਿ ਜਿਵੇਂ ਆਪ ਇਸ ਇਕੱਠ ਵਿਚ ਹਾਜ਼ਰ ਹੋ ਕੇ ਆਸ਼ੀਰਵਾਦੀ-ਖੁਸ਼ੀਆਂ ਵੰਡ ਰਹੇ ਪ੍ਰਤੀਤ ਹੁੰਦੇ ਸਨ।

ਇਸ ਦੀ ਸਫਲਤਾ ਦਾ ਸਿਹਰਾ ਹਰ ਸਰਕਾਰੀ, ਗੈਰ-ਸਰਕਾਰੀ, ਯੂਨੀਵਰਸਿਟੀ ਦੇ ਅਮਲੇ, ਵਲੰਟੀਅਰ ਵਿਦਿਆਰਥੀਆਂ ਤੋਂ ਲੈ ਕੇ ਇਸ ਵਿਚ ਸ਼ਾਮਲ ਹੋਏ ਪ੍ਰਤੀਨਿਧਾਂ ਅਤੇ ਸਫਾਈ ਕਰਨ ਵਾਲੇ ਅਤੇ ਭੋਜਨ ਤਿਆਰ ਕਰਨ ਵਾਲੇ ਮਿਹਨਤੀ ਲੋਕਾਂ ਤੱਕ, ਸਭ ਦੇ ਸਿਰ ਬੱਝਦਾ ਹੈ। ਇਹ ਕਾਨਫਰੰਸ ਪੰਜਾਬ ਦੇ ਇਤਿਹਾਸ ਵਿਚ ਪੰਜਾਬੀ ਦੇ ਵਿਕਾਸ ਲਈ ਕੀਤੇ ਗਏ ਕੰਮਾਂ ਵਿਚੋਂ ਇਕ ਗਿਣੀ ਜਾਵੇਗੀ।

- ਸੰਪਾਦਕੀ ਮੰਡਲ

*ਇਸ ਵਾਰ ਦਾ ਵਿਸ਼ੇਸ਼ ਕਵੀ*

## ਸੁਖਿੰਦਰ (ਚਾਰ ਕਵਿਤਾਵਾਂ)

### 1 ਸੁਨਹਿਰੀ ਯਾਦਾਂ

ਜਿੰਨੇ ਮਰਜ਼ੀ ਪੈਦਾ ਹੋ ਜਾਣ
ਹਿਟਲਰ ਚੰਗੇਜ਼ ਜਾਂ ਮੁਸੋਲਿਨੀ
ਮਨੁੱਖੀ ਚੇਤਨਾ 'ਚੋਂ
ਮਿਟਾ ਨਹੀਂ ਸਕਣਗੇ
ਇਤਿਹਾਸ ਦੀਆਂ ਸੁਨਹਿਰੀ ਯਾਦਾਂ

ਮਨੁੱਖੀ ਇਤਿਹਾਸ-
ਸਮੁੱਚੀ ਮਨੁੱਖਤਾ ਦਾ ਇਤਿਹਾਸ ਹੈ
ਮਾਊਂਟ ਐਵਰੇਸਟ ਉੱਤੇ ਪਹਿਲੇ ਕਦਮ ਰੱਖਣ ਵਾਲੇ
ਤੇਨ ਜ਼ਿੰਗ ਦਾ ਇਤਿਹਾਸ
ਪੁਲਾੜ ਦੀਆਂ ਬੁਲੰਦੀਆਂ ਛੂਹਣ ਵਾਲੇ
ਯੂਰੀ ਗਗਾਰਨ ਦਾ ਇਤਿਹਾਸ
ਧਰਤੀ ਤੋਂ ਆਕਾਸ਼ ਤੱਕ ਫੈਲ ਜਾਣ ਵਾਲੀ
ਤੈਰੇਸ਼ਕੋਵਾ ਦਾ ਇਤਿਹਾਸ
ਚੰਨ ਉੱਤੇ ਬੱਚਿਆਂ ਵਾਂਗ ਤੁਰਨਾ ਸਿੱਖਣ ਵਾਲੇ
ਨੀਲ ਆਰਮਸਟਰਾਂਗ ਦਾ ਇਤਿਹਾਸ
ਧਰਤੀ ਦੁਆਲੇ ਕਿਣਕਾ-ਕਿਣਕਾ
ਹੋ ਕੇ ਖਿੰਡ ਜਾਣ ਵਾਲੀ
ਕਲਪਨਾ ਚਾਵਲਾ ਦਾ ਇਤਿਹਾਸ

ਨਾ ਤਾਂ ਅਮਰੀਕਾ ਦੇ ਨਾਪਾਕ ਬੰਬ ਹੀ
ਵੀਅਤਨਾਮ ਦੀ ਧਰਤੀ ਨੂੰ
ਬੰਜਰ ਹੀ ਬਣਾ ਸਕੇ ਹਨ
ਨਾ ਨਾਗਾਸਾਕੀ ਅਤੇ
ਹੀਰੋਸ਼ੀਮਾ 'ਤੇ ਡਿੱਗੇ ਐਟਮ ਬੰਬ ਹੀ
ਜਾਪਾਨੀਆਂ 'ਚੋਂ ਮਨੁੱਖਤਾ ਖ਼ਤਮ ਕਰ ਸਕੇ ਹਨ
ਨਾ ਇਜ਼ਰਾਈਲੀਆਂ ਦੇ ਬੰਬਾਂ ਅਤੇ
ਰਾਕਟਾਂ ਦੀ ਵਰਖਾ ਨਾਲ
ਫਲਸਤੀਨੀਆਂ ਦੇ ਮਨਾਂ 'ਚ ਪਲ ਰਹੀ
ਆਜ਼ਾਦੀ ਦੀ ਰੂਹ ਹੀ ਮਰ ਸਕੀ ਹੈ
ਨਾ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸੀ ਲਗਾ
ਅੰਗਰੇਜ਼ਾਂ ਦੀ ਜ਼ਾਲਮ ਹਕੂਮਤ
ਹਿੰਦੁਸਤਾਨ 'ਚ ਟਿਕੀ ਰਹਿ ਸਕੀ ਹੈ

ਆਦਮੀ ਡਿੱਗ-ਡਿੱਗ ਕੇ
ਫਿਰ ਤੁਰਨਾ ਸਿੱਖੇਗਾ
ਧਰਤੀ ਉੱਤੇ ਫੁੱਲ
ਕਦੀ ਖਿੜਨੇ ਬੰਦ ਨਹੀਂ ਹੋਏ
ਪੰਛੀਆਂ ਨੇ ਕਦੇ
ਹਵਾ ਵਿਚ ਉੱਡਣਾ ਬੰਦ ਨਹੀਂ ਕੀਤਾ
ਅਸਮਾਨ ਵਿਚ ਤਾਰੇ
ਸਦਾ ਹੀ ਚੜ੍ਹਦੇ ਨੇ
ਹਨ੍ਹੇਰੀਆਂ ਰਾਤਾਂ ਬਾਅਦ
ਚੰਨ ਸਦਾ ਹੀ ਚਮਕਦਾ ਹੈ •

### 2 ਦੋਸਤੀ

ਦੋਸਤੀ ਤਾਂ ਦਰਿਆਵਾਂ ਨਾਲ ਹੁੰਦੀ ਹੈ
ਛੱਪੜਾਂ ਨਾਲ ਨਹੀਂ-

ਛੱਪੜਾਂ ਵਿਚ ਖੜੋਤੇ ਪਾਣੀ
ਬਦਬੂ ਮਾਰਦੇ ਹਨ
ਡੱਡੂਆਂ ਦੀ ਟਰੈਂ-ਟਰੈਂ ਹੁੰਦੀ ਹੈ
ਜ਼ਹਿਰੀਲੇ ਸੱਪ ਤੈਰਦੇ ਹਨ
ਕੁੱਤੇ ਪਿਸ਼ਾਬ ਦੀਆਂ ਧਾਰਾਂ ਮਾਰਦੇ ਹਨ
ਮੱਝਾਂ ਮਲ-ਮੂਤਰ ਕਰਦੀਆਂ ਹਨ
ਸੂਰ ਗੰਦ ਵਿਚ ਮੂੰਹ ਮਾਰਦੇ ਹਨ

ਦਰਿਆ ਬਰਫਾਂ ਨਾਲ ਲੱਦੀਆਂ
ਪਰਬਤਾਂ ਦੀਆਂ ਚੋਟੀਆਂ 'ਚੋਂ ਨਿਕਲਦੇ ਹਨ
ਨਿਰਮਲ ਪਾਣੀਆਂ ਦੀਆਂ ਲਹਿਰਾਂ ਬਣ-ਬਣ

ਜ਼ਿੰਦਗੀ ਦੇ ਸੋਮੇ ਦਰਿਆ
ਰੇਗਿਸਥਾਨਾਂ 'ਚ ਪਾਣੀ ਦੀ ਬੂੰਦ-ਬੂੰਦ ਨੂੰ ਸਹਿਕ ਰਹੇ
ਬੰਜਰ ਧਰਤੀ ਦੇ ਚੱਪੇ-ਚੱਪੇ ਨੂੰ ਸਿੰਜਦੇ ਹਨ

ਦਰਿਆ ਫੁੱਲ ਉਗਾਂਦੇ ਹਨ
ਹਰਿਆਲੀਆਂ ਖੇਤੀਆਂ
ਹਵਾ ਸੰਗ ਝੂਮਦੇ
ਕਣਕ ਦੇ ਸੁਨਹਿਰੀ ਸਿੱਟੇ
ਝੋਨੇ, ਮੱਕੀ ਅਤੇ ਕਪਾਹ ਦੇ ਖੇਤ

ਦਰਿਆਵਾਂ ਦੇ ਕੰਢੇ ਪਿੰਡ ਵੱਸਦੇ ਨੇ
ਸ਼ਹਿਰ, ਬਸਤੀਆਂ ਅਤੇ ਕਸਬੇ
ਗੰਗਾ, ਜਮੁਨਾ, ਸਤਲੁਜ, ਰਾਵੀ, ਚਨਾਬ
ਇਹ ਨਿਰੇ ਦਰਿਆਵਾਂ ਦੇ ਨਾਮ ਨਹੀਂ
ਵੋਲਗਾ, ਯੰਗਸੀ, ਮਿਸੀਸਿਪੀ, ਨੀਲ,
ਐਮਾਜ਼ੋਨ
ਦੇ ਪਾਣੀਆਂ ਨਾਲ ਜੁੜੇ ਹੋਏ ਹਨ



ਸਭਿਆਚਾਰਾਂ, ਮਨੁੱਖੀ ਸਿਮਰਤੀਆਂ ਦੇ ਇਤਿਹਾਸ
ਇਹ ਨਾਮ ਹਜ਼ਾਰਾਂ, ਲੱਖਾਂ ਸਾਲਾਂ ਦੀਆਂ
ਮਨੁੱਖੀ ਕਹਾਣੀਆਂ, ਹਾਸਿਆਂ, ਹੰਝੂਆਂ,
ਸੁੱਖਾਂ, ਦੁੱਖਾਂ, ਉਮੰਗਾਂ, ਇੱਛਾਵਾਂ ਦੇ ਨਾਮ ਹਨ

ਅੱਜ ਵੀ ਸਤਲੁਜ ਦੀ ਹਵਾ
ਸਾਨੂੰ ਵਾਜਾਂ ਮਾਰਦੀ ਹੈ-

ਜਿਸ ਦੇ ਕੰਢਿਆਂ 'ਤੇ
ਕ੍ਰਾਂਤੀ ਦੇ ਬੋਲ ਬੀਜੇ ਗਏ
'ਹਵਾ ਮੇਂ ਰਹੇਗੀ ਸਦਾ
ਮੇਰੇ ਖ਼ਿਆਲੋਂ ਕੀ ਬਿਜਲੀਆਂ' •

### 3 ਕੁੱਤਿਆਂ ਨੂੰ ਕਹੋ

ਕੁੱਤਿਆਂ ਨੂੰ ਕਹੋ
ਕਿ ਆਦਮੀ ਬਣਨ ਦੇ
ਪਾਖੰਡ ਨਾ ਕਰਨ

ਆਦਮੀ ਤਾਂ ਪਹਿਲਾਂ ਹੀ, ਜ਼ਿੰਦਗੀ ਦੀਆਂ
ਹਜ਼ਾਰਾਂ ਯੁੱਧ ਭੂਮੀਆਂ ਵਿੱਚ
ਜੰਗ ਲੜ ਰਿਹਾ ਹੈ

ਸਦੀਆਂ ਬੀਤ ਜਾਣ ਬਾਅਦ ਵੀ
ਉਸਦੇ ਅੰਦਰ ਲੁਕਿਆ ਬੈਠਾ
ਧਰਮ, ਜਾਤਪਾਤ ਅਤੇ ਨਸਲ ਦਾ ਵਹਿਸ਼ੀ ਕੁੱਤਾ
ਅਜੇ ਵੀ ਇੱਕ ਦੂਜੇ ਨੂੰ ਵੱਢ ਰਿਹਾ ਹੈ

ਮੰਨ ਲਿਆ ਕਿ ਆਦਮੀ
ਬਾਂਦਰ ਤੋਂ ਬਣਿਆ ਹੈ
ਪਰ ਆਪਣੇ ਪੂਰਵਜਾਂ ਦੀਆਂ ਆਦਤਾਂ
ਉਸਨੂੰ ਕਦੀ ਤਾਂ
ਛੱਡਣੀਆਂ ਹੀ ਪੈਣਗੀਆਂ

ਮੰਗਲ ਗ੍ਰਹਿ 'ਤੇ ਪਹੁੰਚਣ ਦੀਆਂ
ਖ਼ੁਸ਼ੀਆਂ ਮਨਾਉਣ ਦਾ ਅਜੇ ਸਮਾਂ ਨਹੀਂ ਆਇਆ
ਪਹਿਲਾਂ ਆਪਣੀ ਧਰਤੀ ਦੀਆਂ
ਉਲਝੀਆਂ ਤੰਦਾਂ ਤਾਂ ਸੁਲਝਾਅ ਲਵੇ
ਜਿੱਥੇ, ਮਨੁੱਖੀ ਭੇਸ ਵਿਚ ਲੁਕੇ ਖੂੰਖਾਰ ਕੁੱਤੇ
ਮਨੁੱਖੀ ਜਿਸਮਾਂ ਦੇ ਚੀਥੜੇ ਚੀਥੜੇ ਕਰ ਰਹੇ ਹਨ
ਮਹਿਜ਼, 'ਕੁੱਤਾ ਸਭਿਆਚਾਰ' ਦੀਆਂ ਸ਼ਿਲਾਲੇਖਾਂ
ਉਨ੍ਹਾਂ ਦੇ ਮੱਥਿਆਂ ਉੱਤੇ ਜੜਨ ਲਈ •

### 4 ਕੁੱਤਾ ਸਭਿਆਚਾਰ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਹੀ ਬੱਚਿਆਂ ਦੇ
ਹੁੰਦੇ ਰੇਪ, ਇੰਟਰਨੈੱਟ ਦੀਆਂ ਵੈੱਬ ਸਾਈਟਾਂ ਦਾ
ਸ਼ਿੰਗਾਰ ਬਣਾਉਂਦਾ ਹੈ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਹੀ ਬੱਚਿਆਂ ਨੂੰ
ਖੂੰਖਾਰ ਬਘਿਆੜਾਂ ਵਿਚ ਬਦਲਣ ਦੀਆਂ
ਨਿੱਤ ਸਿੱਖਿਆਵਾਂ ਦਿੰਦਾ ਹੈ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਸਭਿਆਚਾਰਕ ਦਰਿਆਵਾਂ ਦੇ
ਪਾਣੀਆਂ ਵਿਚ
ਪਿਸ਼ਾਬ ਦੀਆਂ ਧਾਰਾਂ ਮਾਰਦਾ ਹੈ

ਮਨੁੱਖੀ ਸਭਿਆਚਾਰ ਦੀ
ਸਵੱਛਤਾ ਕਾਇਮ ਰੱਖਣ ਲਈ
ਮਨੁੱਖਾਂ ਅਤੇ ਜਾਨਵਰਾਂ ਦੇ
ਸਭਿਆਚਾਰ ਵਿੱਚ
ਵਖਰੇਵਾਂ ਤਾਂ ਕਰਨਾ ਹੀ ਪਵੇਗਾ
ਕੁੱਤਿਆਂ ਅਤੇ ਆਦਮੀ ਵਿਚਲਾ
ਭੇਦ ਸਮਝਣਾ ਹੀ ਪਵੇਗਾ
ਚਿਹਰਿਆਂ ਅਤੇ ਮੁਖੌਟਿਆਂ ਵਿਚ
ਅੰਤਰ ਪੜ੍ਹਨਾ ਹੀ ਪਵੇਗਾ

ਆਖਰ ਕਿਸੇ ਦਿਨ ਤਾਂ
ਮਨੁੱਖ ਨੂੰ ਜਾਗਣਾ ਹੀ ਪਵੇਗਾ
ਆਪਣੀ ਕੁੰਭਕਰਨੀ ਨੀਂਦ ਵਿੱਚੋਂ
ਇਹ ਸਮਝਣ ਲਈ
ਕਿ ਕੌਣ, ਮਨੁੱਖੀ ਦਿਮਾਗ਼ਾਂ ਵਿਚ
ਗਾਰਬਿਜ ਦੇ ਢੇਰ ਲਗਾਉਣ 'ਤੇ ਤੁਲਿਆ
ਹੋਇਆ ਹੈ

ਅਤੇ ਉਹ ਜਾਗਣ ਦਾ ਵੇਲਾ
ਆ ਚੁੱਕਾ ਹੈ •

# ਤਿੰਨ ਕਵਿਤਾਵਾਂ / ਵਰਿੰਦਰ ਪਰਿਹਾਰ

## 1 ਏਨਾ

ਕੋਈ ਹੱਲ ਨਹੀਂ ਦਿੱਸਦਾ
ਏਨਾ ਪਰ ਜ਼ਰੂਰ ਪਤਾ
ਏਸ ਤੁੰਦ ਦਵੰਦ ਤੋਂ ਪਰ੍ਹਾਂ
ਇਕ ਹੋਰ
ਹੌਲਾ ਖਿੜਿਆ, ਭਾਵੇਂ
ਮਸ਼ਕੂਕ ਥੋੜ੍ਹਾ
ਮਾਦੀ ਚੱਕਰ ਚੱਲਦਾ ਪਿਆ
ਕਲਪਨਾ ਦੀ ਕਰਾਮਾਤ ਖੌਰੇ
ਨਾ ਜਾਣਾ
ਇਕ ਨਾਅਰਾ ਡੂੰਘੇ ਅੰਦਰ ਮਿਰੇ
ਕੋਈ ਮਾਰਦਾ ਪਿਆ
ਦੂਈ ਦੁਨੀਆ ਦਾ ਪਤਾ ਚੱਲ ਗਿਆ •

## 2 ਨਿੱਕੇ ਨਿੱਕੇ ਫੁੱਲ ਜੰਗਲੀ

ਦੂਰ ਯੁੱਧ ਖੇਤਰ 'ਚ
ਉਹ ਮਰ ਖਪ ਗਏ
ਛੱਡ ਛਡਾਅ ਗਏ ਕੁਝ
ਅੱਕ ਥੱਕ ਗਏ

ਬੜੀਆਂ ਵਿਕੀਆਂ ਅਖ਼ਬਾਰਾਂ ਉਨ੍ਹੀਂ ਦਿਨੀਂ
ਕਤਲ ਦਾ ਹਰ ਤਰੀਕਾ ਨਵਾਂ
ਰੁਝਾਉਂਦਾ ਰਿਹਾ ਲੋਕਾਂ ਨੂੰ ਸ਼ਹਿਰ ਦਰ ਸ਼ਹਿਰ

ਕੀੜੀ ਇਕ ਏਧਰ ਦਿਨ ਭਰ ਦਾਣਾ ਲੱਭਦੀ ਰਹੀ
ਆਖ਼ਰ ਉਹਨੂੰ ਹੀ ਲੱਦ ਪਿੱਠ 'ਤੇ
ਭੌਣ ਆਪਣੇ 'ਚ ਜਾ ਵੜੀ

ਕਈ ਮੌਸਮ ਆਏ ਲੰਘੇ ਕਈ
ਸਦੀ ਬੀਤੀ
ਸ਼ਾਂਤ ਹੋਏ ਯੁੱਧ ਨਾਦ

ਟੈਂਕਾਂ ਟਰੱਕਾਂ ਦੀਆਂ ਗਾਡੀ ਲੀਹਾਂ 'ਚ
ਬਰੂਟੇ ਫੇਰ ਤੋਂ ਉੱਗਣ ਲੱਗੇ
ਜੀਵਨ ਮੌਲਣ ਲੱਗਾ
ਡਰਦੇ-ਡਰਦੇ ਇਕ ਦਿਨ
ਉਹਨੇ ਭੌਣ 'ਚੋਂ ਬਾਹਰ ਝਾਤ ਮਾਰੀ-

ਸੂਰਜ ਲਿਸ਼ਕਦਾ ਸੀ
ਆਸਮਾਨ ਅਜੇ ਵੀ ਨੀਲਾ ਸੀ
ਹਰੇ ਸਨ ਦਰੱਖਤ
ਘਾਹ ਵਿਚ ਝੂਲ ਰਹੇ ਸਨ ਮਸਤ
ਨਿੱਕੇ-ਨਿੱਕੇ ਫੁੱਲ ਜੰਗਲੀ •

## 3 ਭਰ ਚੱਲੀ ਵਹੀ

ਉਨ੍ਹਾਂ
ਲੋਕਾਂ ਦੇ ਸਿਰ ਕੱਟ-ਕੱਟ
ਟੋਇਆਂ 'ਚ ਦੱਬ ਤੇ

ਸੜਕਾਂ ਤੇ ਟੈਂਕ
ਧੂੰਏਂ ਭਰੇ ਆਸਮਾਨ 'ਚ ਜਹਾਜ਼
ਤੇ ਝੁਲਸੇ ਘਾਹ 'ਤੇ
ਧੜ ਪਏ ਸਨ ਬਿਖਰੇ ਬੇਸ਼ੁਮਾਰ

ਚਰਿੰਦਿਆਂ ਪਰਿੰਦਿਆਂ ਕੀੜਿਆਂ
ਤੇ ਬਿਰਛਾਂ ਤੋਂ ਬਿਨਾਂ
ਵੇਖਣ ਵਾਲਾ ਕੋਈ ਨਾ ਰਿਹਾ

ਉਹਦੇ ਸਿਰ ਉੱਤੇ ਕਵਿਤਾ ਦੀ ਛਾਂ ਸੀ
ਜੀਉਂਦਾ ਜਾਂ ਮੋਇਆ ਕੁਝ ਪਤਾ ਨਾ ਸੀ
ਸੁਰਮਈ ਸੰਝ ਅੱਧ ਹਨ੍ਹੇਰਾ ਏਨਾ ਹੀ ਚੇਤਾ
ਲਫ਼ਜ਼ਾਂ ਦੇ ਸੁਪਨੇ ਸੀ ਕੋਈ ਮਸੀਹੀ ਸਾਇਆ

ਉਹ ਉਹਨੂੰ ਵੇਖ ਨਾ ਸਕੇ
ਲੰਘ ਗਏ ਉੱਤੋਂ ਦੀ ਲਾਸ਼ ਸਮਝ ਕੇ

ਪਸ਼ੂਆਂ ਪੰਛੀਆਂ ਕੀੜਿਆਂ ਬਿਰਛਾਂ
ਤੇ ਉਜੜੇ ਘਰਾਂ ਦੀਆਂ ਅੱਖਾਂ 'ਚੋਂ
ਵੇਖਿਆ ਛੁਪਿਆ ਜ਼ੁਲਮ ਤੇ ਜ਼ਾਲਮ
ਉਹ ਪੜ੍ਹਨ ਲੱਗਾ
ਸਦੀਆਂ ਰੁੱਝਾ ਰਿਹਾ

ਬੰਦੇ ਦੀ ਚੰਗੀ ਤੇ ਨਵੀਂ ਨਸਲ ਉਡੀਕਦਾ
ਉਹ ਹੌਲੇ-ਹੌਲੇ ਹੁਣ ਬੁੱਢਾ ਹੋ ਰਿਹਾ

ਮੇਜ਼ 'ਤੇ ਪਈ
ਉਦੀ ਵਹੀ ਹਿਸਾਬ ਕਿਤਾਬ ਦੀ
ਪਰ ਭਰ ਚੱਲੀ

ਥੱਕਿਆ ਹਰ ਸ਼ਾਮ
ਬਾਰੀ 'ਚੋਂ ਬਾਹਰ ਵੇਖਦਾ-
ਘਾਹ 'ਤੇ ਇੱਕ ਬੱਚਾ ਬੇਧੜਕ ਖੇਡਦਾ
ਤੇ ਚਿੜੀ ਇਕ ਉੱਡਦੀ
ਆਕਾਸ਼ ਵਿਚ 'ਕੱਲੀ। •





# ਇੱਕ ਗ਼ਜ਼ਲ / ਗੁਰਨਾਮ ਢਿੱਲੋਂ

ਬੇਦਿਲ, ਬੁਜ਼ਦਿਲ ਬਣ ਗਏ ਸਾਰੇ ਕਿਸੇ ਹੌਸਲਾ ਕੱਢਿਆ ਨਾ।
ਜਿਸ ਦੀ ਛਾਵੇਂ ਨਾਗ ਮੌਲਦੇ ਉਹ ਚੰਦਰਾ ਰੁੱਖ ਵੱਢਿਆ ਨਾ।

ਦੁਨੀਆ ਦੇ ਸਿਰ ਉੱਤੇ ਜਦ ਉਹ ਦਹਿਸ਼ਤ ਬਣ ਮੰਡਰਾਉਂਦਾ ਸੀ,
ਕਿਸੇ ਸਿਆਣੇ ਕਿਹਾ ਨਾ ਉਸ ਨੂੰ "ਤੂੰ ਕਰ ਏਦਾਂ ਨੱਢਿਆ ਨਾ"।

ਆਪਣੇ ਦਰਦਮੰਦਾਂ ਦੇ ਸੁਪਨੇ ਪੈਰਾਂ ਹੇਠ ਮਸਲਦੇ ਰਹੇ,
ਅਸਲੀ ਦੁਸ਼ਮਣ ਦੇ ਸੀਨੇ 'ਤੇ ਜਿੱਤ ਦਾ ਪਰਚਮ ਗੱਡਿਆ ਨਾ।

ਦੁਨੀਆ ਦੇ ਇਤਿਹਾਸ 'ਚ ਸੂਰਜ ਬਣ ਕੇ ਰਹੇ ਚਮਕਦਾ ਉਹ,
ਜੋ ਸੱਜ ਕੇ ਮਕਤਲ ਵੱਲ ਤੁਰਿਆ, ਰਹਿਮ ਲਈ ਹੱਥ ਅੱਡਿਆ ਨਾ।

ਦੁਨੀਆ ਵਾਲੇ ਉਸ ਨੂੰ ਭਾਵੇਂ 'ਮੈਂਟਲ ਕੇਸ' ਰਹੇ ਕਹਿੰਦੇ,
ਪਰ 'ਗੁਰਨਾਮ' ਨੇ ਰੌਸ਼ਨੀਆਂ ਲਈ ਜੂਝਣ ਦਾ ਰਾਹ ਛੱਡਿਆ ਨਾ।

# ਇੱਕ ਗੀਤ / ਗੁਰਨਾਮ ਢਿੱਲੋਂ

ਭਾਬੀ! ਲੰਬੜਾਂ ਦਾ ਮੁੰਡਾ ਬੜਾ ਹੀ ਨਲਾਇਕ।
ਮੈਨੂੰ ਜਾਪੇ ਜਿਵੇਂ ਹੋਵੇ ਡੰਡਿਆਂ ਦੇ ਲਾਇਕ।

ਹੋ ਕੇ ਸ਼ਰਾਬੀ ਗਲੀਆਂ 'ਚ ਫਿਰਦਾ।
ਮੈਨੂੰ ਵੇਖੇ ਹੋਰ ਨਿਗਾਹ ਨਾਲ ਚਿਰ ਦਾ।
ਧੀਆਂ ਭੈਣਾਂ ਵਾਲੀ ਇਹਨੂੰ ਰਤਾ ਨਾ ਸ਼ਰਮ ਭਾਬੀ,
ਉਂਝ ਫਿਰੇ ਬਣਿਆ ਇਹ ਪਿੰਡ ਵਿਚ ਨਾਇਕ।

ਠਾਣੇ ਜਾ ਕੇ ਡਾਰ, ਖੰਭਾਂ ਦੀ ਬਣਾਉਂਦਾ ਏ।
ਨਿੱਤ ਨਵਾਂ ਚੰਦ ਪਿੰਡ 'ਚ ਚੜ੍ਹਾਉਂਦਾ ਏ।
ਦੁੱਧ ਇਹ ਪਿਲਾਏ ਸਦਾ ਕਾਲੇ ਨਾਗਾਂ ਤਾਈਂ,
ਬਣਿਆ ਨਹੀਂ ਕਦੇ ਕਿਸੇ ਥੁੜੇ ਦਾ ਸਹਾਇਕ।

ਹੱਥ ਨਾਲ ਕਦੀ ਨਾ ਕੋਈ ਕੰਮ ਕਰਦਾ।
ਦੂਜਿਆਂ ਦਾ ਹੱਕ ਖਾ ਕੇ ਢਿੱਡ ਭਰਦਾ।
ਸੂਲਾਂ ਅਤੇ ਕੰਡਿਆਂ ਦੇ ਸਿਰੀਂ ਛਾਂ ਕਰੇ,
ਖੋਹ ਲਵੇ ਫੁੱਲਾਂ ਅਤੇ ਕਲੀਆਂ ਦੀ ਮਹਿਕ।

ਭਾਬੀ! ਜਦੋਂ ਆਪਣਾ ਜ਼ਮਾਨਾ ਆਊਗਾ।
ਏਹੋ ਜਹੇ ਵੈਲੀਆਂ ਨੂੰ ਨੱਥ ਪਾਊਗਾ।
ਫੇਰ ਲਿਖੂੰ ਤੇਰੇ ਮੇਰੇ ਗੀਤ 'ਗੁਰਨਾਮ'
ਗਾਊਗਾ ਜਿਨ੍ਹਾਂ ਨੂੰ ਕੋਈ ਨੇਕ ਦਿਲ ਗਾਇਕ।

# ਗੈਂਗਰੇਪ

ਮੂਲ ਲੇਖਿਕਾ : ਊਸ਼ਾ ਯਾਦਵ
ਅਨੁਵਾਦਿਕਾ : ਰਜਨੀ ਰਾਣੀ

ਸਵੇਰੇ ਕਾਲਜ ਜਾਣ ਦੀ ਜਲਦੀ ਵਿਚ ਹਰਸ਼ਿਤਾ ਦੈਨਿਕ ਸਮਾਚਾਰ-ਪੱਤਰ ਨਹੀਂ ਦੇਖ ਸਕੀ ਸੀ। ਇਵੇਂ ਹਮੇਸ਼ਾ ਹੁੰਦਾ ਹੈ। ਕਾਲਜ ਤੋਂ ਵਾਪਿਸ ਆ ਕੇ ਹੀ ਉਹ ਅਖ਼ਬਾਰ ਦੇ ਪੰਨੇ ਬਦਲਦੀ ਹੈ। ਰੋਟੀ ਖਾਣ ਤੋਂ ਬਾਅਦ ਆਰਾਮ ਦੇ ਪਲਾਂ ਵਿਚ ਪੂਰੀ ਸ਼ਾਂਤੀ ਨਾਲ।

ਕੋਈ ਖਾਸ ਖ਼ਬਰ ਹੋਵੇ ਤਾਂ ਕਾਲਜ ਵਿਚ ਸੁਣਾਈ ਦੇ ਜਾਂਦੀ ਹੈ। "ਤੂੰ ਰਾਤ ਦੀ ਰੇਲ ਦੁਰਘਟਨਾ ਦੇ ਵਿਸ਼ੇ ਵਿਚ ਪੜ੍ਹਿਐ ਹਰਸ਼ਿਤਾ?"

ਜਾਂ ਫਿਰ ਇਵੇਂ ਹੀ ਕੋਈ ਦਿਲ ਨੂੰ ਹਿਲਾ ਦੇਣ ਵਾਲੀ ਖ਼ਬਰ। ਕਦੇ-ਕਦੇ ਦੂਸਰੇ ਵਿਸ਼ੇ ਵੀ ਕੰਨਾਂ ਵਿੱਚ ਪੈ ਜਾਂਦੇ ਹਨ -"ਹਰਸ਼ਿਤਾ ਤੂੰ ਅੱਜ ਅਖ਼ਬਾਰ ਵਿਚ ਸੋਨੇ ਦੇ ਭਾਅ ਦੇਖੇ? ਅਸਮਾਨ ਨੂੰ ਛੂਹ ਰਹੇ ਹਨ। ਨਵਾਂ ਖ਼ਰੀਦਣਾ ਤੇ ਸੰਭਵ ਨਹੀਂ। ਸੋਚਦੀ ਹਾਂ ਪੁਰਾਣੇ ਫੈਸ਼ਨ ਦੀਆਂ ਇਨ੍ਹਾਂ ਚੂੜੀਆਂ ਨੂੰ ਹੀ ਬਦਲਵਾਂ ਲਵਾਂ। ਉਸ ਵਿਚ ਜ਼ਿਆਦਾ ਘਾਟਾ ਨਹੀਂ ਹੋਵੇਗਾ।"

ਉਹ ਹੈਰਾਨ ਹੋ ਜਾਂਦੀ ਹੈ। ਪੜ੍ਹੀਆਂ-ਲਿਖੀਆਂ ਨੌਕਰੀਪੇਸ਼ਾ ਔਰਤਾਂ ਵਿਚ ਵੀ ਗਹਿਣਿਆਂ ਨੂੰ ਤੁੜਵਾਉਣ-ਘੜਾਉਣ ਦੀ ਐਸੀ ਲਲਕ।

ਲੱਗਦਾ ਤਾਂ ਬੜਾ ਅਜੀਬ ਸੀ। ਪਰ ਉਹ ਚੁੱਪ ਰਹਿ ਜਾਂਦੀ। ਆਪਣਾ-ਆਪਣਾ ਸ਼ੌਕ ਹੈ। ਉਹ ਬੇ-ਮਤਲਬ ਦਿਮਾਗ ਕਿਉਂ ਪ੍ਰੇਸ਼ਾਨ ਕਰੇ? ਅੱਜ ਵੀ ਉਸਦੇ ਕਾਲਜ ਪਹੁੰਚਦੇ ਹੀ ਸੀਨੀਅਰ ਲੈਕਚਰਾਰ ਪ੍ਰਭਾ ਵਰਮਾ ਦੌੜੀ ਹੋਈ ਆਈ "ਤੂੰ ਅੱਜ ਦਾ ਤਾਜ਼ਾ ਅਖ਼ਬਾਰ ਦੇਖਿਆ ਹੈ ਹਰਸ਼ਿਤਾ?"

"ਨਹੀਂ ..... ਕੋਈ ਖ਼ਾਸ ਖ਼ਬਰ ਹੈ?" ਕਹਿਣ ਦੇ ਨਾਲ ਹੀ ਉਸ ਨੂੰ ਧਿਆਨ ਆਇਆ, ਖਾਸ ਖਬਰ ਤਾਂ ਹੋਵੇਗੀ ਹੀ। ਕੱਲ੍ਹ ਸ਼ਾਮ ਕਾਲਜ ਵਿਚ ਪੁਰਾਣੇ ਵਿਦਿਆਰਥੀਆਂ ਦਾ ਇਕੱਠ ਬੁਲਾਇਆ ਗਿਆ ਸੀ। ਕਾਫ਼ੀ ਲੋਕ ਆਏ ਸਨ। ਮਹਿਮਾਨਾਂ ਦੀ ਭਾਰੀ ਭੀੜ ਤੋਂ ਇਲਾਵਾ ਪੂਰਾ ਮੀਡੀਆ ਹਾਜ਼ਰ ਸੀ। ਮੰਚ ਅਤੇ ਹਾਲ ਦੀ ਸ਼ਾਨਦਾਰ ਸਜਾਵਟ ਅੱਖਾਂ ਵਿਚ ਵੱਸਣ ਵਾਲੀ ਸੀ। ਵਿਆਖਿਆ ਉਸਨੇ ਭਾਵੇਂ ਨਾ ਹੀ ਸੁਣੀ ਹੋਵੇ, ਪਰ ਤਾੜੀਆਂ ਦੀ ਗੜਗੜਾਹਟ ਕਈ ਵਾਰ ਕੰਨਾਂ ਤਕ ਪਹੁੰਚੀ ਸੀ। ਸੱਭਿਆਚਾਰਕ ਪ੍ਰੋਗਰਾਮ ਦੀ ਭਾਵੁਕਤਾ ਦਾ ਅੰਦਾਜ਼ਾ ਵੀ ਪ੍ਰੋਗਰਾਮ ਦੇ ਦੌਰਾਨ ਲੱਗ ਚੁੱਕਾ ਸੀ।

ਮੀਡੀਆ ਦੀ ਧਮਾਕੇਦਾਰ ਹਾਜ਼ਰੀ ਨੇ ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਭ ਨੂੰ ਯਕੀਨ ਦਿਵਾ ਦਿੱਤਾ ਸੀ ਕਿ ਅਖ਼ਬਾਰਾਂ ਦੇ ਮੁਹਰਲੇ ਅਤੇ ਟੀ.ਵੀ. ਚੈਨਲ ਉੱਤੇ ਕੱਲ੍ਹ ਕਾਲਜ ਹੀ ਛਾਇਆ ਰਹੇਗਾ।

ਉਤਸਵ ਰੰਗਾਂ ਵਿਚ ਰੰਗੀ ਸ਼ਾਮ ਯਾਦ ਆਉਂਦੇ ਹੀ ਮੁਸਕਰਾ ਉੱਠੀ ਉਹ "ਸਮਝ ਗਈ........ ਕੱਲ ਦੇ ਫੰਕਸ਼ਨ ਦੀ ਅਖ਼ਬਾਰ ਨੇ ਸ਼ਾਨਦਾਰ ਕਵਰੇਜ ਕੀਤੀ ਹੋਵੇਗੀ। ....... ਕੀ ਤੁਸੀਂ ਵੀ ਫੋਟੋ ਵਿਚ ਮੌਜੂਦ ਹੋ ?"

"ਉਸਨੂੰ ਛੱਡੋ। ਇਕ ਦੂਸਰੀ ਬੇਹੁਦਾ ਖ਼ਬਰ ਛਪੀ ਹੈ। ਮੈਂ ਉਸਦੀ ਗੱਲ ਕਰ ਰਹੀ ਹਾਂ।" ਪ੍ਰਭਾ ਵਰਮਾ ਗੰਭੀਰ ਸੁਰ ਵਿਚ ਬੋਲੀ।

"ਬੇਹੂਦਾ ਖਬਰ?" ਉਹ ਹੈਰਾਨ ਹੋਈ।

"ਕਾਲਜ ਦਾ ਨਾਮ ਹਾਲਾਂਕਿ ਨਹੀਂ ਲਿੱਤਾ ਗਿਆ,ਪਰ ਉਸ ਨੂੰ ਜਾਣਨਾ ਕਿਸੇ ਦੇ ਲਈ ਕਠਿਨ ਨਹੀਂ ਹੋਵੇਗਾ।" ਪ੍ਰਭਾ ਵਰਮਾ ਦੀ ਆਵਾਜ਼ ਧੀਮੀ ਹੋ ਗਈ। "ਸਾਫ਼ ਲਿਖਿਆ ਹੈ ਕਿ ਸ਼ਹਿਰ ਦੇ ਇੰਟਰ ਕਾਲਜ ਦੇ ਪੁਰਾਣੇ ਵਿਦਿਆਰਥੀ ਸੰਮੇਲਨ ਦੇ ਦੌਰਾਨ ਇਕ ਜਵਾਨ ਅਤੇ ਖ਼ੂਬਸੂਰਤ ਅਧਿਆਪਕਾ ਦੇ ਨਾਲ ਗੈਂਗਰੇਪ ਦਾ ਹਾਦਸਾ ਹੋਇਆ।"

" ਹੈਂ ਕੀ ਕਿਹਾ? ........ ਗੈਂਗਰੇਪ?"

"ਉਹੀ ਤਾਂ।"

"ਕਾਲਜ ਦੇ ਵਿਚ ਗੈਂਗਰੇਪ ਦਾ ਹਾਦਸਾ?"

"ਨਹੀਂ ...... ਸ਼ਹਿਰ ਦੇ ਬਾਹਰ ਬਣੀ ਕਿਸੇ ਐਸ਼ਗਾਹ ਵਿਚ ਆਪਣੀ ਟਾਟਾ ਸੂਮੋ ਤੋਂ ਕੁਝ ਲੜਕੇ ਉਸ



ਅਧਿਆਪਕਾ ਨੂੰ ਲੈ ਗਏ ਸੀ। ਸ਼ਾਮ ਪੰਜ ਤੋਂ ਸੱਤ ਵਜੇ ਦੇ ਵਿਚ ਇਹ ਹਾਦਸਾ ਹੋਇਆ। ਇਸ ਤੋਂ ਬਾਅਦ ਉਸਦੇ ਘਰ ਦੇ ਦਰਵਾਜ਼ੇ ਉੱਤੇ ਉਹ ਲੋਕ ਉਸ ਨੂੰ ਛੱਡ ਗਏ। ਕਿਉਂਕਿ ਅਧਿਆਪਕਾ ਦੀ ਹਾਲਤ ਕਾਫੀ ਖ਼ਰਾਬ ਸੀ, ਇਸ ਲਈ ਘਰ ਪਹੁੰਚਾਉਣ ਤੋਂ ਪਹਿਲਾਂ ਇਕ ਪ੍ਰਾਈਵੇਟ ਨਰਸਿੰਗ ਹੋਮ ਵਿਚ ਉਸਦਾ ਇਲਾਜ ਵੀ ਕਰਵਾਇਆ ਗਿਆ।

ਹਾਦਸਾ ਨਹੀਂ, ਬਿਜਲੀ ਦਾ ਝਟਕਾ ਸੀ ਇਹ, ਹਰਸ਼ਿਤਾ ਦਾ ਪੂਰਾ ਤਨ-ਮਨ ਕੰਬ ਗਿਆ। ਉਦਾਸੀ ਵਿਚ ਬੋਲੀ "ਇਵੇਂ ਹੀ ਗਲਤ ਅਖ਼ਬਾਰ ਵਿਚ ਛਪ ਗਿਆ?"

"ਕੀ ਕਿਹਾ ਜਾ ਸਕਦਾ ਹੈ?" ਪ੍ਰਭਾ ਵਰਮਾ ਨੇ ਇਕ ਠੰਢਾ ਸਾਹ ਭਰਿਆ।

"ਹੱਦ ਹੋ ਗਈ ਪ੍ਰਭਾ ਜੀ ...... ਅਧਿਆਪਕਾ ਦਾ ਨਾਮ ਦਿੱਤਾ ਹੈ?"

"ਨਹੀਂ , ਪਰ ਇਸ ਤਰ੍ਹਾਂ ਤਾਂ ਇੱਥੇ ਪੜ੍ਹਾਉਣ ਵਾਲੀ ਹਰ ਔਰਤ ਅਧਿਆਪਕਾ ਸ਼ੱਕ ਦੇ ਘੇਰੇ ਵਿਚ ਆ ਜਾਵੇਗੀ। 'ਜਵਾਨ ਅਤੇ ਖ਼ੂਬਸੂਰਤ' ਸ਼ਬਦਾਂ ਦੇ ਚਲਦੇ ਸਾਡੇ ਵਰਗੀਆਂ ਵੱਡੀ ਉਮਰ ਦੀਆਂ ਦੋ-ਚਾਰ ਟੀਚਰਾਂ ਭਾਵੇਂ ਲਾਈਨ ਤੋਂ ਬਾਹਰ ਕਰ ਦਿੱਤੀਆਂ ਜਾਣ। ਪਰ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਕੋਈ ਅਧਿਆਪਕਾ ਆਪਣੇ-ਆਪ ਨੂੰ ਬੁੱਢੀ ਅਤੇ ਬਦਸੂਰਤ ਮੰਨਣ ਲਈ ਤਿਆਰ ਨਹੀਂ ਹੋਵੇਗੀ। ਇਸਦਾ ਮਤਲਬ ਸ਼ੱਕ ਦੀ ਸੂਈ ਘੁੰਮ ਫਿਰ ਕੇ ਸਭ ਦੇ ਦੁਆਲੇ ਪਹੁੰਚੇਗੀ।"

ਮਜ਼ਾਕ ਦੇ ਲਹਿਜੇ ਵਿਚ ਕਹੀ ਗਈ ਇਸ ਗੱਲ ਉੱਤੇ ਹਰਸ਼ਿਤਾ ਮੁਸਕਰਾ ਨਹੀਂ ਸਕੀ। ਉਸ ਦੀ ਗੰਭੀਰਤਾ ਹੋਰ ਵਧ ਗਈ। ਬਾਈ ਸਾਲ ਦੀ ਸਾਫ ਸੁਥਰੇ ਨੈਣ-ਨਕਸ਼ ਵਾਲੀ ਉਹ ਗੋਰੀ ਪਤਲੀ ਅਧਿਆਪਕਾ ਤਾਂ ਹਰ ਹਾਲਤ ਵਿਚ ਸ਼ੱਕੀ ਨਾਮਾਂ ਦੀ ਸ਼੍ਰੇਣੀ ਵਿਚ ਰਹੀ ਹੋਵੇਗੀ। ਕੀ ਇਸ ਸਮੇਂ ਜਾਣ ਪਛਾਣ ਦੇ ਲੋਕ ਉਸਨੂੰ ਲੈ ਕੇ ਗੈਂਗਰੇਪ ਦਾ ਅੰਦਾਜ਼ਾ ਨਹੀਂ ਲਗਾਉਣਗੇ?"

ਇਕ ਅਜੀਬ ਜਿਹੀ ਸ਼ਰਮ ਨਾਲ ਉਹ ਕੰਬ ਗਈ ਅਤੇ ਉਸ ਦੇ ਮੱਥੇ 'ਤੇ ਤਿਉੜੀਆਂ ਪੈ ਗਈਆਂ।

"ਕੀ ਸੋਚਣ ਲੱਗ ਗਈ?" ਪ੍ਰਭਾ ਵਰਮਾ ਨੇ ਟੋਕਿਆ।

"ਕੁਝ ਨਹੀਂ" ........ ਉਸ ਨੇ ਬਿਨਾਂ ਕਿਸੇ ਭਾਵ ਦੇ ਉੱਤਰ ਦਿੱਤਾ।

"ਪ੍ਰੇਸ਼ਾਨੀ ਦੀ ਗੱਲ ਤਾਂ ਹੈ ਹੀ" ..... ਪ੍ਰਭਾ ਵਰਮਾ ਚਿੰਤਾ ਵਿਚ ਦਿਖਾਈ ਦਿੱਤੀ ....... "ਇਸ ਬਕਵਾਸ ਖ਼ਬਰ ਨੇ ਪੂਰੇ ਕਾਲਜ ਨੂੰ ਹਲੂਣ ਦਿੱਤਾ ਹੈ। ਸਾਢੇ ਅੱਠ ਵਜੇ ਮੁੱਖ ਅਧਿਆਪਕ ਦੇ ਕਮਰੇ ਵਿਚ ਸਟਾਫ਼ ਦੀ ਐਮਰਜੈਂਸੀ ਮੀਟਿੰਗ ਹੈ।"

ਹਰਸ਼ਿਤਾ ਦੇ ਭਰਵੱਟਿਆਂ ਦੇ ਵੱਟ ਮਿਟੇ ਨਹੀਂ।

ਮੀਟਿੰਗ ਵਿਚ ਕਾਫੀ ਹੱਲਾ ਹੋਇਆ। ਅੱਸੀ ਅਧਿਆਪਕਾਂ ਦੇ ਸਟਾਫ਼ ਵਿਚ 35 ਔਰਤਾਂ ਸੀ, ਜਿਨ੍ਹਾਂ ਦੇ ਚਿਹਰੇ ਉੱਤੇ ਤਣਾਅ ਸਾਫ਼ ਝਲਕ ਰਿਹਾ ਸੀ।

ਪੁਰਸ਼ ਵਰਗ ਵੀ ਆਪਣੇ ਕਾਲਜ ਦੀਆਂ ਔਰਤ ਅਧਿਆਪਕਾਂ ਦੀ ਇੱਜ਼ਤ ਉੱਪਰ ਸ਼ੱਕ ਆਉਂਦਾ ਦੇਖ ਕੇ ਪ੍ਰੇਸ਼ਾਨ ਸੀ। ਇਸ ਬੇਬੁਨਿਆਦ ਖ਼ਬਰ ਛਾਪਣ ਉੱਤੇ ਸਰਵ-ਸੰਮਤੀ ਨਾਲ ਅਖ਼ਬਾਰ ਦੇ ਖ਼ਿਲਾਫ ਨਿੰਦਾ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਮਾਨ-ਇੱਜ਼ਤ ਦੇ ਨੁਕਸਾਨ ਦਾ ਦਾਵਾ ਪੇਸ਼ ਕਰਨ ਦੇ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਵੀ ਕੀਤੀ ਗਈ। ਪਰ ਮੁੱਖ ਅਧਿਆਪਕ ਜੀ ਵਲੋਂ ਸ਼ਾਂਤ ਰਹਿਣ ਦੀ ਅਪੀਲ ਤੋਂ ਬਾਅਦ ਇਸ ਨੂੰ ਰੋਕ ਦਿੱਤਾ ਗਿਆ।

ਜੋ ਵੀ ਹੋਵੇ, ਕੋਈ ਆਦਮੀ ਕੰਮ ਕਰਨ ਦੀ ਹਾਲਤ ਵਿਚ ਨਹੀਂ ਸੀ। ਇਸ ਲਈ ਮੀਟਿੰਗ ਤੋਂ ਬਾਦ ਕਾਲਜ ਦੀ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ।

ਘਰ ਵਾਪਸ ਆ ਕੇ ਵੀ ਹਰਸ਼ਿਤਾ ਸੋਚਦੀ ਰਹੀ। ਅੰਤ ਭਾਬੀ ਨੂੰ ਸਮਝਾਉਣਾ ਪਿਆ- "ਤੂੰ ਕਿਉਂ ਇੰਨੀ ਪ੍ਰੇਸ਼ਾਨ ਹੈਂ? ਜਿਸ ਖ਼ਬਰ ਵਿਚੋਂ ਤੈਨੂੰ ਕੋਈ ਲੈਣਾ ਦੇਣਾ ਨਹੀਂ , ਉਸ ਨੂੰ ਭੁੱਲ ਜਾ।"

"ਕਿਵੇਂ ਭੁੱਲ ਜਾਵਾਂ?" ..... ਉਹ ਤੜਪ ਉੱਠੀ। "ਇਸ ਝੂਠੀ ਤੇ ਬੇਬੁਨਿਆਦ ਖਬਰ ਨਾਲ ਸਾਡੇ ਕਾਲਜ ਦੀਆਂ ਸਾਰੀਆਂ ਲੇਡੀ ਟੀਚਰਾਂ ਦਾ ਅਪਮਾਨ ਹੁੰਦਾ ਹੈ।"

"ਸਾਰਿਆਂ ਦੀ ਗੱਲ ਨਾ ਕਰੋ।" ਭਾਬੀ ਨੇ ਜਲਦੀ ਫੁਲਝੜੀ ਛੱਡੀ। "ਬਹੁਤ ਗੰਦਾ ਸਮਾਂ ਆ ਗਿਆ ਹੈ। ਪੈਸਾ ਆਦਮੀ ਦਾ ਈਮਾਨ- ਧਰਮ ਅਤੇ ਭਗਵਾਨ ਬਣ ਗਿਆ ਹੈ। ਪੈਸੇ ਦੇ ਲਈ ਅੱਜ ਦਾ ਇਨਸਾਨ ਖ਼ਾਸ ਤੌਰ 'ਤੇ ਔਰਤ ਸਾਰੀਆਂ ਸੀਮਾਵਾਂ ਤੋੜ ਸਕਦੀ ਹੈ।"

"ਫਾਲਤੂ ਗੱਲ ਹੈ" ..... ਉਹ ਚਿੜ੍ਹ ਗਈ।

"ਫਾਲਤੂ ਗੱਲ ਨਹੀਂ, ਇਹ ਸੱਚਾਈ ਹੈ।" ਭਾਬੀ ਚੁੱਭਵੀਂ ਆਵਾਜ਼ ਵਿਚ ਬੋਲੀ। "ਆਪਣੇ

ਖਰਚੇ ਪੂਰੇ ਕਰਨ ਲਈ ਸ਼ੌਕੀਨ ਤਬੀਅਤ ਵਾਲੀ ਕੋਈ ਵੀ ਅਧਿਆਪਕਾ ਅਗਰ ਬਹਿਕ ਵੀ ਜਾਵੇ ਤਾਂ ਹੈਰਾਨੀ ਕਿਸ ਗੱਲ ਦੀ?"

"ਤੁਸੀਂ ਵੀ ਭਾਬੀ, ਬੱਸ।" ਉਹ ਕੰਬ ਜਿਹੀ ਗਈ। "ਬਗੈਰ ਸੋਚੇ ਜਲਦੀ ਨਾਲ ਬੋਲ ਦਿੰਦੇ ਹੋ। ਉਨ੍ਹਾਂ ਵਿਚੋਂ ਇਕ ਅਧਿਆਪਕਾ ਮੈਂ ਵੀ ਤਾਂ ਹਾਂ।"

"ਹਰਸ਼ੀ, ਸ਼ਬਦਾਂ ਨੂੰ ਫੜ ਨਾ।" ਭਾਬੀ ਗੰਭੀਰ ਹੋ ਉੱਠੀ- "ਮੈਂ ਫਿਰ ਕਹਿੰਦੀ ਹਾਂ ਕਿ ਜ਼ੋਰ-ਜਬਰਦਸਤੀ ਵਾਲਾ ਮਾਮਲਾ ਤਾਂ ਮੈਨੂੰ ਦਿਖਾਈ ਨਹੀਂ ਦਿੰਦਾ। ਉਹ ਪੁਰਾਣੇ ਵਿਦਿਆਰਥੀ ਜ਼ਰੂਰ ਉੱਚੇ ਅਹੁਦੇ ਉੱਤੇ ਰਹੇ ਹੋਣਗੇ। ਜਿਨ੍ਹਾਂ ਤੋਂ ਫਾਇਦਾ ਉਠਾਉਣ ਲਈ ਅਧਿਆਪਕਾ ਫਿਸਲ ਗਈ। ਇਨਾ ਜ਼ਰੂਰ ਹੈ ਕਿ ਅਖ਼ਬਾਰ ਵਾਲਿਆਂ ਨੂੰ ਗੱਲ ਵਧਾ-ਚੜ੍ਹਾ ਕੇ ਨਹੀਂ ਲਿਖਣੀ ਚਾਹੀਦੀ। ਹਰ ਆਦਮੀ ਦੀ ਨਿੱਜੀ ਜ਼ਿੰਦਗੀ ਹੈ।"

"ਮੈਂ ਆਪਣੇ ਇੱਥੇ ਦੀਆਂ ਸਾਰੀਆਂ ਲੇਡੀ ਟੀਚਰਾਂ ਨੂੰ ਜਾਣਦੀ ਹਾਂ। ਉਨ੍ਹਾਂ ਵਿਚੋਂ ਕੋਈ ਵੀ ਇਵੇਂ ਦੀ ਨਹੀਂ।" ਉਸਨੇ ਤਿਲਮਿਲਾ ਕੇ ਕਿਹਾ।

"ਛੱਡ ਹਰਸ਼ੀ, ਇਸ ਤਰ੍ਹਾਂ ਦੀ ਬਹਿਸ ਵਿਚ ਕੋਈ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ ...... ਪਰ ਤੈਨੂੰ ਲੱਗਦਾ ਹੈ, ਮਾਮਲਾ ਇੱਥੇ ਰੁਕੇਗਾ? ਮੈਂ ਕਹਿੰਦੀ ਹਾਂ, ਪਬਲਿਕ ਇਸਦਾ ਰਾਜ਼ ਜਾਣਨ ਲਈ ਫਿਲਮ ਦੇ ਅੰਤ ਤੱਕ ਉਤੇਜਿਤ ਹੋਵੇਗੀ। ਕਾਲਜ ਦਾ ਨਾਂ ਤਾਂ ਇਕ ਤਰ੍ਹਾਂ ਨਾਲ ਸਾਹਮਣੇ ਆ ਹੀ ਚੁੱਕਾ ਹੈ। ਅਧਿਆਪਕਾ ਦੇ ਨਾਂ ਦਾ ਵੀ ਖੁਲਾਸਾ ਹੋ ਕੇ ਰਹੇਗਾ। ਐਵੇਂ ਵੀ ਪੂਰੇ ਸਬੂਤ ਇਕੱਠੇ ਕਰਨ ਤੋਂ ਬਾਦ ਅਖ਼ਬਾਰ ਨੇ ਖ਼ਬਰ ਛਾਪੀ ਹੋਵੇਗੀ। ਕਿਸ਼ਤਾਂ ਵਿਚ ਉਹ ਆਪਣਾ ਮਸਾਲਾ ਪੇਸ਼ ਕਰੇਗਾ।"

"ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ।" ਹਰਸ਼ਿਤਾ ਦੀ ਉਦਾਸੀ ਵਧ ਗਈ।

"ਫਿਰ ਵੀ ਮੈਂ ਇਹੋ ਕਹਾਂਗੀ ਕਿ ਇਸ ਖ਼ਬਰ ਨੂੰ ਨਹੀਂ ਛਾਪਣਾ ਚਾਹੀਦਾ ਸੀ।" ਭਾਬੀ ਨੇ ਆਪਣੀ ਰਾਇ ਦਿੱਤੀ। "ਬੱਚਿਆਂ ਵਿਚ ਹੀਰੋ ਦੇ ਆਦਰਸ਼ ਦੀ ਭਾਵਨਾ ਹੁੰਦੀ ਹੈ। ਆਪਣੀ ਟੀਚਰ ਦੇ ਨਾਂ ਉੱਤੇ ਗਲਤ ਬਕਵਾਸ ਦਾ ਉਨ੍ਹਾਂ ਉੱਤੇ ਗਲਤ ਅਸਰ ਪਵੇਗਾ। ਹਾਈ ਸਕੂਲ- ਇੰਟਰ ਵਿਚ ਪੜ੍ਹਨ ਵਾਲੇ ਬੱਚੇ ਬੇਸਮਝ ਨਹੀਂ ਹੁੰਦੇ।"

ਹਰਸ਼ਿਤਾ ਦੀ ਪ੍ਰੇਸ਼ਾਨੀ ਹੋਰ ਵਧ ਗਈ। ਉਸਨੇ ਆਪਣੇ ਦਿਮਾਗ ਉੱਤੇ ਜ਼ੋਰ ਪਾਉਣ ਦੀ ਕੋਸ਼ਿਸ਼ ਕੀਤੀ। ਕੀ ਸੱਚਮੁਚ ਕਿਸੇ ਅਧਿਆਪਕਾ ਦੇ ਨਾਲ ਇਸ ਤਰ੍ਹਾਂ ਦਾ ਕਾਂਡ ਹੋਇਆ ਹੋਵੇਗਾ? ਪਰ ਕਿਸਦੇ ਨਾਲ? ਅੱਜ ਤਾਂ ਪੂਰਾ ਸਟਾਫ ਮੌਜੂਦ ਸੀ। ਕਿਸੇ ਦੇ ਚਿਹਰੇ ਤੋਂ ਨਹੀਂ ਲੱਗ ਰਿਹਾ ਸੀ ਕਿ ਕੱਲ੍ਹ ਸ਼ਾਮ ਉਸਨੇ ਐਸੀ ਭਿਆਨਕ ਤ੍ਰਾਸਦੀ ਝੱਲੀ ਹੋਵੇਗੀ। ਤਾਂ ਕੀ ਐਸੀ ਸਥਿਤੀ ਵਿਚ ਵੀ ਇਵੇਂ ਰਹਿ ਸਕਦੀ ਹੈ ਕੋਈ ਔਰਤ? ......ਕੀ ਪਤਾ? ਮਨ ਵਿਚ ਇਕ ਗੱਲ ਚੁਭੀ – ਭਾਬੀ ਤਾਂ ਪੜ੍ਹੀ-ਲਿਖੀ ਸਮਝਦਾਰ ਔਰਤ ਹੈ, ਉਹੀ ਜਦੋਂ ਇਵੇਂ ਸੋਚ ਸਕਦੀ ਹੈ, ਤਾਂ ਬਾਕੀ ਪੁਰਾਣੇ ਵਿਚਾਰਾਂ ਦਾ ਸਮਾਜ ...... ਖੋਖਲੇ ਸਮਾਜ ਦੀ ਪ੍ਰਤੀਕ੍ਰਿਆ ਵੀ ਸਾਹਮਣੇ ਆ ਗਈ। ਪਰ ਪਹਿਲਾਂ ਤਾਂ ਅਗਲੀ ਸਵੇਰੇ ਅਖ਼ਬਾਰ ਆਉਂਦੇ ਹੀ ਉਹ ਉਸ ਉੱਤੇ ਝਪਟੀ।

"ਦੇਖਾਂ, ਸ਼ਾਇਦ ਸਾਡੇ ਕਾਲਜ ਦੀ ਕੋਈ ਖ਼ਬਰ ......"

ਖ਼ਬਰ ਦੇਖਦੇ ਹੀ ਜ਼ੋਰਦਾਰ ਆਵਾਜ਼ ਵਿਚ ਚੀਕੀ ...... "ਨਹੀਂ"

ਭਾਬੀ ਦੌੜਦੀ ਹੋਈ ਆਈ – "ਕੀ ਹੋਇਆ ਹਰਸ਼ੀ?"

ਹਰਸ਼ਿਤਾ ਨੇ ਫਟੀਆਂ-ਫਟੀਆਂ ਅੱਖਾਂ ਨਾਲ ਭਾਬੀ ਵੱਲ ਦੇਖਿਆ ਤੇ ਅਖ਼ਬਾਰ ਵਿਚ ਇਕ ਜਗ੍ਹਾ ਆਪਣੀ ਕੰਬਦੀ ਉਂਗਲੀ ਧਰ ਦਿੱਤੀ। ਇਕ ਜਲਦਾ ਹੋਇਆ ਅੰਗਿਆਰ ਉਸ ਜਗ੍ਹਾ ਧਰਿਆ ਹੋਇਆ ਸੀ। ਪਰਿਵਾਰ ਦੀ ਇੱਜ਼ਤ ਨੂੰ ਸੁਆਹ ਵਿਚ ਤਬਦੀਲ ਕਰ ਦੇਣ ਵਾਲਾ ਬਾਰੀਕ ਕੋਲਾ .........

ਐਨੀਬੀਸੈਂਟ ਇੰਟਰ ਕਾਲਜ ਵਿਚ ਡਾ. ਹਰਸ਼ਿਤਾ ਨੂੰ ਗੈਂਗਰੇਪ ਕਾਂਡ ਵਿਚ ਲਪੇਟਦੇ ਹੋਏ ਸਵੇਰ ਦੇ ਅਖ਼ਬਾਰ ਨੇ ਬੜੀ ਮਾਸੂਮੀਅਤ ਨਾਲ ਸਫ਼ਾਈ ਦਿੱਤੀ ਸੀ ਕਿ ਆਪਣੀ ਮਾਨਵੀ ਸੰਵੇਦਨਾ ਦੇ ਚਲਦੇ ਉਸ ਦੀ ਮਨਸ਼ਾ ਨਾਂ ਨੂੰ ਉਜਾਗਰ ਕਰਨ ਦੀ ਨਹੀਂ ਸੀ ਪਰ ਸਧਾਰਨ ਪਾਠਕਾਂ ਦੀ ਸੱਚਾਈ ਜਾਣਨ ਦੀ ਇੱਛਾ ਦੇ ਸਾਹਮਣੇ ਲਾਚਾਰ ਹੋ ਕੇ ਇਹ ਕਦਮ ਚੁੱਕਣਾ ਪੈ ਰਿਹਾ ਹੈ।

ਭਾਬੀ ਦਾ ਚਿਹਰਾ ਫੱਕ ਹੋ ਗਿਆ।

ਹਰਸ਼ਿਤਾ ਕੁਝ ਬੋਲੇ ਬਗੈਰ ਡਗਮਗਾਉਂਦੇ ਕਦਮਾਂ ਨਾਲ ਉੱਠੀ ਤੇ ਆਪਣੇ ਕਮਰੇ ਵਿਚ ਜਾ ਕੇ ਅੰਦਰ ਦੀ ਕੁੰਡੀ ਲਗਾ ਲਈ।

ਭਾਬੀ ਡਰ ਨਾਲ ਕੰਬ ਉੱਠੀ-ਹੁਣ ਕੀ ਹੋਵੇਗਾ? ਕਿਤੇ ਇਹ ਕੁਝ ਕਰ ਤਾਂ ਨਹੀਂ ਲਵੇਗੀ?



ਉਹ ਘਬਰਾ ਕੇ ਭੱਜੀ ਅਤੇ ਸੁੱਤੇ ਹੋਏ ਪਤੀ ਨੂੰ ਹਿਲਾਉਂਦਿਆਂ ਬੋਲੀ "ਸੁਣੋ ਜੀ ਅਨਰਥ ਹੋ ਗਿਆ ਹੈ।"

ਪਤੀ ਨੇ ਪਹਿਲਾਂ ਤਾਂ ਅੱਖਾਂ ਝਪਕਾਈਆਂ, ਫਿਰ ਸਭ ਕੁਝ ਸੁਣਨ ਤੋਂ ਬਾਅਦ ਬੁੱਢੇ ਪਿਤਾ ਦੇ ਕੰਨਾਂ ਤੱਕ ਇਹ ਖ਼ਬਰ ਪਹੁੰਚਾ ਦਿੱਤੀ। ਉਸ ਤੋਂ ਬਾਦ ਸਾਰਾ ਘਰ ਇਸ ਖ਼ਬਰ ਦੇ ਸੇਕ ਵਿਚ ਜਲ ਉੱਠਿਆ। ਭਾਂਬੜ ਸਿਰਫ਼ ਸੌਂਦੀ ਹੋਈ ਛੋਟੀ ਕ੍ਰਿਤਿਕਾ ਤੱਕ ਨਹੀਂ ਪਹੁੰਚੇ। ਉਸਨੂੰ ਜਗਾਉਣ ਅਤੇ ਕੁਝ ਦੱਸਣ ਦੀ ਜ਼ਰੂਰਤ ਵੀ ਨਹੀਂ ਸੀ।

ਇਧਰ ਘਰ ਵਾਲਿਆਂ ਦਾ ਇਹ ਹਾਲ, ਉਧਰ ਪਲੰਘ ਉੱਤੇ ਪਈ ਹਰਸ਼ਿਤਾ ਸਿਲ ਜਿਹੀ ਹੋ ਗਈ ਸੀ। ਕੇਵਲ ਇੰਨੀ ਚੇਤਨਾ ਬਾਕੀ ਸੀ ਉਸ ਵਿਚ – ਕਿਤੇ ਮੂੰਹ ਦਿਖਾਉਣ ਦੇ ਲਾਇਕ ਨਹੀਂ ਰਹੀ ਹੈ।

ਪਤਾ ਨਹੀਂ ਕਿੰਨੀ ਦੇਰ ਭਿਆਨਕ ਹਨ੍ਹੇਰੇ ਵਿਚ ਪਥਰੀਲੀਆਂ ਕੰਧਾਂ ਨਾਲ ਆਪਣਾ ਸਿਰ ਟਕਰਾਉਂਦੀ ਰਹੀ ਉਹ। ਸਮੇਂ ਦਾ ਧਿਆਨ ਰਿਹਾ ਹੀ ਕਿੱਥੇ ਸੀ?

ਅਚਾਨਕ ਭਾਬੀ ਦੀ ਉਦਾਸ ਆਵਾਜ਼ ਉਸ ਦੇ ਕੰਨਾਂ ਵਿਚ ਪਈ- "ਹਰਸ਼ੀ ਤੇਰੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਦਾ ਫੋਨ ਹੈ।" ਬਿੱਛੂਆਂ ਦੇ ਡੰਗ ਵਾਂਗ ਲੱਗੇ ਉਸ ਨੂੰ ਇਹ ਸ਼ਬਦ। ਇਸਦਾ ਅਰਥ ਸਮਝਣ ਦੀ ਹਿੰਮਤ ਵੀ ਨਹੀਂ ਰਹੀ ਸੀ ਉਸ ਵਿਚ।

ਥੋੜ੍ਹੀ ਦੇਰ ਇੰਤਜ਼ਾਰ ਕਰਨ ਤੋਂ ਬਾਦ ਭਾਬੀ ਨੇ ਫਿਰ ਦਰਵਾਜ਼ਾ ਖੜਕਾਇਆ- "ਬਾਹਰ ਨਿਕਲੋ ਹਰਸ਼ੀ। ਪ੍ਰਿੰਸੀਪਲ ਸਾਹਿਬ ਦੀ ਗੱਲ ਸੁਣ ਲਓ। ਤੁਹਾਡੀ ਖ਼ਾਮੋਸ਼ੀ ਦਾ ਉਹ ਗਲਤ ਅਰਥ ਕੱਢਣਗੇ।"

ਗਲਤ ਅਰਥ ਨਾ ਵੀ ਸਹੀ, ਕਾਲਜ ਦਾ ਆਪਣਾ ਇਕ ਅਨੁਸ਼ਾਸਨ ਸੀ ਅਤੇ ਉਸ ਅਨੁਸ਼ਾਸਨ ਦੇ ਦੌਰਾਨ ...... ਡਿਗਦੇ ਸੰਭਲਦੇ ਕਦਮਾਂ ਨਾਲ ਹਰਸ਼ਿਤਾ ਉੱਠੀ। ਟੈਲੀਫੋਨ ਉੱਤੇ ਉਸ ਦੀ ਬੜੀ ਉਦਾਸ ਜਿਹੀ ਆਵਾਜ਼ ਨਿਕਲੀ "ਹੈਲੋ"

"ਹਰਸ਼ਿਤਾ, ਮੈਂ ਅੱਜ ਦਾ ਅਖ਼ਬਾਰ ਤਾਂ ਵੇਖ ਲਿਆ ਹੈ। ਖ਼ਬਰ ਪ੍ਰੇਸ਼ਾਨੀ ਦੀ ਜ਼ਰੂਰ ਹੈ ਪਰ ਤੁਸੀਂ ਆਪਣਾ ਹੌਸਲਾ ਬਣਾ ਕੇ ਰੱਖੋ।" ਉੱਧਰੋਂ ਆਵਾਜ਼ ਸੁਣਾਈ ਦਿੱਤੀ।

ਚਾਹੁਣ 'ਤੇ ਵੀ ਹੁੰਗਾਰਾ ਨਹੀਂ ਭਰ ਸਕੀ ਉਹ। ਕਿਸੇ ਦੇ ਕਹਿਣ ਨਾਲ ਹੌਸਲਾ ਬਣਾ ਕੇ ਰੱਖਣਾ ਕੀ ਸੰਭਵ ਹੈ?

"ਹੈਲੋ, ਹੈਲੋ, ਮੇਰੀ ਆਵਾਜ਼ ਸੁਣ ਰਹੀ ਹੋਂ, ਹਰਸ਼ਿਤਾ?" ਉਧਰੋਂ ਚਿੰਤਤ ਬੋਲ ਸੁਣਾਈ ਦਿੱਤੇ।

"ਜੀ" ਬੜੀ ਮੁਸ਼ਕਿਲ ਨਾਲ ਉਹ ਇਹ ਕਹਿ ਸਕੀ।

"ਸੁਣੋ, ਕਲ ਦੇ ਅਖ਼ਬਾਰ ਵਿਚ ਸ਼ਾਮ ਪੰਜ ਤੋਂ ਸੱਤ ਦੇ ਵਿਚ ਇਹ ਹਾਦਸਾ ਦੱਸਿਆ ਗਿਆ ਹੈ। ਇਸ ਤੋਂ ਸਾਡੀ ਮੁਸ਼ਕਿਲ ਆਸਾਨ ਹੋ ਗਈ ਹੈ। ਉਸ ਵਕਤ ਕਾਲਜ ਵਿਚ ਪ੍ਰੋਗਰਾਮ ਚੱਲ ਰਿਹਾ ਸੀ। ਇਕ-ਇਕ ਮਿੰਟ ਦੀ ਕਾਰਵਾਈ ਵੀਡੀਓ ਕੈਮਰੇ ਵਿਚ ਕੈਦ ਹੈ। ਤੂੰ ਚਿੰਤਾ ਨਾ ਕਰ, ਮੈਂ ਹੁਣੇ ਵੀਡੀਓ ਕੈਸਿਟ ਮੰਗਵਾ ਕੇ ਤੁਹਾਡੀ ਹਾਜ਼ਰੀ ......"

ਹਰਸ਼ਿਤਾ ਦੇ ਬੇਜਾਨ ਹੱਥਾਂ ਤੋਂ ਫੋਨ ਦਾ ਰਿਸੀਵਰ ਛੁੱਟ ਗਿਆ। ਮੁੱਖ ਅਧਿਆਪਕ ਉਧਰੋਂ ਚਿਲਾਉਂਦਾ ਰਿਹਾ – "ਹੈਲੋ ਹੈਲੋ......"

ਉਥੇ ਹੀ ਸੋਫੇ 'ਤੇ ਬੈਠ ਕੇ ਦੋਨਾਂ ਹੱਥਾਂ ਨਾਲ ਸਿਰ ਫੜ ਲਿਆ ਉਸ ਨੇ।

ਕਿੰਨਾ ਸਰਲ ਸੀ ਬਚਾਉ ਦਾ ਇਹ ਰਸਤਾ। ਪਰ ਇਸ ਛੋਟੇ ਜਿਹੇ ਰਸਤੇ ਨੂੰ ਵੀ ਕਦ ਫੜ ਸਕੀ ਉਹ? ਸਮਾਰੋਹ ਵਾਲੇ ਦਿਨ ਸਵੇਰੇ ਤੋਂ ਹੀ ਸਿਰਦਰਦ ਤੋਂ ਬੇਹਾਲ ਸੀ। ਭਾਬੀ ਨੇ ਟੋਕਿਆ ਵੀ ਸੀ- "ਛੁੱਟੀ ਦੀ ਅਰਜ਼ੀ ਕਿਉਂ ਨਹੀਂ ਭੇਜ ਦਿੰਦੀ?"

"ਪੰਦਰਾਂ ਦਿਨ ਪਹਿਲਾਂ ਹੀ ਨੋਟਿਸ ਨਿਕਲ ਚੁੱਕਾ ਸੀ ਇਕਦਮ ਸਖ਼ਤ ਚੇਤਾਵਨੀ... ਸਭ ਦੀ ਹਾਜ਼ਰੀ ਜ਼ਰੂਰੀ ਹੈ।" ਉਸ ਨੇ ਦੱਸਿਆ ਸੀ।

"ਨੋਟਿਸ ਤਾਂ ਨਿਕਲਦੇ ਹੀ ਰਹਿੰਦੇ ਹਨ, ਪਰ ਬੀਮਾਰ ਹੋਣ ਦੀ ਸਥਿਤੀ ਵਿਚ ਨਿਯਮਾਂ ਨੂੰ ਢਿੱਲਾ ਵੀ ਕੀਤਾ ਜਾ ਸਕਦਾ ਹੈ। ਖੁਦ ਹੀ ਸੋਚੋ, ਤੁਸੀਂ ਅੱਜ ਕਾਲਜ ਜਾਣ ਦੇ ਲਾਇਕ ਹੋ?"

"ਇਕ ਆਦਮੀ ਦੇ ਨਿਯਮ ਤੋੜਨ ਨਾਲ ਅਨੁਸ਼ਾਸਨ ਵਿਗੜਦਾ ਹੈ, ਭਾਬੀ ਅਤੇ ਇਸ ਨੂੰ ਸਾਡੇ ਮੁੱਖ ਅਧਿਆਪਕ ਕਿਸੇ ਵੀ ਹਾਲਤ ਵਿਚ ਸਹਿਣ ਨਹੀਂ ਕਰਨਗੇ।"

"ਦੇਖ ਲੈ, ਕਾਲਜ ਜਾਣ ਦੀ ਹਾਲਤ ਵਿਚ ਹੋ ਵੀ?"

"ਚਲੀ ਜਾਵਾਂਗੀ। ਘੱਟ ਤੋਂ ਘੱਟ ਸਭ ਨੂੰ ਆਪਣਾ ਚਿਹਰਾ ਤਾਂ ਦਿਖਾ ਹੀ ਦੇਵਾਂਗੀ। ਉਸ ਤੋਂ ਬਾਦ

ਮੌਕਾ ਮਿਲਦੇ ਹੀ ਚੁਪਕੇ ਨਾਲ ਖਿਸਕ ਲਵਾਂਗੀ। ਇਕ ਵਾਰ ਪ੍ਰੋਗਰਾਮ ਸ਼ੁਰੂ ਹੋ ਜਾਣ ਤੋਂ ਬਾਦ ਕੋਈ ਇਨਾ ਧਿਆਨ ਨਹੀਂ ਦੇਵੇਗਾ।"

ਅਤੇ ਉਹ ਅਲਮਾਰੀ ਵਿਚੋਂ ਸਾੜ੍ਹੀ ਕੱਢਣ ਲਈ ਅੱਗੇ ਵਧ ਗਈ।

ਕਾਲਜ ਵਿਚ ਸਤਰੰਗੀ ਰੰਗ ਬਿਖਰੇ ਪਏ ਸਨ। ਖੁਸ਼ਬੂਆਂ ਦੀਆਂ ਤਰੰਗਾਂ ਨੂੰ ਜਿਵੇਂ ਸਿਰਫ਼ ਸਪਰੇਅ ਨਹੀਂ ਕੀਤਾ ਗਿਆ ਸੀ, ਸਾਰੀ ਬੋਤਲ ਹੀ ਉਲਟਾ ਦਿੱਤੀ ਗਈ ਸੀ।

ਇਕ ਨਸ਼ਾ ਸਵਾਰ ਸੀ ਸਭ ਦੇ ਉੱਪਰ। ਪਰ ਉਹ ਹੋਰਾਂ ਦੀ ਤਰ੍ਹਾਂ ਹੋਸ਼ ਨਹੀਂ ਗਵਾ ਸਕੀ। ਹਰ ਪਲ ਸਿਰ ਦਰਦ ਹੋਰ ਵਧਦਾ ਜਾ ਰਿਹਾ ਸੀ। ਫਿਰ ਇਵੇਂ ਲੱਗਾ, ਜੀ ਵੀ ਕੱਚਾ ਹੋ ਰਿਹਾ ਹੈ, ਵਧ ਰਹੇ ਉਬੱਤਾਂ ਨੂੰ ਰੋਕਣ ਲਈ ਜੀ ਜਾਨ ਨਾਲ ਕੋਸ਼ਿਸ਼ ਕਰਨ ਲੱਗੀ ਉਹ। ਭਾਰੀ ਕਦਮਾਂ ਨੂੰ ਘਸੀਟਦੇ ਹੋਏ ਚੱਲਣ ਦਾ ਕੰਮ ਜਾਰੀ ਸੀ। ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੀ ਸ਼ਕਲ ਤਾਂ ਦਿਖਾ ਹੀ ਦੇਵਾਂ।

ਕੰਨਾਂ ਵਿਚ ਕੋਈ ਆਵਾਜ਼ ਪੈ ਰਹੀ ਸੀ। ਫੁੱਲਾਂ ਦੇ ਹਾਰ ਕਿੱਥੇ ਹਨ? ਸਾਹਮਣੇ ਰੱਖੋ, ਤਾਂ ਕਿ ਮੁੱਖ ਮਹਿਮਾਨਾਂ ਨੂੰ ਪਵਾਉਂਦੇ ਹੋਏ ਲੱਭਣੇ ਨਾ ਪੈਣ।

"ਉਹੋ, ਮਾਚਸ ਦੀ ਡੱਬੀ ਦਾ ਇੰਤਜ਼ਾਮ ਨਹੀਂ ਕੀਤਾ ਗਿਆ? ਦੀਪ ਜਲਾਉਂਦੇ ਸਮੇਂ ਮੋਮਬੱਤੀ ਕਿਵੇਂ ਜਲਾਵੇਂਗੀ?"

"ਦੇਖੋ, ਸਟੇਜ ਉੱਤੇ ਕਿੰਨੀ ਵੱਡੀ ਭੁੱਲ ਕਰ ਦਿੱਤੀ ਗਈ ਹੈ। ਖਾਲੀ ਗਲਾਸ ਰੱਖੇ ਹਨ, 'ਬਿਸਲੇਰੀ' ਦੀਆਂ ਬੋਤਲਾਂ ਕਿੱਥੇ ਹਨ? ਮਹਿਮਾਨ ਕੀ ਪੀਣਗੇ, ਖਾਕ?"

"ਇਹ ਮੀਟਿੰਗ ਅਰੇਂਜਮੈਂਟ ਕਿਸ ਦੇ ਜ਼ਿੰਮੇ ਹੈ। ਪੱਤਰਕਾਰਾਂ ਨੂੰ ਦੱਸ ਨਾ, ਉਹਨਾਂ ਨੇ ਕਿੱਥੇ ਬੈਠਣਾ ਹੈ?"

"ਉਹੋ ਮੁੱਖ ਮਹਿਮਾਨ ਦੀ ਗੱਡੀ ਆ ਗਈ ਅਤੇ ਵੀਡਿਉ ਰਿਕਾਰਡਰ ਦਾ ਕੋਈ ਪਤਾ ਨਹੀਂ। ਕਿਵੇਂ ਕੰਮ ਚੱਲੇਗਾ?"

ਇਸ ਬਾਅਦ ਵਾਲੇ ਝੁੰਝਲਾਹਟ ਭਰੇ ਬੋਲਾਂ ਦੇ ਜਵਾਬ ਵਿਚ ਪਿੱਛੋਂ ਤੋਂ ਆਉਂਦੀ ਇਕ ਆਵਾਜ਼ ਸੁਣੀ ਸੀ। ਉਸਨੇ ..... " ਮੈਂ ਹਾਜ਼ਰ ਹਾਂ ਜੀ।"

ਪਹਿਲੀ ਆਵਾਜ਼ ਦੀ ਖਿੱਝ ਦੁਗਣੀ ਹੋ ਉੱਠੀ ਸੀ- "ਤੁਹਾਨੂੰ ਸ਼ਾਮ ਚਾਰ ਵਜੇ ਦਾ ਸਮਾਂ ਦਿੱਤਾ ਸੀ ਜਨਾਬ। ਹੁਣ ਪੰਜ ਵਜੇ ਪਧਾਰ ਰਹੇ ਹੋ। ਜਾਉ ਜਲਦੀ ਗੇਟ ਉੱਤੇ ਪਹੁੰਚੋ। ਮੁੱਖ ਮਹਿਮਾਨ ਜੀ ਗੱਡੀ ਤੋਂ ਉਤਰ ਰਹੇ ਹਨ, ਉਨ੍ਹਾਂ ਨੂੰ ਦੇਖੋ।"

ਇਧਰ ਉਤਸਵ ਦਾ ਦੌਰ ਸੀ। ਉਧਰ ਉਹ ਆਪਣੇ ਸਿਰਦਰਦ ਤੋਂ ਬੇਹਾਲ ਸੀ।

ਅੱਖਾਂ ਸਭ ਕੁਝ ਦੇਖਦਿਆਂ ਹੋਇਆਂ ਵੀ ਕੁਝ ਨਹੀਂ ਦੇਖ ਰਹੀਆਂ ਸਨ। ਕੰਨ ਵੀ ਸਭ ਕੁਝ ਸੁਣਨ ਤੋਂ ਬਾਅਦ ਕੁਝ ਨਹੀਂ ਸੁਣ ਰਹੇ ਸਨ। ਦਿਮਾਗ ਸਭ ਕੁਝ ਸਮਝਦੇ ਹੋਏ ਵੀ ਕੁਝ ਨਹੀਂ ਸਮਝ ਰਿਹਾ ਸੀ। ਸਾਰੀਆਂ ਚੀਜ਼ਾਂ ਉੱਤੇ ਭਾਰੀ ਹੁੰਦਾ ਹੋਇਆ ਸਿਰਫ਼ ਇਕ ਅਹਿਸਾਸ ਸੀ – ਉਫ, ਇਹ ਸਿਰਦਰਦ ਨਾਲ ਫੱਟਦਾ ਹੋਇਆ ਸਿਰ।

ਨਹੀਂ, ਹੁਣ ਤਾਂ ਹੋਰ ਠਹਿਰਨਾ ਮੁਸ਼ਕਿਲ ਸੀ ਉਸਦੇ ਲਈ। ਕਿਤੇ ਇੱਥੇ ਹੀ ਉਲਟੀ ਨਾ ਆ ਜਾਵੇ।

ਪ੍ਰੋਗਰਾਮ ਸ਼ੁਰੂ ਹੁੰਦੇ ਹੀ ਉਹ ਹਾਲ ਵਿਚੋਂ ਕੋਣੇ ਵਾਲੇ ਦਰਵਾਜ਼ੇ ਤੋਂ ਖਿਸਕ ਗਈ। ਮਾਈਕ ਉੱਤੇ ਐਲਾਨ ਹੋ ਰਿਹਾ ਸੀ- ਅੱਜ ਇਥੇ ਇਸ ਹਾਲ ਵਿਚ ਤੁਹਾਡਾ ਸਵਾਗਤ ਹੈ।

'ਢੱਠੇ ਖੂਹ ਵਿਚ ਪਿਆ ਸਵਾਗਤ!'

ਉਹ ਇਸ ਭੀੜ ਤੋਂ ਦੂਰ ਕਿਸੇ ਐਸੀ ਸ਼ਾਂਤ ਜਗ੍ਹਾ ਦੀ ਤਲਾਸ਼ ਵਿਚ ਸੀ, ਜਿੱਥੇ ਮਾਈਕ ਦਾ ਕੰਨ ਫਾੜਨ ਵਾਲਾ ਸ਼ੋਰ ਉਸਦੇ ਦਿਮਾਗ ਦੀਆਂ ਨਸਾਂ ਨੂੰ ਹੋਰ ਜ਼ਿਆਦਾ ਤਾਰ-ਤਾਰ ਨਾ ਕਰ ਸਕੇ।

ਇਮਾਰਤ ਦੇ ਆਖ਼ਰੀ ਹਿੱਸੇ ਵਿਚ ਬਣੇ ਇਕ ਖਾਲੀ ਕਮਰੇ ਵਿਚ ਪਹੁੰਚ ਕੇ ਪਤਾ ਨਹੀਂ ਕਦੋਂ ਤੱਕ ਮੱਥੇ 'ਤੇ ਰੁਮਾਲ ਬੰਨ੍ਹ ਕੇ, ਡੈਸਕ ਉਪਰ ਸਿਰ ਟਿਕਾ ਕੇ ਬੈਠੀ ਰਹੀ ਸੀ। ਕਿੰਨਾ ਜੀ ਕਰ ਰਿਹਾ ਸੀ ਕਿ ਦੋ ਘੁੱਟ ਪਾਣੀ ਮਿਲ ਜਾਵੇ ਤਾਂ ਗਲਾ ਗਿੱਲਾ ਕਰ ਲਵੇ। ਪਰ ਪਾਣੀ ਦੀ ਬੋਤਲ ਨਾਲ ਨਹੀਂ ਸੀ ਅਤੇ ਉਠ ਕੇ ਪਾਣੀ ਲੱਭਣ ਦੀ ਹਿੰਮਤ ਨਹੀਂ ਸੀ। ਉਹ ਸੁੰਨਸਾਨ ਜਗਾ ਵਿਚ ਆਵਾਜ਼ ਦਿੰਦੀ ਵੀ ਤਾਂ ਕਿਸਨੂੰ। ਸਾਰੇ ਚਪੜਾਸੀ ਉਸ ਸਮਾਰੋਹ ਵਿਚ ਡਿਊਟੀ ਕਰ ਰਹੇ ਸਨ।

ਵਿਚੋਂ-ਵਿਚੋਂ ਹਵਾ ਦੀਆਂ ਲਹਿਰਾਂ ਉੱਤੇ ਤੈਰਦੇ ਸ਼ਬਦ ਕੰਨਾਂ ਵਿਚ ਪੈ ਜਾਂਦੇ। ਮਤਲਬ ਭਾਸ਼ਣ ਅਜੇ ਚੱਲ ਰਿਹਾ ਹੈ। ਫਿਰ ਘੁੰਗਰੂਆਂ ਦੀ ਛਣ-ਛਣ ਆਵਾਜ਼ ਕੰਨਾਂ ਵਿਚ ਪਈ। ਇਹ ਸੰਸਕ੍ਰਿਤਕ ਪ੍ਰੋਗਰਾਮ ਦੇ ਸ਼ੁਰੂ ਹੋ ਜਾਣ ਦਾ ਸੰਕੇਤ ਸੀ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਹੁਣ ਖੜ੍ਹੀ ਹੋਵੇ ਤੇ ਬੱਚਿਆਂ ਦੇ ਨਾਚ-



ਗਾਣੇ ਦੇ ਪ੍ਰੋਗਰਾਮ ਵਿਚ ਆਪਣੀ ਪੀੜ ਨੂੰ ਭੁੱਲਣ ਦੀ ਕੋਸ਼ਿਸ਼ ਕਰੇ। ਪਰ ਸਰੀਰ ਨੇ ਸਾਥ ਨਹੀਂ ਦਿੱਤਾ। ਸਿਰਫ਼ ਇਨਾ ਸੋਚ ਸਕੀ ਉਹ ਕਿ ਪ੍ਰੋਗਰਾਮ ਦੇ ਖ਼ਤਮ ਹੋਣ ਤੋਂ ਬਾਦ ਉਸ ਨੂੰ ਹਰ ਹਾਲਤ ਵਿਚ ਉੱਠਣਾ ਹੈ। ਅਗਰ ਇਥੇ ਹੀ ਬੈਠੀ ਰਹੀ ਤਾਂ ਉਥੋਂ ਸਭ ਦੇ ਚਲੇ ਜਾਣ 'ਤੇ ਮੇਨ ਗੇਟ ਬੰਦ ਹੋ ਗਿਆ ਤਾਂ ਕੀ ਕਰੇਗੀ?

ਅਤੇ ਆਪਣੇ ਜਵਾਬ ਦਿੰਦੇ ਸਰੀਰ ਦੇ ਸਹਾਰੇ ਉਸ ਨੇ ਇਹ ਕਿਲ੍ਹਾ ਜਿੱਤ ਹੀ ਲਿਆ ਸੀ। ਪ੍ਰੋਗਰਾਮ ਸਮਾਪਤ ਹੋਣ ਤੋਂ ਬਾਅਦ ਭੀੜ ਦੇ ਨਾਲ ਬਾਹਰ ਨਿਕਲਣ ਦੀ ਫੁਰਤੀ ਦਿਖਾ ਦਿੱਤੀ ਸੀ। ਉਹ ਗੱਲ ਹੋਰ ਹੈ ਕਿ ਘਰ ਜਾਣ ਤੋਂ ਬਾਦ ਦੋ ਉਲਟੀਆਂ ਆ ਜਾਣ ਤੋਂ ਬਾਅਦ ਸਿਰਦਰਦ ਕਾਬੂ ਵਿਚ ਆ ਗਿਆ ਸੀ ਅਤੇ ਅਗਲੀ ਸਵੇਰੇ ਕਾਲਜ ਜਾਂਦੇ ਸਮੇਂ ਤਾਂ ਉਹ ਪਿਛਲੇ ਦਿਨ ਦੀ ਭਿਆਨਕ ਸ਼ਾਮ ਨੂੰ ਇਕਦਮ ਭੁੱਲ ਚੁੱਕੀ ਸੀ। ਪ੍ਰਭਾ ਜੀ ਨੇ ਉਸ ਨੂੰ ਸਵੇਰ ਦੀਆਂ ਖ਼ਬਰਾਂ ਸੁਣਾ ਕੇ ਸਮਾਰੋਹ ਦੀਆਂ ਯਾਦਾਂ ਨਾਲ ਜੋੜਿਆ ਸੀ।

"ਸਾਫ ਲਿਖਿਆ ਹੈ ਸ਼ਹਿਰ ਦੇ ਇਕ ਇੰਟਰ ਕਾਲਜ ਦੇ ਪੁਰਾਣੇ ਵਿਦਿਆਰਥੀ ਸੰਮੇਲਨ ਦੇ ਦੌਰਾਨ ਇਕ ਜਵਾਨ ਅਤੇ ਖ਼ੂਬਸੂਰਤ ਅਧਿਆਪਕਾ ਦੇ ਨਾਲ ਗੈਂਗਰੇਪ ਦਾ ਹਾਦਸਾ ਹੋਇਆ।"

ਗੈਂਗਰੇਪ ਦਾ ਹਾਦਸਾ?

ਅਤੇ ਇਸ ਹਾਦਸੇ ਨਾਲ ਉਸੇ ਦਾ ਨਾਮ ਜੁੜਿਆ ਹੋਇਆ ਹੈ। ਕੱਲ ਕਦੋਂ ਸਮਝ ਪਾਈ ਸੀ ਉਹ?

ਸੋਫੇ 'ਤੇ ਬੈਠੀ ਹਰਸ਼ਿਤਾ ਨੇ ਦੋਵੇਂ ਹੱਥਾਂ ਨਾਲ ਆਪਣੇ ਮੋਢੇ ਨੂੰ ਦਬਾਇਆ। ਕੀ ਅਖ਼ਬਾਰ ਦੇ ਦਫ਼ਤਰ ਫੋਨ ਕਰੇ ਉਹ? ਪੁੱਛੇ, ਤੁਸੀਂ ਇਸ ਤਰ੍ਹਾਂ ਮੇਰਾ ਅਪਮਾਨ ਕਰਨ ਦੀ ਜੁੱਅਰਤ ਕਿਵੇਂ ਕੀਤੀ? ਜਾਂ ਫਿਰ ਆਪਣੀ ਇੱਜ਼ਤ ਨੂੰ ਮੁੱਦਾ ਬਣਾ ਕੇ ਦੌੜੀ ਜਾਵੇ ਪੁਲਿਸ ਦੇ ਕੋਲ? ਪ੍ਰਸ਼ਾਸਨ ਦੇ ਕੋਲ ਨਿਆਂ ਦੇ ਦਰਵਾਜ਼ੇ 'ਤੇ?

ਪਤਾ ਨਹੀਂ ਕਦ ਭਰਾ ਉਸਦੇ ਕੋਲ ਆ ਕੇ ਖੜ੍ਹਾ ਹੋ ਗਿਆ ਸੀ।

ਪੁੱਛ ਰਿਹਾ ਸੀ "ਉਸ ਦਿਨ ਕੋਈ ਖਾਸ ਘਟਨਾ ਘਟੀ ਸੀ ਹਰਸ਼ੀ? ਕਿਸੇ ਨਾਲ ਕੋਈ ਕਿਹਾ-ਸੁਣੀ?"

"ਨਹੀਂ ਵੀਰ, ਮੈਂ ਤਾਂ ਬੀਮਾਰ ਸੀ। ਇਕ ਕਮਰੇ ਵਿਚ ਸਭ ਤੋਂ ਅਲੱਗ ਹੀ ਬੈਠੀ ਰਹੀ ਸੀ।"

"ਸਮਝ ਵਿਚ ਨਹੀਂ ਆਉਂਦਾ .........।"

"ਉਹੀ ਤਾਂ " ਉਹ ਵੀ ਕੀ ਕਹਿ ਸਕਦੀ ਸੀ?

"ਅੱਜ ਕਾਲਜ ਜਾਵੇਂਗੀ?"

" ਦੇਰ ਤਾਂ ਬਹੁਤ ਹੋ ਚੁੱਕੀ ਹੈ,ਪਰ ਜਾਵਾਂਗੀ, ਤਾਂ ਕਿ ਕੋਈ ਇਹ ਨਾ ਸੋਚੇ ਕਿ ਸੱਚ ਵਿਚ ਇਵੇਂ ਹੀ ਹੋਇਆ ਹੋਵੇਗਾ। ਤਦ ਹੀ ਦੁਨੀਆ ਤੋਂ ਮੂੰਹ ਛਿਪਾ ਰਹੀ ਹੈ।"

"ਸ਼ਾਬਾਸ਼, ਹਰਸ਼ੀ ਤੇਰੇ ਤੋਂ ਇਸੇ ਬਹਾਦਰੀ ਦੀ ਉਮੀਦ ਸੀ।" ਵੀਰ ਨੇ ਉਸਦੀ ਪਿੱਠ ਥਪਥਪਾਈ।

ਇਕ ਜੋਸ਼ ਵਿਚ ਚਲੀ ਤਾਂ ਗਈ ਉਹ ਕਾਲਜ, ਪਰ ਬੁਝੇ ਹੋਏ ਮਨ ਨੂੰ ਦੂਸਰਿਆਂ ਦੀਆਂ ਨਜ਼ਰਾਂ ਤੋਂ ਨਾ ਛੁਪਾ ਸਕੀ। ਸ਼ੁਕਰ ਸੀ ਕਲਾਸਾਂ ਚੱਲ ਰਹੀਆਂ ਸਨ। ਅਧਿਆਪਕ ਆਪਣੇ-ਆਪਣੇ ਘੁਰਨਿਆਂ ਵਿਚ ਘੁਸਰ-ਮੁਸਰ ਕਰ ਰਹੇ ਸਨ। ਹਾਂ, ਮੁੱਖ ਅਧਿਆਪਕ ਜ਼ਰੂਰ ਉਸ ਨੂੰ ਦੇਖ ਕੇ ਪ੍ਰੇਸ਼ਾਨ ਆਵਾਜ਼ ਵਿਚ ਬੋਲੇ - "ਇਹ ਕੈਸਾ ਗੋਰਖ ਧੰਦਾ ਹੈ ਹਰਸ਼ਿਤਾ? ਤੂੰ ਉਸ ਸ਼ਾਮ ਆਈ ਸੀ, ਇਸ ਦੀ ਗਵਾਹੀ ਸਭ ਲੋਕ ਦੇ ਰਹੇ ਹਨ। ਮੈਂ ਖੁਦ ਤੈਨੂੰ ਆਪਣੀਆਂ ਅੱਖਾਂ ਨਾਲ ਹਾਲ ਵਿਚ ਦੇਖਿਆ ਸੀ। ਵੀਡੀਉ ਫਿਲਮ ਵਿਚ ਤੇਰੀ ਪਰਛਾਈਂ ਤੱਕ ਨਹੀਂ ਹੈ।"

ਉਸ ਨੇ ਜਿਵੇਂ ਇਕ ਸੱਚਾਈ ਪੇਸ਼ ਕੀਤੀ। ਮੁੱਖ ਅਧਿਆਪਕ ਨੇ ਹੱਥ ਮਲੇ ....... "ਮੈਂ ਸਮਝ ਗਿਆ। ਕੋਨੇ ਵਾਲੇ ਕਮਰੇ ਦੀ ਮੇਜ਼ ਕੁਰਸੀਆਂ ਉੱਥੇ ਬੈਠੇ ਰਹਿਣ ਦਾ ਸਬੂਤ ਹੈ, ਪਰ ਬਦਕਿਸਮਤੀ ਨਾਲ ਉਹ ਬੋਲ ਨਹੀਂ ਸਕੀ।"

"ਜੀ ਹਾਂ"

"ਤੁਹਾਨੂੰ ਇਕ ਕੰਮ ਕਰਨਾ ਪਵੇਗਾ ਹਰਸ਼ਿਤਾ। ਪ੍ਰੈਸ ਕਾਨਫਰੰਸ ਬੁਲਾ ਕੇ ਆਪਣੀ ਬੇਗੁਨਾਹੀ ਦੱਸਣੀ ਹੋਵੇਗੀ।"

"ਲੇਕਿਨ ਸਰ ਲੰਬੀ ਚੌੜੀ ਕਹਾਣੀ ਸਭ ਨੂੰ ਸੁਣਾਉਣ ਨਾਲ ਕੀ ਫਾਇਦਾ? ਬਿਨਾਂ ਸਬੂਤ ਦੇ ਕੌਣ ਯਕੀਨ ਕਰੇਗਾ?"

"ਹਰਸ਼ਿਤਾ, ਸਵੇਰ ਤੋਂ ਇਥੇ ਲਗਾਤਾਰ ਫੋਨ ਆ ਰਹੇ ਹਨ। ਕਿਉਂਕਿ ਗੈਂਗਰੇਪ ਨਾਲ ਇਸ ਕਾਲਜ ਦਾ ਨਾਂ ਜੁੜਿਆ ਹੈ। ਇਸ ਲਈ ਲੋਕ ਇਸ ਵਿਸ਼ੇ ਉੱਤੇ ਕਾਲਜ ਦੀ ਪ੍ਰਤੀਕ੍ਰਿਆ ਜਾਣਨਾ ਚਾਹੁੰਦੇ ਹਨ ਅਤੇ ਉਹ ਤੇਰੇ ਤੋਂ ਜ਼ਿਆਦਾ ਕੌਣ ਦੱਸ ਸਕਦਾ ਹੈ।"

"ਸਰ ਮੇਰੇ ਕੋਲ ਸਮਾਚਾਰ ਦੇ ਖੰਡਨ ਦੇ ਇਕ ਵਾਕ ਤੋਂ ਬਿਨਾਂ ਕੁਝ ਹੋਰ ਕਹਿਣ ਦੇ ਲਈ ਨਹੀਂ ਹੈ।"

"ਤਾਂ ਉਸੇ ਵਾਕ ਨੂੰ ਸਭ ਦੇ ਸਾਹਮਣੇ ਕਹਿ ਦੇਵੋ।" ਘੱਟ ਤੋਂ ਘੱਟ ਵਿਅੰਗਾਂ ਅਤੇ ਅਫ਼ਵਾਹਾਂ 'ਤੇ ਤਾਂ ਰੋਕ ਲੱਗੇਗੀ।"

"ਠੀਕ ਹੈ, ਸਰ।"

"ਦੁਪਹਿਰੇ ਇਕ ਵਜੇ ਕਾਲਜ ਦੀ ਛੁੱਟੀ ਹੋ ਜਾਵੇਗੀ। ਮੈਂ ਦੋ ਵਜੇ ਦਾ ਸਮਾਂ ਸਭ ਨੂੰ ਦੇ ਦਿੰਦਾ ਹਾਂ।"

"ਠੀਕ ਹੈ ਸਰ, ਤੁਸੀਂ ਕਹੋ ਤਾਂ ਮੈਂ ਘਰ ਫੋਨ ਕਰਕੇ ਆਪਣੇ ਪਾਪਾ ਅਤੇ ਵੀਰੇ ਨੂੰ ਵੀ ਉਸ ਸਮੇਂ ਬੁਲਾ ਲਵਾਂ।"

"ਇਹ ਤਾਂ ਹੋਰ ਵੀ ਚੰਗਾ ਹੋਵੇਗਾ।" ਮੁੱਖ ਅਧਿਆਪਕ ਨੇ ਹਾਂ ਵਿਚ ਹਾਂ ਮਿਲਾਈ।

ਛੁੱਟੀ ਤੋਂ ਬਾਦ ਸਾਰੇ ਲੋਕ ਉਸੇ ਹਾਲ ਵਿਚ ਇਕੱਠੇ ਹੋਏ। ਜਿੱਥੇ ਦੋ ਦਿਨ ਪਹਿਲਾਂ ਇਕ ਉਤਸਵ ਸ਼ਾਮ ਨੇ ਰਿਮਝਿਮ ਰਸ ਵਰਸਾਇਆ ਸੀ। ਬੱਚਿਆਂ ਨੂੰ ਘਰ ਭੇਜ ਦਿੱਤਾ ਗਿਆ, ਪਰ ਪੂਰਾ ਸਟਾਫ਼ ਅੱਜ ਵੀ ਮੌਜੂਦ ਸੀ। ਹਰਸ਼ਿਤਾ ਨੇ ਮਹਿਸੂਸ ਕੀਤਾ, ਦੂਸਰੇ ਲੋਕ ਉਸਦੇ ਪ੍ਰਤੀ ਸਹਿਜ ਨਹੀਂ ਸਨ। ਇਕ ਅਜੀਬ ਜਿਹਾ ਬਨਾਵਟੀ ਵਿਹਾਰ, ਜਿਸ ਵਿਚ ਆਪਣੇਪਨ ਦੀ ਜਾਣੀ-ਪਹਿਚਾਣੀ ਸ਼ਕਤੀ ਨਾ-ਮਾਤਰ ਵੀ ਨਹੀਂ। ਪੁਰਸ਼ ਉਸ ਨਾਲ ਬੋਲਣ, ਗੱਲਾਂ ਕਰਨ ਤੋਂ ਝਿਜਕ ਰਹੇ ਸਨ ਅਤੇ ਔਰਤਾਂ ਉਸਤੋਂ ਇਕ ਦੂਰੀ ਰੱਖ ਰਹੀਆਂ ਸਨ। ਜੇ ਕੋਲ ਆਉਂਦੀ ਵੀ ਸੀ, ਉਹ ਤਰਸ ਦਿਖਾਉਣ ਦੇ ਭਾਵ ਨਾਲ। ਸਭ ਦੀਆਂ ਨਿਗਾਹਾਂ ਵਿੱਚ ਇਕ ਦਮ 'ਵਿਚਾਰੀ' ਹੋ ਉੱਠੀ ਸੀ ਉਹ।

ਇਸ ਸਥਿਤੀ ਦੇ ਪ੍ਰਤਿ ਵਿਦਰੋਹ ਕਰ ਉਠਿਆ ਹਰਸ਼ਿਤਾ ਦਾ ਮਨ। ਪਰ ਅਜੇ ਕਿਸੇ ਨੂੰ ਕਹਿਣ ਸੁਣਨ ਦਾ ਸਮਾਂ ਨਹੀਂ ਸੀ। ਇਕ ਹੋਰ ਅਜਨਬੀ ਭੀੜ ਉਸਦੇ ਆਲੇ-ਦੁਆਲੇ ਇਕੱਠੀ ਹੋ ਗਈ ਸੀ।

ਇਸ ਭੀੜ ਵਿਚ ਪੁਲਿਸ ਪ੍ਰਸ਼ਾਸਨ, ਮੀਡੀਆ ਅਤੇ ਸਮਾਜ ਸੇਵੀ ਸੰਗਠਨ ਨਾਲ ਜੁੜੇ ਪ੍ਰਤੀਨਿਧ ਹੀ ਨਹੀਂ, ਅਜਿਹਾ ਤਮਾਸ਼ਾ ਦੇਖਣ ਵਾਲੇ ਵੀ ਬੜੀ ਬੇਰਹਿਮੀ ਨਾਲ ਆ ਜੁੜੇ ਸਨ। ਸਾਰੇ ਉਸ ਮਸਾਲੇ ਚਾਟ ਦਾ ਮਜ਼ਾ ਉਠਾਉਣ ਦੇ ਲਈ ਬੇਤਾਬ ਦਿਖਾਈ ਦੇ ਰਹੇ ਸਨ ਜੋ ਕਥਾ 'ਗੈਂਗਰੇਪ ਕਾਂਡ' ਦੇ ਟੋਕਰੇ ਵਿਚ ਧਰ ਕੇ ਸਵੇਰੇ ਉਹਨਾਂ ਨੂੰ ਫੜਾਇਆ ਸੀ।

ਸ਼ਿਕਾਰੀ ਕੁੱਤਿਆ ਦਾ ਭਰਿਆ ਪੂਰਾ ਹਜੂਮ ਸੀ ਉਹ ਜੋ ਮੇਮਣੇ ਦੇ ਨਰਮ ਮਾਸ ਦੀ ਖੁਸ਼ਬੂ ਨੂੰ ਆਇਆ ਸੀ। ਇਕਦਮ ਹਿੰਸਾ ਦੇ ਅੰਦਾਜ਼ ਵਿਚ 'ਸ਼ਿਕਾਰ' ਉੱਤੇ ਟੁੱਟਣ ਦੀ ਬੇਚੈਨੀ ਨਾਲ ਭਰਿਆ ਹੋਇਆ।

ਪਰ ਹਰਸ਼ਿਤਾ ਭੀੜ ਤੋਂ ਘਬਰਾਈ ਨਹੀਂ। ਉਸ ਨੇ ਬਹਾਦਰੀ ਨਾਲ ਆਪਣੀ ਸਾਰੀ ਸਫ਼ਾਈ ਦਿੱਤੀ- ਸਵੇਰ ਦਾ ਅਖ਼ਬਾਰ ਸਭ ਨੇ ਦੇਖਿਆ ਹੋਵੇਗਾ, ਮੈਂ ਹਰਸ਼ਿਤਾ ਉਸ ਵਿਚ ਛਪੀ ਝੂਠੀ ਅਤੇ ਬੇਬੁਨਿਆਦੀ ਖ਼ਬਰ ਦਾ ਪੂਰੀ ਤਰ੍ਹਾਂ ਖੰਡਨ ਕਰਦੀ ਹਾਂ। ਉਸ ਖ਼ਬਰ ਦਾ ਇਕ-ਇਕ ਸ਼ਬਦ ਬਿਲਕੁਲ ਬਕਵਾਸ ਹੈ। ਕ੍ਰਿਪਾ ਕਰਕੇ ਤੁਸੀਂ ਮੇਰੇ ਸ਼ਬਦਾਂ ਨੂੰ ਨੋਟ ਕਰੋ।"

ਇੰਨਾ ਕਹਿ ਕੇ ਉਹ ਹਾਲ ਤੋਂ ਜਾਣ ਲੱਗੀ ਕਿ 'ਠਹਿਰੋ' 'ਜ਼ਰਾ ਠਹਿਰੋ' ਅਤੇ 'ਪਲੀਜ਼ ਵਨ ਮਿੰਟ' ਦੇ ਸ਼ਬਦਾਂ ਦੀਆਂ ਜ਼ੰਜੀਰਾਂ ਨੇ ਉਸਦੇ ਪੈਰ ਬੰਨ੍ਹ ਦਿੱਤੇ।

ਹੁਣ ਭੀੜ ਵਿਚ ਘਿਰੀ ਉਹ ਬੇਸਹਾਰਾ ਲੜਕੀ ਸੀ ਅਤੇ ਉਸ ਉੱਤੇ ਟਿਕੀਆਂ ਸੈਕੜਾਂ ਅੱਖਾਂ ਸਨ। ਤੀਰ ਦੀ ਤਰ੍ਹਾਂ ਵਿੰਨ੍ਹਦੀਆਂ ਹੋਈਆਂ ਨਜ਼ਰਾਂ। ਉਸਦੇ ਸਰੀਰ ਦੇ ਖੁੱਲ੍ਹੇ ਢੱਕੇ ਹਿੱਸੇ ਨੂੰ ਚੀਰਦੀਆਂ ਹੋਈਆਂ ਨਜ਼ਰਾਂ। ਉਹ ਨਜ਼ਰਾਂ ਉਸਦੇ ਸਰੀਰ ਉੱਤੇ ਸਮੂਹਿਕ ਬਲਾਤਕਾਰ ਦੇ ਚਿੰਨ੍ਹ ਖੋਜਣਾ ਚਾਹੁੰਦੀਆਂ ਸਨ। ਨੋਚ ਖਸੋਟ, ਸਰੀਰ ਉੱਤੇ ਝਰੀਟਾਂ, ਨੀਲ ਅਤੇ ਨਾ ਜਾਣੇ ਕਿਸ-ਕਿਸ ਰੂਪਾਂ ਵਿਚ।

ਉਸਦੇ ਠਹਿਰ ਜਾਣ ਉਤੇ ਇਕ ਪੱਤਰਕਾਰ ਨੇ ਜਲਦੀ ਨਾਲ ਪੁੱਛਿਆ "ਮੈਡਮ ਤੁਸੀਂ ਤਾਂ ਖ਼ਬਰ ਦਾ ਖੰਡਨ ਬੜੀ ਆਸਾਨੀ ਨਾਲ ਕਰ ਦਿੱਤਾ, ਪਰ ਜਾਣਦੇ ਹੋ? ਸਵੇਰੇ ਦੇ ਅਖ਼ਬਾਰ ਕੋਲ ਹਾਦਸੇ ਦੇ ਪ੍ਰਮਾਣਕ ਸਬੂਤ ਹਨ।

"ਕੀ ਹੈ ਉਹ ਸਬੂਤ? ਤੁਸੀਂ ਦੇਖੇ ਹਨ ਉਹ ਸਬੂਤ?" ਉਹ ਗੁੱਸੇ ਵਿਚ ਬੋਲੀ।

"ਅਖ਼ਬਾਰ ਦਾ ਦਾਅਵਾ ਹੈ ਕਿ ਉਹ ਸਹੀ ਵਕਤ 'ਤੇ ਹੀ ਉਨ੍ਹਾਂ ਨੂੰ ਪੇਸ਼ ਕਰੇਗੀ। ਕਿਉਂਕਿ ਇਕ ਜ਼ਿੰਮੇਦਾਰ ਅਖ਼ਬਾਰ ਐਸਾ ਕਹਿ ਰਿਹਾ ਹੈ। ਸਾਨੂੰ ਉਸ ਦੀ ਗੱਲ ਉੱਤੇ ਯਕੀਨ ਕਰਨਾ ਚਾਹੀਦਾ ਹੈ।" ਦੂਸਰਾ ਪੱਤਰਕਾਰ ਬੋਲ ਉੱਠਿਆ।

ਪਲ ਭਰ ਵਿਚ ਉਹ ਸਮਝ ਨਹੀਂ ਸਕੀ ਕਿ ਕੀ ਕਹੇ? ਜ਼ਬਰਦਸਤੀ ਥੋਪੇ ਜਾਣ ਵਾਲੇ ਆਰੋਪ ਦਾ ਖੰਡਨ ਕਿਨ੍ਹਾਂ ਸ਼ਬਦਾਂ ਨਾਲ ਕਰੇ? ਉਸਦੀ ਪਲ ਭਰ ਦੀ ਦੁਬਿਧਾ ਦਾ ਲਾਭ ਉਠਾਉਂਦੇ ਹੋਏ ਮੀਡੀਆ ਉਸ



ਉੱਤੇ ਟੁੱਟ ਪਿਆ।

ਸ਼ਾਇਦ ਉਹ ਟੈਲੀਵਿਜ਼ਨ ਦੇ ਕਿਸੇ ਚੈਨਲ ਦਾ ਡਾਇਰੈਕਟਰ ਸੀ, ਜਲਦੀ ਨਾਲ ਬੋਲਿਆ - "ਮੈਡਮ ਉਹ ਲੋਕ ਆਪ ਨੂੰ ਫੁਸਲਾ ਕੇ, ਡਰਾ-ਧਮਕਾ ਕੇ ਜਾਂ ਬਰਜ਼ੋਰੀ ਗੱਡੀ ਵਿਚ ਪਾ ਕੇ ਲੈ ਗਏ ਸੀ?"

"ਗੱਡੀ, ਕਿਹੜੀ ਸੀ ਮੈਡਮ?" ਅਖ਼ਬਾਰ ਨੇ ਦੱਸਿਆ ਹੈ 'ਟਾਟਾ ਸੂਮੋ' ਸਹੀ ਨਾਮ ਹੈ?" ਪਹਿਲੇ ਪ੍ਰਸ਼ਨ ਦੀ ਪੂਛ ਪਕੜ ਕੇ ਦੂਸਰਾ ਵੀ ਦਰਿਆ ਵਿਚ ਕੁੱਦ ਪਿਆ।

ਹਰਸ਼ਿਤਾ ਚੁੱਪ ਰਹੀ।

ਤੀਸਰੇ ਨੇ ਗਰਦਨ ਉੱਚੀ ਕੀਤੀ "ਕਿੰਨੇ ਲੜਕੇ ਸੀ ਮੈਡਮ? ਉਮਰ ਅੰਦਾਜ਼ਨ ਕੀ ਰਹੀ ਹੋਵੇਗੀ?"

ਹਰਸ਼ਿਤਾ ਖਾਮੋਸ਼ ਸੀ।

ਪਿੱਛੋਂ ਇਕ ਆਵਾਜ਼ ਆਈ "ਕੀ ਤੁਸੀਂ ਉਨ੍ਹਾਂ ਦਾ ਪ੍ਰਤੀਰੋਧ ਕੀਤਾ ਸੀ? ਸੱਟ-ਫੇਟ ਤਾਂ ਜ਼ਰੂਰ ਆਈ ਹੋਵੇਗੀ। ਦੱਸੋ ਕਿੱਥੇ ਕਿੱਥੇ?"

"ਕਿਹਾ ਨਾ, ਇਸ ਬੇਹੂਦਾ ਬਕਵਾਸ ਵਿਚ ਜ਼ਰਾ ਵੀ ਸੱਚਾਈ ਨਹੀਂ ਹੈ।" ਹਰਸ਼ਿਤਾ ਖਿੱਝ ਉਠੀ।

"ਸੱਚਾਈ ਹੋਣੀ ਚਾਹੀਦੀ ਹੈ, ਮੈਡਮ! ਆਖ਼ਿਰ ਅਖ਼ਬਾਰ ਦੇ ਕੋਲ ਪ੍ਰਮਾਣਿਤ ਸਬੂਤ ਹੈ।" ਕਿਸੇ ਨੌਜਵਾਨ ਨੇ ਚੁਸਕੀ ਲਿੱਤੀ।

ਅਗਲਾ ਉਸ ਤੋਂ ਵੀ ਚੜ੍ਹ ਕੇ ਨਿਕਲਿਆ, ਬੋਲਿਆ- "ਅਖ਼ਬਾਰ ਦੇ ਕੁਝ ਦੱਸਣ ਤੋਂ ਪਹਿਲਾਂ ਹੀ ਘਟਨਾ ਕ੍ਰਮ ਉੱਤੇ ਪ੍ਰਕਾਸ਼ ਪਾਉ ਨਾ। ਦੱਸੋ, ਉਸ ਸ਼ਾਮ ਕੀ ਘਟਿਆ ਸੀ? ਕਿੰਨੀ ਦੇਰ ਤੁਸੀਂ ਚੰਡਾਲ ਚੌਂਕੜੀ ਦੇ ਸ਼ਿਕੰਜੇ ਵਿਚ ਰਹੇ। ਤੁਹਾਡੀਆਂ ਚੋਟਾਂ ਦਾ ਇਲਾਜ ਕਿਸ ਨਰਸਿੰਗ ਹੋਮ ਵਿਚ ਹੋਇਆ? ਹੈਵਾਨੀਅਤ ਨਾਲ ਉਨ੍ਹਾਂ ਨੇ ਤੁਹਾਡੇ ਕੋਮਲ ਅੰਗਾਂ ............"

ਭੀੜ ਵਿਚ ਫਸੇ ਪਾਪਾ ਅਤੇ ਵੀਰ ਹੁਣ ਤੱਕ ਧੱਕਾ ਮੁੱਕੀ ਕਰਦੇ ਹੋਏ ਉਸਦੇ ਕੋਲ ਪਹੁੰਚ ਗਏ ਸਨ। ਐਸੀ ਅਸ਼ਲੀਲ ਫਿਕਰੇਬਾਜ਼ੀ ਸੁਣ ਕੇ ਪਾਪਾ ਤਾਂ ਧਰਤੀ ਵਿਚ ਗੱਡ ਗਏ, ਪਰ ਵੀਰ ਆਪਣਾ ਆਪ ਖੋ ਬੈਠਿਆ। "ਅਗਰ ਇਕ ਸ਼ਬਦ ਵੀ ਹੋਰ ਮੂੰਹ ਤੋਂ ਕੱਢਿਆ, ਤਾਂ ਮੂੰਹ ਤੋੜ ਦੇਵਾਂਗਾ ਕਮੀਨੇ।"

ਪਾਪਾ ਵੀ ਬੋਲ ਉੱਠੇ- "ਤੂੰ ਇੱਥੋਂ ਜਾ ਹਰਸ਼ਿਤਾ। ਪ੍ਰੈਸ ਕਾਨਫਰੰਸ ਹੋ ਚੁੱਕੀ।"

"ਮੈਮ ਠਹਿਰੋ" ਇਕ ਹੋਰ ਮੂਰਤੀ ਚੰਚਲ ਹੋਈ- "ਗੈਂਗਰੇਪ ਦੇ ਅਪਰਾਧੀਆਂ ਨੂੰ ਤੁਸੀਂ ਪਹਿਚਾਣ ਤਾਂ ਲਵੋਗੇ ਨਾ?"

"ਇਹ ਕਹਿ ਚੁੱਕੀ ਹੈ, ਸਭ ਬਕਵਾਸ ਹੈ। ਫਿਰ ਵੀ ਬਾਰ-ਬਾਰ ਗੈਂਗਰੇਪ ਦਾ ਨਾਮ ਕਿਉਂ ਲੈ ਰਹੇ ਹੋ?" ਪਾਪਾ ਨੇ ਦਰਦ ਭਰੀ ਆਵਾਜ਼ ਵਿਚ ਕਿਹਾ।

"ਸੌਰੀ ਸਰ- ਜਾਣਦਾ ਹਾਂ ਬੇਇੱਜ਼ਤੀ ਹੁੰਦੀ ਹੈ ਪਰ ਇਹ ਸਵਾਲ ਤਾਂ ਸਾਨੂੰ ਕਰਨੇ ਹੀ ਪੈਣਗੇ।" ਮੂਰਤੀ ਬੜੀ ਮਜ਼ਾਕ ਨਾਲ ਮੁਸਕਰਾਈ।

ਵੀਡੀਉ ਕੈਮਰੇ ਵਿਚ ਫਸੀ ਹਰਸ਼ਿਤਾ ਨੇ ਆਪਣੇ-ਆਪ ਨੂੰ ਇਕੱਠਾ ਕਰ ਲਿਆ। ਆਪਣੀ ਆਖਿਰੀ ਸਾਹ ਤੱਕ ਮੈਂ ਸਿਰਫ਼ ਇਹੋ ਕਹਾਂਗੀ - "ਅਖ਼ਬਾਰ ਦੀ ਬਕਵਾਸ ਵਿਚ ਮੈਨੂੰ ਹੋਰ ਜ਼ਿਆਦਾ ਨਾ ਲਪੇਟੋ।"

ਭੀੜ ਵਿਚੋਂ ਇਕ ਛਣਕਦੀ ਆਵਾਜ਼ ਆਈ "ਮਤਲਬ ਤੁਸੀਂ ਸ਼ੁਰੂ ਤੋਂ ਹੀ ਇਸ ਆਰੋਪ ਨੂੰ ਨਕਾਰ ਰਹੇ ਹੋ?"

"ਕਿੰਨੀ ਵਾਰ 'ਹਾਂ' ਕਹਾਂ।" ਹਰਸ਼ਿਤਾ ਹੋਰ ਜ਼ਿਆਦਾ ਖਿਝ ਉੱਠੀ।

"ਤਾਂ ਕੀ ਤੁਸੀਂ ਆਪਣੀ ਮੈਡੀਕਲ ਜਾਂਚ ਕਰਵਾਉਣ ਦੇ ਲਈ ਤਿਆਰ ਹੋ।"

"ਕੀ" ਉਹ ਹੈਰਾਨ ਹੋਈ।

"ਮੈਡੀਕਲ ਜਾਂਚ" ਦੂਸਰੇ ਨੇ ਦੰਦ ਕੱਢੇ।

"ਲੇਕਿਨ ਕਿਉਂ? ਕਿਸ ਖੁਸ਼ੀ ਵਿਚ?" ਉਹ ਬੇਚੈਨ ਹੋ ਉੱਠੀ।

"ਉਹੋ, ਤੁਸੀਂ ਤਾਂ ਵਿਗੜਨ ਲੱਗ ਪਏ ਹੋ।" ਉਸ ਆਦਮੀ ਦੀ ਬਤੀਸੀ ਕੁਝ ਹੋਰ ਚਮਕੀ- "ਦਰਅਸਲ ਡਾਕਟਰੀ ਜਾਂਚ ਤੋਂ ਬਲਾਤਕਾਰ ਦਾ ਹੋਣਾ ਨਾ ਹੋਣਾ ਪ੍ਰਮਾਣਿਤ ਹੋ ਜਾਵੇਗਾ।"

"ਤੁਹਾਡਾ ਦਿਮਾਗ ਤਾਂ ਖਰਾਬ ਨਹੀਂ ਹੈ।" ਮੁੱਖ ਅਧਿਆਪਕ ਦੇ ਮੂੰਹ ਵਿਚੋਂ ਅਚਾਨਕ ਨਿਕਲ ਗਿਆ।

ਵੀਰ ਵੀ ਪਾਗਲਾਂ ਦੀ ਤਰ੍ਹਾਂ ਚੀਕਿਆ- "ਹਰਾਮੀਉ ਅਗਰ ਜਾਂਚ ਕਰਵਾਉਣ ਦਾ ਇੰਨਾ ਹੀ ਸ਼ੌਕ ਹੈ ਤਾਂ ਆਪਣੇ ਘਰ ਦੀ ਬਹੂ-ਬੇਟੀਆਂ ਨੂੰ ਧੂਹ ਕੇ ਹਸਪਤਾਲ ਕਿਉਂ ਨਹੀਂ ਲੈ ਜਾਂਦੇ?"

"ਵੀਰ ਸ਼ਾਂਤ ਹੋ ਜਾ" ਹਰਸ਼ਿਤਾ ਨੇ ਕੋਮਲਤਾ ਨਾਲ ਉਸ ਨੂੰ ਸੰਭਾਲਿਆ ਅਤੇ ਉਸਦੇ ਕ੍ਰੋਧ ਵੇਗ ਨਾਲ ਹਿਲਦੀ ਹੋਈ ਦੇਹ ਸਾਂਭ ਲਈ।

ਪਾਪਾ ਬੇਚਾਰਗੀ ਵਿਚ ਬੋਲੇ, "ਜੇ ਸਾਨੂੰ ਇਸ ਤਰ੍ਹਾਂ ਸ਼ਰੇਆਮ ਬੇਇੱਜ਼ਤ ਕਰਨ ਦੀ ਬਜਾਏ ਤੁਸੀਂ ਲੋਕ ਥੋੜ੍ਹੀ ਜਿਹੀ ਜ਼ਹਿਰ ਲਿਆ ਕੇ ਦੇ ਦੇਵੋ ਤਾਂ ਜ਼ਿਆਦਾ ਅੱਛਾ ਰਹੇਗਾ।"

"ਪਾਪਾ ਪਲੀਜ਼।" ਹਰਸ਼ਿਤਾ ਨੇ ਪਿਤਾ ਨੂੰ ਇਸ ਤਰ੍ਹਾਂ ਹੋਣ ਤੋਂ ਵਰਜਿਆ।

ਮਾਹੌਲ ਕਾਫ਼ੀ ਤਣਾਅ ਨਾਲ ਭਰ ਗਿਆ।

ਭੀੜ ਤੋਂ ਕਈ ਆਵਾਜ਼ਾਂ ਇਕ ਦਮ ਉੱਠੀਆਂ- "ਡਾਕਟਰੀ ਜਾਂਚ ਤੋਂ ਸੱਚ ਝੂਠ ਦਾ ਪਤਾ ਲੱਗ ਜਾਵੇਗਾ-ਤੁਹਾਨੂੰ ਇਸ ਵਿਚ ਇਤਰਾਜ਼ ਨਹੀਂ ਹੋਣਾ ਚਾਹੀਦਾ।"

ਡੁੱਬਦੀ ਹੋਈ ਹਰਸ਼ਿਤਾ ਨੇ ਡੈਕਸ ਦਾ ਸਹਾਰਾ ਲਿੱਤਾ। ਆਪਣੇ ਨਾਲ ਕੰਮ ਕਰਨ ਵਾਲਿਆਂ ਵੱਲ ਦੇਖਿਆ। ਪੁਰਸ਼ ਵਰਗ ਦੀ ਚੁੱਪੀ ਇਸ ਗੱਲ ਦੀ ਗਵਾਹ ਸੀ ਕਿ ਉਨ੍ਹਾਂ ਨੂੰ ਇਸ ਪ੍ਰਸਤਾਵ ਵਿਚ ਕੋਈ ਖੋਟ ਨਜ਼ਰ ਨਹੀਂ ਆ ਰਹੀ ਸੀ।

ਦੋ ਇਕ ਨੇ ਤਾਂ ਕਿਹਾ ਵੀ- "ਸਹੀ ਗੱਲ ਹੈ, ਇਸ ਨਾਲ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋ ਜਾਵੇਗਾ।"

ਰਹੀਆਂ ਔਰਤਾਂ, ਉਹ ਉਸਨੂੰ ਨਜ਼ਰਾਂ ਚੁਰਾਉਂਦੀਆਂ ਹੋਈਆਂ ਸੱਜੇ-ਖੱਬੇ ਦੇਖ ਰਹੀਆਂ ਸਨ। ਸ਼ਾਇਦ ਮਾਮਲੇ ਦਾ ਇਨਾ ਵਧਣ ਦੀ ਉਨ੍ਹਾਂ ਨੂੰ ਉਮੀਦ ਨਹੀਂ ਸੀ। ਅਤੇ ਇਹ ਸਾਰੇ ਉਹ ਲੋਕ ਸਨ, ਜੋ ਆਪਣੇ ਪ੍ਰੇਮ ਅਤੇ ਦਿਲ ਦੀ ਦੁਹਾਈ ਦਿੰਦੇ ਹੋਏ ਨਾ ਜਾਣੇ ਕਿੰਨੀ ਵਾਰ ਇਕ ਕਾਲਜ-ਪਰਿਵਾਰ ਦਾ ਦਾਅਵਾ ਕਰ ਚੁੱਕੇ ਸੀ।

ਹਰਸ਼ਿਤਾ ਦੇ ਮਨ ਉੱਤੇ ਸੱਟ ਜਿਹੀ ਲੱਗੀ।

ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਉਹ ਆਪਣੇ ਕੁਲੀਗ ਡਾ. ਮਿਸ਼ਰਾ ਤੋਂ ਪੁੱਛਣ ਲੱਗੀ "ਅੱਜ ਤੁਸੀਂ ਕੀ ਖਾਇਆ ਹੈ ਮਿਸ਼ਰਾ ਜੀ?"

"ਇਸ ਸਵਾਲ ਦਾ ਮਤਲਬ?" ਮਿਸ਼ਰਾ ਜੀ ਥੋੜ੍ਹਾ ਝਿਜਕ ਗਏ।

"ਇਵੇਂ ਹੀ, ਦੱਸਣ ਵਿਚ ਤੁਹਾਨੂੰ ਇਤਰਾਜ਼ ਕਿਉਂ ਹੈ?"

"ਆਲੂ ਮਟਰ ਦੀ ਸਬਜ਼ੀ ਅਤੇ ਰੋਟੀ।"

"ਮੈਂ ਕਹਿੰਦੀ ਹਾਂ, ਅੱਜ ਤੁਹਾਡੀ ਰਸੋਈ ਵਿਚ ਮਸਾਲੇਦਾਰ ਮੀਟ ਪੱਕਿਆ ਹੈ, ਤੁਸੀਂ ਉਹੀ ਮਾਸ ਖਾਇਆ ਹੈ।"

"ਮਾਸ ਅਤੇ ਮੈਂ?" ਮਿਸ਼ਰਾ ਜੀ ਝਿਜਕਦੇ ਹੋਏ ਨਜ਼ਰ ਆਏ।

"ਦੇਖੋ ਇਵੇਂ ਹੈ ਤੁਸੀਂ ਆਪਣੇ ਪੇਟ ਦੀ ਖਾਦ ਪਦਾਰਥ ਦੀ ਜਾਂਚ ਕਰਵਾ ਲਵੋ। ਪਤਾ ਚਲ ਜਾਵੇਗਾ, ਸਵੇਰੇ-ਸ਼ਾਮ ਕੀ ਖਾਇਆ ਗਿਆ ਹੈ।"

"ਮੈਂ ਕੋਈ ਪਾਗਲ ਨਹੀਂ ਜੋ ਜਾਂਚ ਕਰਾਉਣ ਜਾਵਾਂ? ਹੂੰ ਮੈਨੂੰ ਕੀ ਪਈ ਹੈ। ਐਸੀ ਬਕਵਾਸ ਉੱਤੇ ਕੰਨ ਦੇਣ ਦਾ ਕੋਈ ਮਤਲਬ ਹੈ?"

"ਅਤੇ ਅਖ਼ਬਾਰ ਦੀ ਬਕਵਾਸ ਉੱਤੇ ਕੰਨ ਹੀ ਨਹੀਂ, ਧਿਆਨ ਦੇਣ ਦਾ ਵੀ ਮਤਲਬ ਤੁਹਾਨੂੰ ਸਭ ਨੂੰ ਦਿਖਾਈ ਦਿੰਦਾ ਹੈ?" ਹਰਸ਼ਿਤਾ ਨੇ ਤਿੱਖੀ ਆਵਾਜ਼ ਵਿਚ ਪੁੱਛਿਆ ਤਾਂ ਪੂਰਾ ਹਾਲ ਹਾਸੇ ਨਾਲ ਗੂੰਜ ਉੱਠਿਆ। ਪਰ ਉਹ ਨਹੀਂ ਹੱਸੀ। ਜਾਣਦੀ ਸੀ ਇਵੇਂ ਦੋ ਸ਼ਬਦਾਂ ਦਾ ਇਹ ਲੋਕ ਮਜ਼ਾ ਲੈਣਗੇ। ਇਨ੍ਹਾਂ ਦੇ ਗਲੇ ਤੋਂ ਥੱਲੇ ਕੋਈ ਗੱਲ ਉਤਰਨ ਦੇ ਲਈ ਉਹ ਇਕੱਲੇ ਸ਼ਾਇਦ ਨਾਕਾਫ਼ੀ ਹੈ।

ਕਿਸੇ ਵਜ਼ਨੀ ਸਹਾਰੇ ਲਈ ਉਸਨੇ ਹਾਜ਼ਰ ਦੂਸਰੀਆਂ ਔਰਤਾਂ ਵੱਲ ਦੇਖਿਆ। ਸਿਰਫ਼ ਔਰਤਾਂ ਹੀ ਨਹੀਂ, ਔਰਤਾਂ ਦੇ ਹੱਕ ਦੀ ਲੜਾਈ ਲੜਨ ਵਾਲੀਆਂ ਬਹੁਤ ਛੋਟੀਆਂ-ਵੱਡੀਆਂ ਸੰਸਥਾਵਾਂ ਸੀ, ਪਰ ਅੱਜ ਮੌਕਾ ਪੈਣ 'ਤੇ ਇਕਦਮ ਖਾਮੋਸ਼ ਖੜ੍ਹੀਆਂ ਸਨ। ਮਿੱਟੀ ਦਾ ਬੁੱਤ ਬਣੀਆਂ ਹੋਈਆਂ। ਮੰਚ ਉੱਤੇ ਚੜ੍ਹ ਕੇ ਮਾਇਕ ਖੋਹਣਾ ਅਤੇ ਆਪਣੇ ਸੁਰਖੀ ਨਾਲ ਲਿੱਬੜੇ ਬੁੱਲ੍ਹਾਂ ਨਾਲ ਨਾਰੀ ਮੁਕਤੀ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਨੀਆਂ ਤਾਂ ਉਹ ਜਾਣਦੀਆਂ ਸਨ ਪਰ ਇਕ ਪੀੜਤ ਪੁਰਸ਼ ਸਮਾਜ ਦੇ ਸਾਹਮਣੇ ਖੜ੍ਹੀ, ਆਪਣੀ ਹੀ ਜਾਤ ਦੀ ਕੁੜੀ ਦੀ ਛੋਟੀ ਜਿਹੀ ਪੈਰਵੀ ਕਰਨਾ ਵੀ ਜਾਂ ਤਾਂ ਉਨ੍ਹਾਂ ਨੂੰ ਆਉਂਦਾ ਨਹੀਂ ਜਾਂ ਫਿਰ ਚੰਗਾ ਨਹੀਂ ਲੱਗ ਰਿਹਾ ਸੀ।

ਹਰਸ਼ਿਤਾ ਨੇ ਤੜਫ਼ ਕੇ ਸੋਚਿਆ- ਕਿਸੇ ਉੱਚੇ ਕੱਦ ਵਾਲੇ ਨੇਤਾ-ਅਭਿਨੇਤਾ ਨੂੰ ਬੁਲਾ ਕੇ ਕਿਸੇ



ਫਾਈਵ ਸਟਾਰ ਹੋਟਲ ਦੇ ਸਜੇ ਹਾਲ ਵਿਚ ਆਪਣੇ ਔਰਤ ਸੰਘ ਦੇ ਸਲਾਨਾ ਸੰਮੇਲਨ ਦੇ ਮੌਕੇ ਆਪਣੇ ਕੀਤੇ ਅਣਕੀਤੇ ਕੰਮਾਂ ਦੀ ਲੰਬੇ-ਚੌੜੇ, ਝੂਠੇ ਵਾਅਦਿਆਂ ਨਾਲ ਭਰੀ ਰਿਪੋਰਟ ਪੜ੍ਹ ਕੇ ਆਪਣੀ ਪਿੱਠ ਆਪ ਠੋਕ ਲੈਣਾ ਅਤੇ ਮਨਿਸਟਰ ਨੂੰ ਪਟਾ ਲੈਣ ਦੀ ਖੁਸ਼ੀ ਨਾਲ ਝੂਮ ਉੱਠਣਾ ਹੀ ਕੀ ਇਨ੍ਹਾਂ ਦੇ ਨਾਰੀ ਕਲਿਆਨ ਦਾ ਇਕ ਸੂਤਰੀ ਮਕਸਦ ਹੈ? ਇਸ ਵਕਤ ਇਨ੍ਹਾਂ ਦੇ ਮੂੰਹ ਵਿਚ ਦਹੀਂ ਕਿਉਂ ਜੰਮਿਆ ਹੋਇਆ ਹੈ? ਸ਼ਾਇਦ ਇਸ ਲਈ ਕਿਉਂਕਿ ਬੋਲਣ ਨਾਲ ਲਿਪਸਟਿਕ ਖ਼ਰਾਬ ਹੋ ਜਾਵੇਗੀ। ਆਪਣੀ ਸੰਸਥਾ ਦੇ ਨਾਅਰੇ ਥੱਲੇ ਨਾਰੀ ਮੁਕਤੀ ਦੀ ਲਫਜ਼ੀ ਕਰਨ ਦੀ ਬਜਾਇ ਉਸਦੇ ਹੱਕ ਵਿਚ ਮੂੰਹ ਖੋਲ੍ਹਣ ਨਾਲ ਹੀ ਇਨ੍ਹਾਂ ਦੇ ਸੰਗਠਨ ਦੀ ਸਾਰਥਿਕਤਾ ਪਤਾ ਚਲਦੀ। ਕਾਸ਼! ਇਸ ਵਿਚੋਂ ਕੋਈ ਇੱਕ ਬੋਲ ਪੈਂਦੀ "ਤੁਹਾਨੂੰ ਇਕ ਲਾਚਾਰ ਔਰਤ ਤੋਂ ਐਸੇ ਗੰਦੇ ਸਵਾਲ ਪੁੱਛਣ ਦਾ ਹੱਕ ਕਿਸ ਨੇ ਦਿੱਤਾ? ਡਾਕਟਰੀ ਜਾਂਚ ਕਰਵਾ ਕੇ ਉਸਦੀ ਨਿਰਦੋਸ਼ਤਾ ਦਾ ਸਬੂਤ ਮੰਗਣ ਵਾਲੇ ਤੁਸੀਂ ਕੌਣ ਹੁੰਦੇ ਹੋ? ਸਮਾਜ ਦੇ ਰਖਵਾਲੇ? ਕਠਪੁਤਲੀਆਂ ਦੇ ਸੰਚਾਲਕ? ਜਾਉ, ਪਹਿਲਾਂ ਆਪਣੀਆਂ ਹੀ ਚਿੱਕੜ ਵਾਲੀਆਂ ਅੱਖਾਂ ਦਾ ਇਲਾਜ ਕਰਵਾਉ, ਜੋ ਸਿਰਫ਼ ਗੰਦਗੀ ਦੇਖਣਾ ਹੀ ਜਾਣਦੀਆਂ ਹਨ।"

ਲੇਕਿਨ ਕੋਈ ਆਵਾਜ਼ ਉਸ ਦੇ ਹੱਕ ਵਿਚ ਨਹੀਂ ਉੱਠੀ। ਉਹ ਵੀ ਕਿਸੇ ਨੂੰ ਕੁਝ ਨਹੀਂ ਬੋਲੀ। ਹਾਂ ਔਰਤਾਂ ਦੀ ਚੁੱਪੀ ਨਾਲ ਮਨ ਵਿਚ ਗਹਿਰੀ ਸੱਟ ਜ਼ਰੂਰ ਲੱਗੀ।

ਸਿਰ ਉਠਾ ਕੇ ਸਿਰਫ਼ ਇੰਨਾ ਬੋਲੀ - "ਐਸੀ ਅਗਨੀ ਪ੍ਰੀਖਿਆ ਸੀਤਾ ਨੂੰ ਕਿੰਨੀ ਦਫ਼ਾ ਦੇਣੀ ਹੋਵੇਗੀ? ਮੈਂ ਤੁਹਾਡੇ ਪ੍ਰਸਤਾਵ ਦੀ ਘੋਰ ਨਿੰਦਾ ਕਰਦੀ ਹਾਂ।"

ਖਿੱਚ-ਖਿੱਚ ਹੋਣੀ ਸੀ ਹੋਈ। ਇਸੇ ਤਣਾਅ ਭਰੇ ਮਾਹੌਲ ਵਿਚ ਪ੍ਰੈਸ ਕਾਨਫਰੰਸ ਖ਼ਤਮ ਹੋਈ। ਨਤੀਜਾ ਕੁਝ ਨਾ ਨਿਕਲਿਆ।

ਡਿਗਦੇ ਹੋਏ ਕਦਮਾਂ ਨਾਲ ਹਰਸ਼ਿਤਾ ਘਰ ਵਾਪਸ ਆਈ। ਕਮਰੇ ਵਿਚ ਆ ਕੇ ਪਲੰਘ ਉੱਤੇ ਮੂਧੀ ਪੈ ਗਈ। ਅਣਜਾਣੇ ਹੀ ਸਿਰ੍ਹਾਣਾ ਹੰਝੂਆਂ ਨਾਲ ਭਿੱਜ ਗਿਆ। ਦੂਜਿਆਂ ਦੇ ਸਾਹਮਣੇ ਆਪਣੇ-ਆਪ ਨੂੰ ਮਜ਼ਬੂਤ ਬਣਾ ਰਹੀ ਸੀ, ਪਰ ਇਕੱਲਿਆ ਹੁੰਦਿਆਂ ਹੀ ਜ਼ਨਾਨਾ ਕਮਜ਼ੋਰੀ ਹਾਵੀ ਹੋ ਗਈ। ਕਲੇਜਾ ਫਟਣ ਨੂੰ ਹੋ ਗਿਆ- ਸਿਰਫ਼ ਉਹ ਇਸ ਗੈਂਗਰੇਪ ਕਾਂਡ ਵਿਚ ਕਿਉਂ ਘਸੀਟੀ ਗਈ? ਅਤੇ ਮੀਡੀਆ? ਕੀ ਗੈਂਗਰੇਪ ਉਸਦੇ ਮੱਥੇ ਉੱਤੇ ਲਿਖੀ ਅਦ੍ਰਿਸ਼ ਇਬਾਰਤ ਹੈ, ਜਿਸਨੂੰ ਆਪਣੇ ਚਮਤਕਾਰੀ ਚਸ਼ਮੇ ਨਾਲ ਪੜ੍ਹ ਕੇ ਉਹ ਉਸ ਤੋਂ 25 ਸੌ ਸਵਾਲ ਕਰ ਰਿਹਾ ਹੈ?

ਔਰਤ ਦੀ ਇੱਜ਼ਤ ਨੂੰ ਰੇਸ਼ਾ-ਰੇਸ਼ਾ ਕਰਕੇ ਉਧੇੜਣ ਵਾਲੇ ਇਹ ਸਿਪਾਸਲਾਰ ਦੇਖਦੀ ਨਹੀਂ ਕਿ ਹੜ੍ਹ ਵਾਂਗ ਫੈਲੇ ਦੂਰਸੰਚਾਰ ਦੀ ਧਰ-ਪਕੜ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ। ਸਮਾਂ ਹੋਵੇ ਤਾਂ ਜਾਣੇ ਅਤੇ ਚਾਰ ਪੈਸੇ ਦੀ ਕਮੀਸ਼ਨ ਲਈ ਘਰ-ਘਰ ਬੁਰਸ਼ ਤੇ ਸਾਬਣ ਵੇਚਦੀਆਂ ਕੁੜੀਆਂ ਦੀ ਕਹਾਣੀ ਸੁਣਨ। ਸੱਪ ਦੇ ਜਬਾੜੇ ਵਿਚ ਫਸੇ ਡੱਡੂ ਵਾਂਗ ਉਨ੍ਹਾਂ ਦੀ ਗਤੀ ਮਤੀ ਦੇਖਣ ਅਤੇ ਪੈਸੇ ਵਾਲਿਆਂ ਦੀ ਉਨ੍ਹਾਂ ਨੂੰ ਖਾ ਜਾਣ ਦੀ ਪ੍ਰਵਿਰਤੀ ਦੀ ਰੋਕਥਾਮ ਕਰਨ ........ ਹਿੰਮਤ ਹੈ ਤਾਂ ਜਾਣ ਅਤੇ ਗਲੀ-ਗਲੀ ਕੀੜਿਆਂ ਦੀ ਤਰ੍ਹਾਂ ਪੈਦਾ ਹੋਏ ਪ੍ਰਾਈਵੇਟ ਕਾਨਵੈਂਟ ਸਕੂਲਾਂ ਵਿਚ ਝਾਕ ਕੇ ਆਉਣ। ਮਹਿਰੀ ਵੀ ਚਾਰ ਘਰਾਂ ਦਾ ਚੌਂਕਾ-ਬਰਤਨ ਕਰਨ ਤੋਂ ਬਾਰ੍ਹਾਂ-ਚੌਦਾਂ ਸੌ ਰੁਪਿਆ ਮਹੀਨਾ ਕਮਾ ਰਹੀ ਹੈ ਅਤੇ ਉੱਥੇ ਹੀ ਟਰੇਂਡ ਅਧਿਆਪਕਾਵਾਂ ਚਾਰ-ਪੰਜ ਸੌ ਰੁਪਏ ਮਹੀਨਾ ਤਨਖਾਹ ਉੱਤੇ ਆਪਣੀਆਂ ਸੇਵਾਵਾਂ ਦੇਣ ਦੇ ਲਈ ਮਜਬੂਰ ਹਨ। ਕੁਰਸੀ ਉੱਤੇ ਬੈਠੇ ਮੁੱਛੜ ਮੈਨੇਜਰ ਦੀ ਹਵਸ ਦਾ ਸ਼ਿਕਾਰ ਬਣੀਆਂ ਉਹ ਲੜਕੀਆਂ ਦੇ ਬੁਝੇ ਚਿਹਰਿਆਂ ਨੂੰ ਪੜ੍ਹਨ ਵਾਲੀਆਂ ਅੱਖਾਂ ਕਿਉਂ ਨਹੀਂ ਹਨ ਇਨ੍ਹਾਂ ਕੋਲ? .......... ਜ਼ਰਾ ਸੋਚੋ, ਸਕੇ-ਮਤਰੇਏ, ਬਾਪ-ਭਾਈਆਂ ਅਤੇ ਸ਼ਰਾਫਤ ਦਾ ਝੱਗਾ ਪਾਏ ਹੋਏ 'ਅੰਕਲ' ਦੇ ਰੂਪ ਵਿਚ ਮਾਸੂਮ ਬੱਚੀਆਂ ਦੀ ਇੱਜ਼ਤ ਲੁੱਟਣ ਵਾਲੇ ਜ਼ਿੰਦਾ ਨਰ-ਪਿਸ਼ਾਚਾ ਨੂੰ ਬਕਸਿਆਂ ਵਿਚ ਬੰਦ ਕਰਕੇ ਦਫ਼ਨਾਉਣ ਦੀ ਬਹਾਦਰੀ ਦਿਖਾ ਸਕਦੇ ਹਨ ਕੀ ਇਹ ਲੋਕ?............ ਕੁਝ ਨਹੀਂ, ਕੇਵਲ ਇਕ ਸ਼ਰੀਫ ਲੜਕੀ ਨੂੰ ਸਾਹਮਣੇ ਦੇਖ ਕੇ ਉਸ ਦੀ ਮਿੱਟੀ ਪਲੀਤ ਕਰਨ ਤੱਕ ਦਾ ਦਮ ਹੈ .............।

ਆਖ਼ਿਰ ਜਾਣਨਾ ਕੀ ਚਾਹੁੰਦੇ ਹਨ ਇਹ ਲੋਕ? ਕਿੰਨੇ ਲੜਕਿਆਂ ਨੇ ਇਕ ਮਾਸਟਰਨੀ ਨੂੰ ਚੁੰਮਿਆ, ਚੱਟਿਆ, ਕੁਚਲਿਆ, ਮਸਲਿਆ ਅਤੇ ਮਜ਼ਾ ਲੈ ਕੇ ਚੂਪੇ ਹੋਏ ਅੰਬ ਦੀ ਗੁਠਲੀ ਦੀ ਤਰ੍ਹਾਂ ਸੁੱਟ ਦਿਤਾ? ਲੇਕਿਨ ਕਿਸਨੇ ਕਿਹਾ ਹੈ ਕਿ ਇਹ ਸਭ ਕੁਝ ਹੋਇਆ ਹੈ? ਸਬੂਤ ਹੈ ਕਿਸੇ ਦੇ ਕੋਲ? ਅਗਰ ਹੈ ਤਾਂ ਦਿਖਾਉਂਦੇ ਕਿਉਂ ਨਹੀਂ? ਉਸ ਗੈਂਗਰੇਪ ਦੀ ਅਗਰ ਕੋਈ ਵੀਡਿਓ ਫਿਲਮ ਹੈ ਤਾਂ ਸਾਹਮਣੇ ਲੈ ਆਉਣ। ਅਗਰ ਕੈਮਰੇ ਤੋਂ ਫੋਟੋਆਂ ਖਿੱਚੀਆਂ ਹਨ ਤਾਂ ਸਭ ਦੇ ਸਾਹਮਣੇ ਪੇਸ਼ ਕਰਨ। ਆਖ਼ਿਰ ਸੰਭਾਲ ਕੇ ਰੱਖੇ ਸਬੂਤ.

ਉਸ ਤੋਂ ਕਬੂਲ ਕੀ ਕਰਵਾਉਣਾ ਚਾਹੁੰਦੇ ਹਨ? ...... ਭੂਤ ਤੋਂ ਨਹੀਂ ਭੂਤ ਦੇ ਡਰ ਨਾਲ ਉਹ ਸਵੀਕਾਰ ਕਰ ਲਵੇਗੀ ਕਿ ਉਸਦੇ ਨਾਲ ਸਮੂਹਿਕ ਬਲਾਤਕਾਰ ਹੋਇਆ ਹੈ? ਇਕ ਚਟਪਟੀ ਮਸਾਲੇਦਾਰ ਕਹਾਣੀ ਇਨ੍ਹਾਂ ਨੂੰ ਸੌਂਪ ਦੇਵੇਗੀ।

ਹੰਝੂਆਂ ਦੇ ਸੈਲਾਬ ਵਿਚ ਡੁੱਬਦੀ ਚਲੀ ਗਈ ਹਰਸ਼ਿਤਾ। ਉਸਨੂੰ ਲੱਗਾ ਕਿ ਸਿਰਫ ਕੁਝ ਹੀ ਘੰਟਿਆਂ ਵਿਚ ਉਹ ਜਿਉਂਦੀ-ਜਾਗਦੀ ਖੁਸ਼ਮਿਜ਼ਾਜ ਇਸਤਰੀ ਤੋਂ ਇਕ ਲਾਸ਼ ਵਿਚ ਬਦਲ ਗਈ ਸੀ। ਮਿੱਟੀ ਦੇ ਤੇਲ ਦੀ ਇਕ ਸ਼ੀਸ਼ੀ ਛਿੜਕ ਕੇ. ਦੀਵਾ ਸਿਲਾਈ ਦੀ ਇਕ ਜਲਦੀ ਤੀਲੀ ਛੁਆ ਦਿਉ ਤਾਂ ਲਾਸ਼ ਨੂੰ ਠਿਕਾਣੇ ਲਗਾਉਣ ਦੀ ਪ੍ਰਕ੍ਰਿਆ ਵੀ ਨਿਪਟ ਜਾਏ।

ਇਕ ਪ੍ਰਛਾਈਂ ਉਸ ਉੱਤੇ ਹਾਵੀ ਹੋਣ ਲੱਗੀ- ਦੇਰ ਕਿਉਂ ਕਰ ਰਹੀ ਹੈਂ? ਉੱਠਦੀ ਕਿਉਂ ਨਹੀਂ? ਸਿਰਫ ਮਿੱਟੀ ਦੇ ਤੇਲ ਨਾਲ ਨਹਾਉਣ ਅਤੇ ਦੀਆ ਸਲਾਈ ਦੀ ਤੀਲੀ ਜਲਾਉਣ ਵਿਚ ਦੇਰ ਕਿਉਂ?

"ਭੂਆ" ਇਕ ਮਿੱਠੀ ਆਵਾਜ਼ ਕੰਨਾਂ ਵਿਚ ਪਈ।

ਹਰਸ਼ਿਤਾ ਜਿਵੇਂ ਇਕ ਝਟਕੇ ਨਾਲ ਪਾਗਲਪਨ ਦੇ ਦੌਰੇ ਤੋਂ ਬਾਹਰ ਨਿਕਲ ਆਈ। ਕੋਲ ਖੜ੍ਹੀ ਪੰਜ ਸਾਲ ਦੀ ਭਤੀਜੀ ਕ੍ਰਿਤਿਕਾ ਉਸ ਨੂੰ ਇਕ ਫਰਿਸ਼ਤਾ ਲੱਗੀ। ਮੌਤ ਤੋਂ ਜ਼ਿੰਦਗੀ ਵੱਲ ਲੈ ਜਾਣ ਵਾਲਾ ਛੋਟਾ ਜਿਹਾ ਮਾਸੂਮ ਫਰਿਸ਼ਤਾ। ਤਨ ਵਿਚ ਇਕ ਤਾਕਤ ਜਿਹੀ ਜਾਗੀ- ਨਹੀਂ ਮਰੇਗੀ ਨਹੀਂ ਉਹ। ਇਸ ਛੋਟੀ ਬੱਚੀ ਦੇ ਲਈ ਯੋਜਨਾ- ਟੁੱਟਣ ਅਤੇ ਮਰਨ ਦੀ ਆਖਿਰੀ ਤੋਹਫੇ ਦੇ ਰੂਪ ਵਿਚ ਛੱਡ ਕੇ ਨਹੀਂ ਜਾਵੇਗੀ। ਬੁਜ਼ਦਿਲੀ ਦਾ ਜ਼ਹਿਰ - ਨਹੀਂ, ਅਟੁੱਟ ਸੰਘਰਸ਼ ਦਾ ਅੰਮ੍ਰਿਤ ਘੁੱਟ ਆਪਣੀ ਇਸ ਛੋਟੀ ਗੁੱਡੀਆ ਦੇ ਹੱਥ ਵਿਚ ਸੌਂਪੇਗੀ। ਹਾਰ ਜਾਂ ਜਿੱਤ ਉਹ ਮਾਇਨੇ ਨਹੀਂ ਰੱਖਦੀ. ਜੋ ਉਸਦੀ ਲੜਨ ਦੀ ਸ਼ਕਤੀ ਰੱਖਦੀ ਹੈ।

ਮਨ ਵਿਚ ਜਿਉਣ ਦੀ ਇੱਛਾ ਜਾਗੀ ਅਤੇ ਪਾਸਾ ਬਦਲ ਕੇ ਭਤੀਜੀ ਦੀ ਤਰਫ ਮੁੜਦੀ ਹੋਈ ਬੋਲੀ ਹਰਸ਼ਿਤਾ "ਕੀ ਹੈ, ਕ੍ਰਿਤੀ?"

"ਭੂਆ ਗੈਂਗਰੇਪ ਕੀ ਹੁੰਦਾ ਹੈ?

ਇਕ ਸਰਲ ਚਿਹਰੇ ਦੇ ਇਸ ਜਟਿਲ ਸਵਾਲ ਨਾਲ ਹਿਲ ਗਈ ਹਰਸ਼ਿਤਾ। ਮਿੰਟਾਂ ਪਹਿਲਾਂ ਮਨ ਵਿਚ ਇਕੱਠੀ ਕੀਤੀ ਮਜ਼ਬੂਤੀ, ਰੇਤ ਦੇ ਘਰ ਦੀ ਤਰ੍ਹਾਂ ਢਹਿ ਜਾਣ ਲੱਗੀ। ਪਰ ਜਲਦੀ ਉਸਨੂੰ ਦੁਬਾਰਾ ਸਮੇਟਦੇ ਹੋਏ, ਸਥਿਰ ਆਵਾਜ਼ ਨਾਲ ਬੋਲੀ ਉਹ "ਕ੍ਰਿਤੀ, ਕਿਸਨੇ ਤੈਨੂੰ ਇਹ ਗੱਲ ਕਹੀ?"

"ਉਹ ਜੋ ਪੜੋਸ ਵਾਲੀ ਆਂਟੀ ਹੈ ਨਾ, ਨੀਸ਼ੂ ਦੀ ਮੰਮੀ" ਬੱਚੀ ਨੇ ਇਕ ਪਵਿੱਤਰ ਮੁਸਕਾਨ ਖਿਲਾਰੀ "ਪੁੱਛ ਰਹੀ ਸੀ ਕਿ ਸਚਮੁੱਚ ਤੇਰੀ ਭੂਆ ਦੇ ਨਾਲ ਗੈਂਗਰੇਪ ਹੋਇਆ ਹੈ?"

ਹਰਸ਼ਿਤਾ ਨੇ ਆਪਣੇ-ਆਪ ਨੂੰ ਇਕ ਡੂੰਘੇ ਖੂਹ ਦੀ ਗਹਿਰਾਈ ਵਿਚ ਜਾਣ ਤੋਂ ਸ਼ਕਤੀ ਨਾਲ ਰੋਕਿਆ। ਗੰਭੀਰ ਹੋ ਕੇ ਬੋਲੀ- "ਉਹ ਗੰਦੀ ਹੈ। ਤੂੰ ਉਸਦੀ ਗੱਲ ਉੱਤੇ ਧਿਆਨ ਨਾ ਦੇ। ਜਾਉ, ਜਾ ਕੇ ਖੇਡੋ।"

"ਉ ਹੂੰ ........ ਭੂਆ ਦੱਸ ਨਾ ਗੈਂਗਰੇਪ ਕੀ ਹੁੰਦਾ ਹੈ?" ਭਤੀਜੀ ਤੜਫੀ

"ਕ੍ਰਿਤੀ, ਅੱਛੇ ਬੱਚੇ ਜ਼ਿੱਦ ਨਹੀਂ ਕਰਦੇ। ਤੂੰ ਇਸ ਨੂੰ ਨਹੀਂ ਸਮਝੇਂਗੀ। ਬਹੁਤ ਛੋਟੀ ਹੈ ਤੈਨੂੰ ਇਸ ਨੂੰ ਸਮਝਣਾ ਵੀ ਨਹੀਂ ਚਾਹੀਦਾ, ਗੰਦੀ ਗੱਲ ਹੈ. ਇਸ ਨੂੰ ਦੁਬਾਰਾ ਨਹੀਂ ਕਹਿਣਾ, ਸਮਝ ਗਈ ਨਾ?"

"ਹਾਂ" ਇਕ ਮਿੱਠੀ ਮੁਸਕਾਨ ਬੱਚੀ ਦੇ ਬੁੱਲ੍ਹਾਂ ਉੱਤੇ ਆ ਗਈ। ਹਰਸ਼ਿਤਾ ਦੇ ਕੰਨ ਕੋਲ ਮੂੰਹ ਲਿਆ ਕੇ ਉਹ ਧੀਮੀ ਆਵਾਜ਼ ਨਾਲ ਬੋਲੀ- "ਗੈਂਗਰੇਪ ਗਾਲ੍ਹ ਹੈ. ਜਿਵੇਂ ਉੱਲੂ ਦੀ ਪੱਠੀ, ਗਾਲੀ ਹੁੰਦੀ ਹੈ। ਹੈ ਨਾ?" ਅਤੇ ਫਿਰ ਹਰਸ਼ਿਤਾ ਦਾ ਹੱਥ ਪਕੜ ਕੇ ਖਿੱਚਿਆ ਉਸਨੇ - "ਭੂਆ ਉਠੋ ਨਾ, ਛੱਤ ਉੱਤੇ ਚੱਲ ਕੇ ਪਤੰਗਾਂ ਤੇ ਪੇਚੇ ਦੇਖਾਂਗੇ।"

"ਨਹੀਂ ਬੇਟੇ, ਤੁਸੀਂ ਜਾਉ, ਮੇਰੀ ਤਬੀਅਤ ਠੀਕ ਨਹੀਂ ਹੈ। ਕੁਝ ਦੇਰ ਆਰਾਮ ਕਰਾਂਗੀ?"

"ਥੋੜ੍ਹੀ ਦੇਰ ਬਾਦ ਚੱਲੋਗੇ ਨਾ?"

"ਹਾਂ"

ਵਿਸ਼ਵਾਸ ਪਾ ਕੇ ਉਛਲਦੀ ਕੁੱਦਦੀ ਕ੍ਰਿਤਿਕਾ ਚਲੀ ਗਈ। ਤੇ ਘਬਰਾ ਕੇ ਪੁੱਛਿਆ ਉਸਨੇ- "ਸੁਣੀਂ ਤਾਂ ਕਿੱਥੇ ਜਾ ਰਹੀ ਹੈ?"

"ਨਿਸ਼ੂ ਦੇ ਘਰ।"

"ਨਹੀਂ, ਉੱਥੇ ਨਾ ਜਾਉ। ਆਪਣੇ ਡਰਾਇੰਗ ਰੂਮ ਵਿਚ ਬੈਠ ਕੇ ਟੀ.ਵੀ ਦੇਖੋ।"



"ਟੀ.ਵੀ.?" ਬੱਚੀ ਦੇ ਚਿਹਰੇ ਉੱਤੇ ਪਹਿਲਾਂ ਖੁਸ਼ੀ ਫਿਰ ਗਮੀ ਛਾ ਗਈ- "ਟੀ.ਵੀ. ਦੇਖਣ ਨਾਲ ਮੰਮੀ ਗੁੱਸੇ ਹੋਵੇਗੀ।"

"ਨਹੀਂ ਹੋਵੇਗੀ ਕਹਿ ਦੇਣਾ, ਭੂਆ ਨੇ ਕਾਰਟੂਨ ਫਿਲਮ ਦੇਖਣ ਦੇ ਲਈ ਕਹਿ ਦਿੱਤਾ ਹੈ।"

"ਆ ਹਾ ਜੀ ਕਾਰਟੂਨ ਫਿਲਮ।" ਭਤੀਜੀ ਚਹਿਕੀ ਅਤੇ ਭੱਜ ਖੜ੍ਹੀ ਹੋਈ।

ਹਰਸ਼ਿਤਾ ਨੇ ਇਸ ਨੂੰ ਨਹੀਂ ਸੁਣਿਆ। ਉਹ ਇਕ ਵਾਰ ਫਿਰ ਆਪਣੇ ਆਪ ਵਿਚ ਗੁਆਚ ਗਈ ਸੀ। ਛੋਟੀ ਬੱਚੀ ਤੱਕ ਤੋਂ ਗੈਂਗਰੇਪ ਵਰਗਾ ਸ਼ਰਮਨਾਕ ਸਵਾਲ। ਰੀਨਾ ਭਾਬੀ ਦਾ ਦਿਮਾਗ ਖ਼ਰਾਬ ਹੋ ਗਿਆ ਹੈ ਕੀ? ਉਫ. ਸੱਚਮੁਚ ਨਾ ਸਹਾਰੇ ਜਾਣ ਵਾਲਾ ਦਰਦ ਹੈ। 'ਗੈਂਗਰੇਪ' ਕੀ ਬਦਬੂ ਭਰੇ ਫੋੜੇ ਦੀ ਤਰ੍ਹਾਂ ਉਸਦੇ ਅਸਤਿਤਵ ਨਾਲ ਚਿੰਬੜ ਗਿਆ ਹੈ? ਕਿਹੜਾ ਚੀਰਾ ਉਸ ਨੂੰ ਬਦਬੂ ਭਰੇ ਦੁਖ ਦੇਣ ਵਾਲੇ ਅਹਿਸਾਸ ਤੋਂ ਛੁਟਕਾਰਾ ਦਵਾ ਸਕੇਗਾ?

ਇਵੇਂ ਦਾ ਸਾਬਣ ਕਿੱਥੋਂ ਲਿਆਵੇ, ਜੋ ਕਿ ਕਲੰਕ ਦੀ ਕਾਲਖ ਨੂੰ ਧੋ ਦੇਵੇ। ਨਹੀਂ ਧੋ ਸਕੀ ਤਾਂ ਕੀ ਇਸਦੇ ਨਾਲ ਜੀਣਾ ਹੀ ਉਸਦੀ ਕਿਸਮਤ ਹੋਵੇਗੀ, ਨਾ ਖਤਮ ਹੋਣ ਵਾਲੀ ਬੇਮਤਲਬ ਨਹੀਂ ਸੀ ਉਸਦੀ ਚਿੰਤਾ।

ਕਥਾ ਗੈਂਗਰੇਪ ਕਾਂਡ ਪੂਰੇ ਸ਼ਹਿਰ ਦੀ ਫਿਜ਼ਾ ਉੱਤੇ ਦਿਨੋ ਦਿਨ ਭਾਰੀ ਹੁੰਦੀ ਜਾ ਰਹੀ ਸੀ। ਕਾਲਜ ਵਿਚ ਹੋਈ ਕਾਨਫਰੰਸ ਦੇ ਟੁਕੜੇ ਨੂੰ ਚਟਪਟੇ ਮਸਾਲੇ ਵਿਚ ਲਪੇਟ ਕੇ ਟੈਲੀਵਿਜ਼ਨ ਕੇਬਲ ਚੈਨਲ ਦੇ ਦਰਸ਼ਕਾਂ ਨੂੰ ਹਰ ਰੋਜ਼ ਪਰੋਸ ਰਿਹਾ ਸੀ। ਚੌਵੀਂ ਘੰਟੇ ਸ਼ਹਿਰ ਵਿਚ ਸਮਾਚਾਰ ਦੇ ਪ੍ਰਸਾਰਣ ਕਰਨ ਵਾਲਾ ਇਹ ਚੈਨਲ ਹਰ ਅੱਧੇ ਘੰਟੇ ਬਾਦ ਝਲਕ ਦਿਖਾ ਦਿੰਦਾ। ਕਥਾ ਗੈਂਗਰੇਪ ਕਾਂਡ ਨਾਲ ਜੁੜੀ ਹਰਸ਼ਿਤਾ।

ਸਮਾਚਾਰ ਅਤੇ ਵਿਗਿਆਪਨ ਦੇ ਲਗਾਤਾਰ ਆਵਾਗਮਨ ਦੇ ਚੱਕਰ ਵਿਚ ਉਸਦੀ ਬੇਵਸੀ ਨੂੰ ਕਦ ਤੱਕ ਭੁੰਨਾਵੇਗਾ ਕੇਬਲ ਨਿਊਜ਼ ਚੈਨਲ? ਹਰਸ਼ਿਤਾ ਸਮਝ ਨਹੀਂ ਪਾ ਰਹੀ ਸੀ।

ਰਹੇ ਅਖ਼ਬਾਰ, ਉਹ ਤਾਂ ਬੇਪਰ ਦੀ ਉਡਾਨ ਵਿਚ ਇਕ ਦੂਸਰੇ ਦੇ ਕੰਨ ਕੁਤਰ ਰਹੇ ਸਨ। ਕਿਸੇ ਨੇ ਸ਼ਹਿਰ ਦੇ ਬੁੱਧੀਜੀਵੀਆਂ ਦੀ ਪ੍ਰਤਿਕ੍ਰਿਆ ਛਾਪਣ ਵਿਚ ਪਹਿਲ ਕੀਤੀ ਤੇ ਦੂਸਰੇ ਨੇ ਆਪਣੀ ਉਲ-ਜਲੂਲ ਬਕਵਾਸ ਬੋਲਣ ਵਿਚ ਬਹਾਦਰੀ ਸਮਝੀ। ਅਖ਼ਬਾਰ ਇਸ ਦੌੜ ਵਿਚ ਸਭ ਤੋਂ ਅੱਗੇ ਸੀ। ਕਿਸੇ ਦਿਨ ਗੈਂਗਰੇਪ ਪੀੜਿਤ ਦਾ ਇਲਾਜ ਕਰਨ ਵਾਲੇ ਡਾਕਟਰ ਦੇ ਨਰਸਿੰਗ ਹੋਮ ਦੀ ਤੇ ਅਗਲੇ ਦਿਨ ਐਸ਼ਗਾਹ ਦੀਆਂ ਫੋਟੋਆਂ ਛਾਪ ਦਿੰਦਾ। ਇਨ੍ਹਾਂ ਖਬਰਾਂ ਨੂੰ ਲੈ ਕੇ ਸਾਰੇ ਅਖ਼ਬਾਰ ਇਕਮਤ ਸਨ- ਉਸ ਨੂੰ ਡਾਕਟਰੀ ਜਾਂਚ ਤੋਂ ਇਤਰਾਜ਼ ਕਿਉਂ? ਜ਼ਾਹਿਰ ਹੈ, ਦਾਲ ਵਿਚ ਕੁਝ ਕਾਲਾ ਜ਼ਰੂਰ ਹੈ।

ਇਕ ਅਖ਼ਬਾਰ ਨੇ ਤਾਂ ਹੱਦ ਹੀ ਕਰ ਦਿੱਤੀ। ਬੜੇ ਮਜ਼ੇ ਨਾਲ ਛਾਪ ਦਿੱਤਾ, ਬੱਚਿਆਂ ਦੇ ਲਈ ਜ਼ਾਇਕੇਦਾਰ ਟਾਫ਼ੀ ਬਣ ਗਿਆ ਹੈ ਗੈਂਗਰੇਪ। ਇਕ ਨਵੇਂ ਸ਼ਬਦ ਨੂੰ ਟੈਲੀਵਿਜ਼ਨ ਦੇ ਕੇਬਲ ਚੈਨਲ ਦੀ ਬਦੌਲਤ ਆਪਣੇ ਆਲੇ-ਦੁਆਲੇ ਇੰਨੀ ਵਾਰ ਸੁਣ ਰਹੇ ਹਨ ਉਹ, ਕਿ ਖ਼ੁਦ ਵੀ ਇਸ ਨਵੇਂ ਸਿੱਖੇ ਸ਼ਬਦ ਦਾ ਪ੍ਰਯੋਗ ਕਰਨ ਦੇ ਲਈ ਉਤਾਵਲੇ ਹੋ ਰਹੇ ਹਨ। ਦੋਸਤ ਦੇ ਨਾਲ ਕੱਟੀ ਹੋਈ ਹੋਵੇ ਤਾਂ ਉਹ ਗੈਂਗਰੇਪ, ਸੁਲਾਹ ਹੋਈ ਤਾਂ ਉਹ ਗੈਂਗਰੇਪ , ਛੋਟੇ ਭਾਈ ਨੂੰ ਧੱਕਾ ਦਿੱਤਾ ਤਾਂ ਉਹ ਗੈਂਗਰੇਪ ਅਤੇ ਸਹਿਪਾਠੀ ਨੂੰ ਗਾਲੀ ਦਿੱਤੀ ਤਾਂ ਉਹ ਗੈਂਗਰੇਪ ਦੇ ਸਿਵਾਏ ਹੋਰ ਕੀ ਹੋ ਸਕਦਾ ਹੈ? ਸ਼ਹਿਰ ਦੀ ਹਵਾ ਨੂੰ ਵਿਗਾੜਨ ਵਾਲੇ ਇਸ ਸ਼ਬਦ ਤੋਂ ਕਿਵੇਂ ਮੁਕਤੀ ਮਿਲੇਗੀ, ਇਸ ਉੱਤੇ ਗੰਭੀਰਤਾ ਨਾਲ ਵਿਚਾਰ ਕਰਨਾ ਜ਼ਰੂਰੀ ਹੈ।

ਇਨ੍ਹਾਂ ਸਮਾਚਾਰਾਂ ਨੂੰ ਪੜ੍ਹ ਕੇ ਆਪਣੇ ਵਾਲ ਪੁੱਟਦੀ ਹਰਸ਼ਿਤਾ। ਇਕ ਵਾਰ ਤਾਂ ਉਸ ਦਾ ਪਾਗਲਪਨ ਇੰਨਾ ਵਧਿਆ ਕਿ ਉਹ ਇਕੱਲਿਆਂ ਕਮਰੇ ਵਿਚ ਬਿਨਾਂ ਕੱਪੜਿਆਂ ਤੋਂ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਹੋ ਗਈ ਅਤੇ ਪਾਗਲਾਂ ਵਾਂਗ ਹਰਕਤਾਂ ਕਰਨ ਲੱਗੀ। ਇੰਨੇ ਲੋਕ ਝੂਠੇ ਕਿਵੇਂ ਹੋ ਸਕਦੇ ਹਨ? ਸ਼ਾਇਦ ਉਹ ਭੁੱਲ ਗਈ ਹੋਵੇ ਅਤੇ ਕਿਸੇ ਬੇਹੋਸ਼ੀ ਦੇ ਸਮੇਂ ਇਸ ਸਥਿਤੀ ਵਿਚੋਂ ਗੁਜ਼ਰੀ ਹੋਵੇ। ਅਗਰ ਐਸਾ ਹੈ ਤਾਂ ਉਹ ਗੈਂਗਰੇਪ ਉਸਦੇ ਸਰੀਰ ਉੱਤੇ ਦਿਖਣਾ ਚਾਹੀਦਾ - ਲੇਕਿਨ ਕਿੱਥੇ ਹੈ? ........ ਕਿੱਥੇ?

ਉਸਦਾ ਜੀ ਕੀਤਾ ਕਿ ਉਹ ਉਸੇ ਹਾਲਤ ਵਿੱਚ ਖੁੱਲ੍ਹੀ ਸੜਕ ਉੱਤੇ ਦੌੜਦੀ ਚਲੀ ਜਾਵੇ ਅਤੇ ਚੀਕ-ਚੀਕ ਕੇ ਕਹੇ - ਲਓ ਨਜ਼ਰ ਆ ਰਿਹਾ ਹੈ ਨਾ ਉਹ ਗੈਂਗਰੇਪ?

ਘਰਵਾਲਿਆਂ ਦੀ ਕੋਸ਼ਿਸ਼ ਰਹਿੰਦੀ ਕਿ ਦੈਨਿਕ ਸਮਾਚਾਰ ਪੱਤਰ ਨੂੰ ਉਸ ਤੱਕ ਨਾ ਪਹੁੰਚਣ ਦਿੱਤਾ ਜਾਵੇ. ਪਰ ਗੁਆਂਢੀਆਂ ਦੇ ਘਰ ਤੋਂ ਫੁੱਲ-ਵਾਲਿਊਮ ਅਵਾਜ਼ਾਂ ਆਉਂਦੀਆਂ ਰਹਿੰਦੀਆਂ ਸਨ। ਦੂਰਦਰਸ਼ਨ ਦੇ ਕੇਬਲ ਚੈਨਲ ਦੇ ਸਮਾਚਾਰ, ਜਿਨ੍ਹਾਂ ਦੀ ਸ਼ੁਰੂਆਤ ਸਵੇਰੇ ਇਨ੍ਹਾਂ ਸ਼ਬਦਾਂ ਨਾਲ ਹੁੰਦੀ ਸੀ - ਕਥਾ ਗੈਂਗਰੇਪ ਕਾਂਡ ਨਾਲ ਜੁੜੀ ਡਾ.ਹਰਸ਼ਿਤਾ।

ਸੱਚਮੁਚ ਜਲਦੇ ਹੋਏ ਜਵਾਲਾਮੁਖੀ ਦੇ ਮੂੰਹ ਉੱਤੇ ਬੈਠੀ ਸੀ ਉਹ।

ਛੇਵੇਂ ਦਿਨ ਕਾਲਜ ਤੋਂ ਮੁੱਖ ਅਧਿਆਪਕ ਦਾ ਫ਼ੋਨ "ਹਰਸ਼ਿਤਾ, ਕਾਲਜ ਆਉ ਤਾਂ ਤੁਹਾਡਾ ਮਨ ਬਦਲ ਜਾਵੇਗਾ।" ਘਰ ਵਾਲਿਆਂ ਨੇ ਵੀ ਇਸ ਗੱਲ ਉੱਤੇ ਜ਼ੋਰ ਦਿੱਤਾ ਤਾਂ ਆਪਣੇ ਆਪ ਨੂੰ ਬੜੀ ਕੋਸ਼ਿਸ਼ ਨਾਲ ਕਾਲਜ ਜਾਣ ਦੇ ਲਈ ਤਿਆਰ ਕੀਤਾ ਉਸਨੇ। ਗਈ ਵੀ। ਪਰ ਮਨ ਨਹੀਂ ਲੱਗਾ। ਬਾਦ ਵਿਚ ਪਤਾ ਚੱਲਿਆ ਕਿ ਮੁੱਖ ਅਧਿਆਪਕ ਦੇ ਕੋਲ ਬੱਚਿਆਂ ਦੇ ਮਾਤਾ-ਪਿਤਾ ਦੇ ਬਹੁਗਿਣਤੀ ਫੋਨ ਆਏ-"ਉਸ ਅਧਿਆਪਕਾ ਨੂੰ ਅਗਰ ਆਪਣੇ ਕਾਲਜ ਤੋਂ ਨਹੀਂ ਕੱਢਿਆ ਤਾਂ ਆਪਣੇ ਬੱਚਿਆਂ ਨੂੰ ਤੁਹਾਡੇ ਕਾਲਜ ਵਿਚੋਂ ਕੱਢਣੋਂ ਸਾਨੂੰ ਨਹੀਂ ਰੋਕ ਸਕੋਗੇ।"

ਸੱਚਮੁਚ ਹੱਦ ਸੀ ਇਹ।

ਹਰਸ਼ਿਤਾ ਤੜਫ ਉੱਠੀ - ਇਕ ਬਿਨਾਂ ਕੀਤੇ ਅਪਰਾਧ ਦੀ ਸਜ਼ਾ ਆਖ਼ਿਰ ਕਦ ਤੱਕ ਭੋਗੇਗੀ ਉਹ?

ਇਸੇ ਬੇਚੈਨੀ ਵਿਚ ਉਹ ਉੱਠੀ ਅਤੇ ਸਿੱਧੀ ਅਖ਼ਬਾਰ ਦੇ ਦਫ਼ਤਰ ਵਿਚ ਜਾ ਪਹੁੰਚੀ। 'ਮਾਲਿਕ' ਦੇ ਏਅਰ ਕੰਡੀਸ਼ਨਰ ਰੂਮ ਵਿਚ ਜਾ ਕੇ ਚੀਕ ਉੱਠੀ- "ਮੈਨੂੰ ਪਹਿਚਾਣਦੇ ਹੋ? ਮੈਂ ਕਥਾ ਗੈਂਗਰੇਪ ਕਾਂਡ ਨਾਲ ਜੁੜੀ ਡਾ. ਹਰਸ਼ਿਤਾ ਹਾਂ।"

"ਹੈਂ, ਆਪ?" ਵਿਚਾਰੇ ਪੱਤਰ ਸੁਆਮੀ ਘਬਰਾ ਕੇ ਆਪਣੀ ਕੁਰਸੀ ਤੋਂ ਉੱਠ ਖੜ੍ਹੇ ਹੋਏ।

ਉਹ ਉਸੇ ਤਰ੍ਹਾਂ ਲੋਹੀ ਲਾਖੀ ਖੜੀ ਰਹੀ। "ਆਪਣੇ ਅਖ਼ਬਾਰ ਵਿਚ ਹਫ਼ਤੇ ਤੋਂ ਕੀ ਸ਼ੋਰ ਮਚਾ ਰੱਖਿਆ ਹੈ?" ਛਿਪਾ ਕੇ ਰੱਖੇ ਹੋਏ ਸਬੂਤ ਦੇ ਉਹਲੇ ਵਿਚ ਜੋ-ਚਾਹੇ ਉਹ ਬਕਣ ਦਾ ਹੱਕ ਨਹੀਂ ਮਿਲ ਗਿਆ ਤੁਹਾਨੂੰ ਲੋਕਾਂ ਨੂੰ। ਮੈਂ ਆਪਣੀ ਗੱਲ ਮਾਨਵ ਅਧਿਕਾਰ ਆਯੋਗ ਤੱਕ ਲੈ ਜਾਵਾਂਗੀ। ਕੋਈ ਚੀਜ਼ ਚਾਹੇ ਉਹ ਮੀਡੀਆ ਕਿਉਂ ਨਾ ਹੋਵੇ, ਬੇਕਸੂਰ ਇਨਸਾਨ ਦਾ ਜੀਣਾ ਦੂਭਰ ਕਰ ਦੇਵੇ। ਤੁਹਾਨੂੰ ਆਪਣੇ "ਸੁਰੱਖਿਅਤ ਸਬੂਤ" ਕੱਢਣੇ ਹੀ ਪੈਣਗੇ। ਦੱਸੋ।"

"ਪਾਣੀ ਲਿਆਓ ਭਾਈ।" ਮਾਲਿਕ ਦੇ ਮੱਥੇ ਉੱਤੇ ਪਸੀਨਾ ਚੋ ਪਿਆ। ਸੱਚਮੁਚ ਦਫ਼ਤਰ ਵਿਚ ਖਲਬਲੀ ਮਚ ਗਈ। ਪੂਰੀ ਘਟਨਾ ਦੇ ਜਾਣਕਾਰ ਕਿਸੇ ਆਦਮੀ ਨੇ ਲੜਖੜਾਈ ਆਵਾਜ਼ ਵਿਚ ਦੱਸਿਆ, "ਤੁਹਾਡੇ ਕਾਲਜ ਦੇ ਪੁਰਾਣੇ ਵਿਦਿਆਰਥੀ ਸੰਮੇਲਨ ਦੀ ਸਮਾਪਤੀ ਤੋਂ ਬਾਦ ਕਾਲਜ ਦੇ ਹੀ ਦੋ ਲੜਕੇ ਆ ਕੇ ਸਾਨੂੰ ਇਹ ਸਨਸਨੀ ਫੈਲਾਅ ਦੇਣ ਵਾਲੀ ਖ਼ਬਰ ਦੇ ਗਏ ਸੀ।"

"ਅਤੇ ਦੋ ਪਿੱਦਿਆਂ ਦੀ ਬਕਵਾਸ ਨੂੰ ਤੁਸੀਂ 'ਖ਼ਬਰ' ਮੰਨ ਗਏ? ..... ਛਾਪ ਦਿੱਤਾ।" ਉਸ ਨੇ ਫੁੰਕਾਰਾ ਮਾਰਿਆ।

"ਸਾਨੂੰ ਇਨਾ ਬੇਵਕੂਫ ਨਾ ਸਮਝੋ ਮੈਡਮ" ਦਫ਼ਤਰ ਵਿਚ ਪਏ ਸ਼ੋਰ ਦੀ ਖ਼ਬਰ ਪਾ ਕੇ ਹੁਣੇ-ਹੁਣੇ ਅੰਦਰ ਆਏ ਸਹਾਇਕ ਸੰਪਾਦਕ ਠੰਡੀ ਆਵਾਜ਼ ਵਿਚ ਬੋਲੇ- "ਇਕ ਜ਼ਿੰਮੇਵਾਰ ਅਖ਼ਬਾਰ ਹੋਣ ਦੇ ਨਾਤੇ-ਅਖ਼ਬਾਰ ਨੇ ਠੋਸ ਸਬੂਤ ਪਾਉਣ ਤੋਂ ਬਾਦ ਹੀ ਕੁਝ ਲਿਖਿਆ ਹੈ।"

"ਦੇਖੋ, ਬੇਹੂਦਗੀ ਬਹੁਤ ਹੋ ਚੁੱਕੀ। ਮੈਨੂੰ ਉਹ ਠੋਸ ਸਬੂਤ ਚਾਹੀਦੇ ਹਨ, ਹੁਣੇ ਅਤੇ ਇਥੇ ਹੀ।" ਹਰਸ਼ਿਤਾ ਦੀ ਆਵਾਜ਼ ਚੀਕਣ ਦੀ ਕੋਸ਼ਿਸ਼ ਵਿਚ ਫਟਣ ਵਾਲੀ ਹੋ ਗਈ।

"ਪਲੀਜ਼! ਪਹਿਲਾਂ ਤੁਸੀਂ ਸ਼ਾਂਤ ਹੋ ਜਾਉ। ਉਨ੍ਹਾਂ ਦੋਹਾਂ ਲੜਕਿਆਂ ਨਾਲ ਸਾਡੀ ਸਾਰੀ ਗੱਲਬਾਤ ਇਸ ਟੇਪ ਰਿਕਾਰਡ ਵਿਚ ਬੰਦ ਹੈ। ਤੁਸੀਂ ਸ਼ਾਂਤ ਹੋ ਕੇ ਇਸ ਸੁਣ ਸਕੋਗੇ।"

ਕਹਿੰਦੇ ਹੋਏ ਅਖ਼ਬਾਰ ਦੇ ਸੰਪਾਦਕ ਨੇ ਅਲਮਾਰੀ ਖੋਲ੍ਹ ਕੇ ਇਕ ਟੇਪ ਰਿਕਾਰਡ ਕੱਢ ਲਿਆ ਅਤੇ ਉਸਨੂੰ ਚਲਾ ਦਿੱਤਾ। ਅਗਲੇ ਹੀ ਪਲ ਕਮਰੇ ਵਿਚ ਆਵਾਜ਼ ਗੂੰਜ ਉੱਠੀ।

"ਅਸੀਂ ਲੋਕ, ਐਨੀ.ਬੈ ਸੈਂਟ. ਇੰਟਰ ਕਾਲਜ ਦੇ ਵਿਦਿਆਰਥੀ ਹਾਂ। ਅੱਜ ਸ਼ਾਮ ਸਾਡੇ ਇਥੇ ਪੁਰਾਣਾ ਵਿਦਿਆਰਥੀ ਸੰਮੇਲਨ ਆਯੋਜਿਤ ਕੀਤਾ ਜਾ ਰਿਹਾ ਹੈ। ਉਸੇ ਪ੍ਰੋਗਰਾਮ ਦੇ ਦੌਰਾਨ ਉਨ੍ਹਾਂ ਹੀ ਪੁਰਾਣੇ ਵਿਦਿਆਰਥੀਆਂ ਵਿਚੋਂ ਚਾਰ ਪੰਜ ਨੇ ਇਕ ਅਧਿਆਪਕਾ ਦੇ ਨਾਲ ਗੈਂਗਰੇਪ ਕੀਤਾ ਹੈ" ਇਕ ਲੜਕੇ ਦੀ ਆਵਾਜ਼ ਸੁਣਾਈ ਦਿੱਤੀ।

"ਕਿਸ ਅਧਿਆਪਕ ਦੇ ਨਾਲ?" ਮਰਦ ਆਵਾਜ਼ ਨੇ ਪੁੱਛਿਆ।

"ਹਰਸ਼ਿਤਾ ਨਾਮ ਹੈ ਉਸਦਾ।"

"ਬੱਚਿਉ ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਕਹਿ ਰਹੇ ਹੋ?"

"ਅਸੀਂ ਇੰਟਰ ਫਸਟ ਈਅਰ ਦੇ ਵਿਦਿਆਰਥੀ ਹਾਂ, ਸਰ। ਇੰਨੇ ਛੋਟੇ ਨਹੀਂ ਕਿ ਇਹਨਾਂ ਗੱਲਾਂ ਨੂੰ ਨਾ ਸਮਝ ਸਕੀਏ। ਜੋ ਕੁਝ ਕਹਿ ਰਹੇ ਹਾਂ, ਪੂਰੇ ਹੋਸ਼ ਹਵਾਸ ਵਿਚ ਕਹਿ ਰਹੇ ਹਾਂ।" ਇਹ ਆਵਾਜ਼ ਕਿਸੇ ਦੂਸਰੇ



ਲੜਕੇ ਦੀ ਸੀ।

"ਠੀਕ ਹੈ, ਪੂਰੀ ਗੱਲ ਦੱਸੋ।"

"ਸਰ ਹਾਲ ਵਿਚ ਪ੍ਰੋਗਰਾਮ ਸ਼ੁਰੂ ਹੁੰਦੇ ਹੀ ਹਰਸ਼ਿਤਾ ਮਿਸ ਬਾਹਰ ਨਿਕਲ ਆਈ ਅਤੇ ਕਾਲਜ ਦੇ ਫਾਟਕ ਦੇ ਸਾਹਮਣੇ ਖੜ੍ਹੀ ਟਾਟਾ ਸੂਮੋ ਵਿਚ ਬੈਠ ਗਈ। ਕਿਉਂਕਿ ਫੰਕਸ਼ਨ ਵਾਲੇ ਦਿਨ ਮਿਸ ਦਾ ਇਹ ਅਟਪਟਾ ਜਿਹਾ ਆਚਰਨ ਸਾਡੀ ਸਮਝ ਵਿਚ ਨਹੀਂ ਆਇਆ। ਇਸ ਲਈ ਅਸੀਂ ਉਨ੍ਹਾਂ ਵੱਲ ਆਕਰਸ਼ਿਤ ਹੋਏ।"

"ਤੁਸੀਂ ਲੋਕ ਉੱਥੇ ਕੀ ਕਰ ਰਹੇ ਸੀ?"

"ਅਸੀਂ ਲੋਕ ਪਾਣੀ ਪੀਣ ਦੇ ਲਈ ਟੂਟੀ ਦੇ ਕੋਲ ਖੜ੍ਹੇ ਸੀ।"

"ਕਾਲਜ ਦੇ ਫਾਟਕ ਉੱਤੇ ਚੌਕੀਦਾਰ ਨਹੀਂ ਹੈ ਕੀ?"

"ਚੌਕੀਦਾਰ ਤਾਂ ਹੈ, ਪਰ ਕਿਉਂਕਿ ਪ੍ਰੋਗਰਾਮ ਸ਼ੁਰੂ ਹੁੰਦੇ ਹੀ ਸਾਰੀ ਭੀੜ ਹਾਲ ਵਿਚ ਪਹੁੰਚ ਗਈ ਸੀ, ਇਸ ਲਈ ਉਹ ਚਾਹ ਪੀਣ ਲਈ ਨੁੱਕਰ ਵਾਲੀ ਚਾਹ ਦੀ ਦੁਕਾਨ ਉੱਤੇ ਚਲਾ ਗਿਆ ਸੀ।"

"ਅਤੇ ਫਿਰ ਕੀ ਹੋਇਆ?"

"ਫਿਰ ਹਾਲ ਤੋਂ ਚਾਰ-ਪੰਜ ਲੋਕ ਨਿਕਲੇ, ਜ਼ਰੂਰ ਪੁਰਾਣੇ ਵਿਦਿਆਰਥੀ ਰਹੇ ਹੋਣਗੇ, ਕਿਉਂਕਿ ਇਸ ਤੋਂ ਪਹਿਲਾਂ ਅਸੀਂ ਉਨ੍ਹਾਂ ਨੂੰ ਕਾਲਜ ਵਿਚ ਕਦੇ ਨਹੀਂ ਸੀ ਵੇਖਿਆ। ਉਨ੍ਹਾਂ ਦੇ ਬੈਠਦੇ ਹੀ ਗੱਡੀ ਚੱਲ ਪਈ। ਸਾਡੀ ਉਤਸੁਕਤਾ ਹੋਰ ਵਧ ਗਈ। ਹਰਸ਼ਿਤਾ ਮਿਸ ਕਿੱਥੇ ਜਾ ਰਹੀ ਹੈ? ਕਿਨ੍ਹਾਂ ਲੋਕਾਂ ਦੇ ਨਾਲ ਜਾ ਰਹੀ ਹੈ? ਕਿਉਂ ਜਾ ਰਹੀ ਹੈ? ਆਦਿ ਸਵਾਲ ਸਾਡੇ ਮਨ ਵਿਚ ਸੁਭਾਵਿਕ ਰੂਪ ਵਿਚ ਖੜੇ ਹੋਏ। ਅਸੀਂ ਇਕ ਦੂਸਰੇ ਵਲ ਦੇਖਿਆ, ਅੱਖਾਂ-ਅੱਖਾਂ ਵਿਚ ਫੈਸਲਾ ਕੀਤਾ ਅਤੇ ਫੁਰਤੀ ਨਾਲ ਆਪਣੀ ਮੋਟਰ ਸਾਈਕਲ ਉੱਤੇ ਸਵਾਰ ਹੋ ਕੇ ਅਸੀਂ ਵੀ ਉਸ ਟਾਟਾ ਸੂਮੋ ਦੇ ਪਿੱਛੇ ਚਲੇ ਗਏ।"

"ਫਿਰ?"

"ਕਰੀਬ ਅੱਧੇ ਘੰਟੇ ਬਾਦ ਤੇਜ਼ ਰਫਤਾਰ ਦੀ ਉਸ ਗੱਡੀ ਨੇ 25-30 ਕਿਲੋਮੀਟਰ ਦੀ ਦੂਰੀ ਤੈਅ ਕਰ ਲਈ ਅਤੇ ਜੀ.ਟੀ ਰੋਡ ਉੱਤੇ ਦੌੜਦੀ ਹੋਈ ਸੜਕ ਦੇ ਕਿਨਾਰੇ ਬਣੀ ਹੋਈ ਇਕ ਵਿਸ਼ਾਲ ਕੋਠੀ ਦੇ ਸਾਹਮਣੇ ਰੁਕ ਗਈ। ਸਰ ਕੋਠੀ ਨਹੀਂ। ਉਹ ਇਕ ਐਸ਼ਗਾਹ ਸੀ। ਉੱਥੇ ਹੀ ਉਹਨਾਂ ਪੰਜਾਂ ਨੇ ਸਾਡੀ ਮਿਸ ਦੇ ਨਾਲ ਰੇਪ ਕੀਤਾ ਸੀ।"

"ਕੋਈ ਸਬੂਤ?"

"ਯੈੱਸ ਸਰ, ਸਬੂਤ ਹੈ, ਫੰਕਸ਼ਨ ਦੇ ਫੋਟੋ ਖਿੱਚਣ ਦੇ ਲਈ ਅਸੀਂ ਲੋਕ ਘਰੋਂ ਕੈਮਰਾ ਲਿਆ ਸੀ। ਉਹ ਕੈਮਰਾ ਸਾਡੀ ਜੇਬ ਵਿਚ ਸੀ। ਅਸੀਂ ਆਪਣੇ ਕੈਮਰੇ ਨਾਲ ਉਸ ਦ੍ਰਿਸ਼ ਦੇ ਕਈ ਚਿੱਤਰ ਖਿੱਚੇ ਹਨ।"

"ਗੁੱਡ ਕਿੱਥੇ ਹੈ ਕੈਮਰਾ?"

"ਸਰ, ਇਹ ਰਿਹਾ, ਰੋਸ਼ਨਦਾਰ ਦੇ ਸਹਾਰੇ ਉੱਪਰ ਚੜ੍ਹ ਕੇ, ਕੈਮਰੇ ਦੇ ਅੰਦਰ ਦੇ ਫੋਟੋ ਲੈਣਾ ਆਸਾਨ ਤਾਂ ਨਹੀਂ ਸੀ। ਚਿੱਤਰ ਯਕੀਨਨ ਧੁੰਦਲੇ ਆਏ ਹੋਣਗੇ। ਪਰ ਦੁਰਘਟਨਾ ਦਾ ਪੱਕਾ ਸਬੂਤ ਤਾਂ ਹੈ ਹੀ।"

"ਹੂੰ.........."

"ਕਰੀਬ ਘੰਟਾ ਭਰ ਉਹ ਲੋਕ ਉੱਥੇ ਰਹੇ। ਫਿਰ ਸਾਰੇ ਬਾਹਰ ਨਿਕਲੇ ਅਤੇ ਟਾਟਾ ਸੂਮੋ ਵਿਚ ਬੈਠ ਕੇ ਵਾਪਿਸ ਹੋ ਲਏ, ਹਰਸ਼ਿਤਾ ਮਿਸ ਬੀਮਾਰ ਜਿਹੀ ਡਿਗਦੀ-ਢਹਿੰਦੀ ਹਾਲਤ ਵਿਚ ਸੀ।"

"ਹੂੰ"

"ਅੱਗੇ ਦੀ ਘਟਨਾ ਜਾਣਨ ਦੇ ਲਈ ਸਾਡੀ ਮੋਟਰ ਸਾਈਕਲ ਇਕ ਵਾਰ ਫਿਰ ਟਾਟਾ ਸੂਮੋ ਦੇ ਪਿੱਛੇ ਦੌੜੀ। ਇਸ ਵਾਰ ਉਹ ਲੋਕ ਇਕ ਨਰਸਿੰਗ ਹੋਮ ਦੇ ਸਾਹਮਣੇ ਰੁਕੇ, ਸ਼ਾਇਦ ਅੰਦਰ ਜਾ ਕੇ ਹਰਸ਼ਿਤਾ ਮਿਸ ਦੀ ਜਾਂਚ ਕਰਵਾਈ ਤੇ ਫਿਰ ਗੱਡੀ ਵਿਚ ਬਿਠਾ ਕੇ ਉਨ੍ਹਾਂ ਦੇ ਘਰ ਦੇ ਦਰਵਾਜ਼ੇ ਉੱਤੇ ਛੱਡ ਆਏ ....... ਇਸ ਤੋਂ ਬਾਦ ਅਸੀਂ ਦੋਨੋਂ ਕਾਫੀ ਦੇਰ ਤੱਕ ਕਾਫੀ ਹਾਊਸ ਵਿਚ ਬੈਠ ਕੇ ਸੋਚਦੇ ਰਹੇ ਕਿ ਅੱਗੇ ਕੀ ਕੀਤਾ ਜਾਵੇ? ਸੋਚਣ ਵਿਚਾਰਨ ਤੋਂ ਬਾਦ ਸਾਨੂੰ ਲੱਗਿਆ ਕਿ ਇਹ ਖ਼ਬਰ ਅਖ਼ਬਾਰ ਤੱਕ ਪਹੁੰਚਾਉਣੀ ਚਾਹੀਦੀ ਹੈ। ਇਸ ਲਈ ਅਸੀਂ ਇੱਥੇ ਆਏ ਹਾਂ।"

"ਹੂੰ"

"ਇਹ ਹੈ ਸਾਡਾ ਕੈਮਰਾ, ਉਹ ਹਾਦਸੇ ਦਾ ਸਬੂਤ .... ਇਸਦੀ ਰੀਲ ਕੱਢ ਕੇ ਤੁਹਾਨੂੰ ਦਿੰਦੇ ਜਾ ਰਹੇ ਹਾਂ। ਫੋਟੋਆਂ ਤੁਸੀਂ ਖ਼ੁਦ ਧੁਆ ਲੈਣਾ। ਅਸੀਂ ਇਸ ਨੂੰ ਰੱਖ ਕੇ ਕੀ ਕਰਾਂਗੇ।"

ਬਸ ਇੱਥੇ ਤੱਕ ਰਿਕਾਰਡ ਸੀ ਗੱਲਬਾਤ।

ਅਖ਼ਬਾਰ ਦੇ ਸਹਾਇਕ ਸੰਪਾਦਕ ਨੇ ਟੇਪ ਰਿਕਾਰਡ ਬੰਦ ਕੀਤਾ ਅਤੇ ਜੇਤੂ ਹੌਸਲੇ ਨਾਲ ਹਰਸ਼ਿਤਾ ਵੱਲ ਦੇਖਿਆ।

ਹਰਸ਼ਿਤਾ ਬੇਚੈਨੀ ਵਿਚ ਬੋਲੀ – "ਰੀਲ ਤਾਂ ਤੁਸੀਂ ਧੁਆ ਲਈ ਹੋਵੇਗੀ? ਫੋਟੋ ਦਿਖਾਉਗੇ?"

"ਅਸ਼ਲੀਲ ਚਿੱਤਰ ਹਨ। ਸਾਡੀ ਹਾਜ਼ਰੀ ਵਿਚ ਤੁਸੀਂ ਉਸ ਨੂੰ ਦੇਖ ਸਕੋਗੇ?"

"ਗੈਂਗਰੇਪ ਵਿਚ ਲਿਬੜਦੇ ਹੋਏ ਜਿਸ ਨੂੰ ਸ਼ਰਮ ਨਹੀਂ ਆਈ, ਉਸਨੂੰ ਫੋਟੋ ਦੇਖਣ ਵਿਚ ਕੈਸੀ ਸ਼ਰਮ?" ਹਰਸ਼ਿਤਾ ਦਾ ਆਵਾਜ਼ ਥੋੜ੍ਹੀ ਕੁਸੈਲੀ ਹੋ ਗਈ।

ਮੇਜ਼ ਉੱਤੇ ਕਈ ਚਿੱਤਰ ਬਿਖਰ ਗਏ।

ਸੱਚਮੁਚ ਉਨ੍ਹਾਂ ਵੱਲ ਅੱਖਾਂ ਉਠਾ ਕੇ ਦੇਖਣਾ ਕਿਸੇ ਸ਼ਰੀਫ ਲੜਕੀ ਦੇ ਲਈ ਆਸਾਨ ਨਹੀਂ ਸੀ। ਹਰਸ਼ਿਤਾ ਨੇ ਵੀ ਇਕ ਸਰਸਰੀ ਨਜ਼ਰ ਪਾਈ ਅਤੇ ਗੁਸੈਲੀ ਆਵਾਜ਼ ਵਿਚ ਬੋਲੀ। "ਤੁਸੀਂ ਦਾਅਵੇ ਨਾਲ ਕਹਿ ਸਕਦੇ ਹੋ ਕਿ ਇਨ੍ਹਾਂ ਚਿੱਤਰਾਂ ਵਿਚ ਨਜ਼ਰ ਆਉਣ ਵਾਲੀ ਲੜਕੀ ਮੈਂ ਹੀ ਹਾਂ?"

ਪਹਿਲੀ ਵਾਰ ਸਹਾਇਕ ਸੰਪਾਦਕ ਦੇ ਚਿਹਰੇ 'ਤੇ ਉਦਾਸੀ ਨਜ਼ਰ ਆਈ। ਸੱਚਮੁਚ ਚਿੱਤਰ ਕਾਫ਼ੀ ਧੁੰਦਲੇ ਸਨ। ਚਾਰ-ਪੰਜ ਲੜਕਿਆਂ ਦੀ ਹਵਸ ਦਾ ਸ਼ਿਕਾਰ ਹੋਣ ਵਾਲੀ ਕੋਈ ਵੀ ਲੜਕੀ ਹੋ ਸਕਦੀ ਹੈ ਉਹ।

ਹਰਸ਼ਿਤਾ ਨੇ ਮੇਜ਼ ਉੱਤੇ ਪਏ ਚਿੱਤਰਾਂ ਵਿਚੋਂ ਇਕ ਚੁੱਕ ਲਿਆ ਅਤੇ ਤਿੱਖੀ ਆਵਾਜ਼ ਵਿਚ ਬੋਲੀ "ਇਹ ਫੋਟੋ ਮੈਂ ਤੁਹਾਡੇ ਅਖ਼ਬਾਰ ਵਿਚ ਪਹਿਲੇ ਵੀ ਦੇਖ ਚੁੱਕੀ ਹਾਂ। ਤੁਹਾਡੇ ਬਿਆਨ ਐਸ਼ਗਾਹ ਦਾ ਚਿਤਰ ਹੈ ਇਹ। ਦੱਸੋਗੇ? ਇਹ ਇਮਾਰਤ 50 ਕਿਲੋਮੀਟਰ ਦੇ ਦਾਇਰੇ ਵਿਚ ਕਿੱਥੇ ਹੈ?"

ਸਹਾਇਕ ਸੰਪਾਦਕ ਦੇ ਚਿਹਰੇ ਦਾ ਰੰਗ ਉੱਡ ਗਿਆ।

ਹਰਸ਼ਿਤਾ ਨੇ ਇਕ ਹੋਰ ਚਿਤਰ ਚੁੱਕਿਆ ਤੇ ਅੱਗੇ ਵਧਾਇਆ ਅਤੇ ਇਹ ਹੈ ਤੁਹਾਡਾ ਨਰਸਿੰਗ ਹੋਮ, ਜਿੱਥੇ ਕਥਾ ਗੈਂਗਰੇਪ ਪੀੜਤ ਦਾ ਇਲਾਜ ਹੋਇਆ। ਦੱਸੋਗੇ, ਇਸਦਾ ਨਾਮ ਕੀ ਹੈ? ਇਹ ਹਸਪਤਾਲ ਕਿੱਥੇ ਹੈ?"

ਇਸ ਵਾਰ ਉੱਤਰ ਦੇਣ ਵਿਚ ਸਹਾਇਕ ਸੰਪਾਦਕ ਦੀ ਜ਼ੁਬਾਨ ਲੜਖੜਾ ਗਈ, "ਮੈਡਮ ਤੁਹਾਡੇ ਇਹਨਾਂ ਸਵਾਲਾਂ ਦਾ ਜਵਾਬ ਤਾਂ ਉਹ ਲੜਕੇ ਹੀ ਦੇ ਸਕਦੇ ਹਨ?"

"ਲੇਕਿਨ ਅਖ਼ਬਾਰ ਵਿਚ ਕੋਈ ਖ਼ਬਰ ਛਾਪਣ ਤੋਂ ਪਹਿਲਾਂ ਪੂਰੀ ਜਾਣਕਾਰੀ ਲੈ ਲੈਣਾ ਕੀ ਤੁਹਾਡਾ ਫਰਜ਼ ਨਹੀਂ ਸੀ? ਹੰਗਾਮਾ ਖੜ੍ਹਾ ਕਰਕੇ ਸੁਰਖੀਆਂ ਵਿਚ ਛਪਵਾਉਣ ਤੋਂ ਪਹਿਲਾਂ ........"

ਅਤੇ ਹਰਸ਼ਿਤਾ ਜਿਵੇਂ ਥੱਕ ਕੇ ਪੂਰੀ ਤਰ੍ਹਾਂ ਚੂਰ ਹੋ ਚੁੱਕੀ ਸੀ, ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਸਹਾਇਕ ਸੰਪਾਦਕ ਨੇ ਖ਼ੁਦ ਨੂੰ ਸੰਭਾਲਣ ਦੀ ਆਖ਼ਰੀ ਕੋਸ਼ਿਸ਼ ਕੀਤੀ- "ਸਾਡੇ ਆਦਮੀ ਨੇ ਖ਼ੁਦ ਨਾਲ ਜਾ ਕੇ ਉਨ੍ਹਾਂ ਲੜਕਿਆਂ ਦੇ ਘਰ ਦੇਖ ਲਏ ਹਨ। ਮੈਮ ਸਿਰਫ਼ ਪੰਜ ਮਿੰਟ ਦਾ ਵਕਤ ਦਿਓ, ਉਨ੍ਹਾਂ ਨੂੰ ਮੈਂ ਹੁਣੇ ਤੁਹਾਡੇ ਸਾਹਮਣੇ ਬੁਲਵਾ ਦਿੰਦਾ ਹਾਂ।"

ਹਰਸ਼ਿਤਾ ਦੇ ਮੂੰਹੋਂ ਇਕ ਠੰਡੀ ਆਹ ਨਿਕਲੀ, ਉੱਠਦੇ ਹੋਏ ਬੋਲੀ- "ਮੈਂ ਚਲਦੀ ਹਾਂ। ਉਹ ਦੋ ਲੜਕੇ ਜੋ ਵੀ ਹਨ, ਉਨ੍ਹਾਂ ਨੂੰ ਹੁਣ ਸਭ ਦੇ ਸਾਹਮਣੇ ਪੇਸ਼ ਕਰਨਾ।"

ਤੁਰੰਤ ਕਾਲਜ ਪਹੁੰਚ ਕੇ, ਮੁੱਖ ਅਧਿਆਪਕ ਦੇ ਕਮਰੇ ਵਿਚ ਦਾਖਿਲ ਹੁੰਦੇ ਹੋਏ ਬੋਲੀ, "ਸਰ ਹਫ਼ਤਾ ਭਰ ਪਹਿਲਾਂ ਤੁਸੀਂ ਪ੍ਰੈਸ ਕਾਨਫਰੰਸ ਬੁਲਾਉਣ ਨੂੰ ਕਿਹਾ ਸੀ, ਅੱਜ ਮੈਂ ਅਗਲੀ ਪ੍ਰੈਸ ਕਾਨਫਰੰਸ ਬੁਲਾਉਣ ਦੀ ਬੇਨਤੀ ਕਰ ਰਹੀ ਹਾਂ। ਕਥਾ ਗੈਂਗਰੇਪ ਕਾਂਡ ਕਾਫ਼ੀ ਖਿੱਚ ਗਿਆ ਹੈ। ਹੁਣ ਇਸ ਦਾ ਪਰਦਾ ਉਠਣਾ ਬਹੁਤ ਜ਼ਰੂਰੀ ਹੈ।"

"ਕੀ ਤੁਹਾਡੇ ਕੋਲ ਕਹਿਣ ਦੇ ਲਈ ਨਵਾਂ ਕੁਝ ਹੈ?" ਮੁੱਖ ਅਧਿਆਪਕ ਨੇ ਪੁੱਛਿਆ।

"ਸ਼ਾਇਦ .....ਹਾਂ।"

ਜਾਨਣ ਦੀ ਉਤਸੁਕਤਾ ਨਹੀਂ ਦਿਖਾਈ ਮੁੱਖ ਅਧਿਆਪਕ ਨੇ। ਸ਼ਾਮ ਚਾਰ ਵਜੇ ਦਾ ਸਮਾਂ ਪ੍ਰੈਸ ਕਾਨਫਰੰਸ ਦੇ ਲਈ ਤੈਅ ਕਰਕੇ ਜਲਦੀ-ਜਲਦੀ ਕਈ ਫੋਨ ਜ਼ਰੂਰ ਖੜਕਾ ਦਿੱਤੇ।

ਹਰਸ਼ਿਤਾ ਉਸ ਪੂਰੇ ਸਮੇਂ ਮੁੱਖ ਅਧਿਆਪਕ ਦੇ ਕਮਰੇ ਵਿਚ ਸਿਰ ਝੁਕਾ ਕੇ ਬੈਠੀ ਰਹੀ।

ਰੱਖੇ ਗਏ ਸਮੇਂ ਉੱਤੇ ਦੂਸਰੇ ਲੋਕਾਂ ਦੇ ਨਾਲ ਪਾਪਾ ਅਤੇ ਵੀਰ ਜੀ ਹਾਲ ਵਿਚ ਪਹੁੰਚ ਗਏ। ਕਰੀਬ-



ਕਰੀਬ ਉਹ ਸਾਰੇ ਚਿਹਰੇ ਦਿਖਾਈ ਦਿੱਤੇ ਜੋ ਹਫਤਾ ਪਹਿਲਾਂ ਇਸ ਹਾਲ ਵਿਚ ਇਕੱਠੇ ਹੋਏ ਸੀ। ਹਾਂ, ਦੋ ਚਿਹਰੇ ਜ਼ਰੂਰ ਨਵੇਂ ਸਨ। ਕਾਲਜ ਦੇ ਲਈ ਨਹੀਂ, ਇਸ ਪ੍ਰੈਸ ਕਾਨਫਰੰਸ ਦੇ ਲਈ— 17-18 ਸਾਲ ਦੇ ਦੋ ਲੜਕਿਆਂ ਦੇ ਚਿਹਰੇ। ਅਖ਼ਬਾਰ ਦੇ ਸਹਾਇਕ ਸੰਪਾਦਕ ਦੇ ਨਾਲ ਦੋਨੋਂ ਆਏ ਸੀ।

ਹਰਸ਼ਿਤਾ ਆਪਣੀ ਸਿੱਧੀ ਤੋਰੇ ਸਟੇਜ 'ਤੇ ਪਹੁੰਚੀ ਅਤੇ ਸ਼ਾਂਤ, ਪਰ ਬੁਲੰਦ ਆਵਾਜ਼ ਵਿਚ ਬੋਲੀ – "ਸੱਜਣੋਂ ਅਤੇ ਦੇਵੀਓ, ਪੂਰੇ ਇਕ ਹਫ਼ਤੇ ਬਾਦ ਤੁਹਾਡੇ ਕਥਾ ਗੈਂਗਰੇਪ ਕਾਂਡ ਦਾ ਪਰਦਾ ਸਾਫ਼ ਕਰਨ ਲਈ ਮੈਂ ਤੁਹਾਨੂੰ ਇੱਥੇ ਬੁਲਾਇਆ ਹੈ। ਅਖ਼ਬਾਰ ਵਿਚ ਜੋ ਖ਼ਬਰ ਛਪੀ ਸੀ, ਉਸਦੀ ਕਹਾਣੀ ਅਖ਼ਬਾਰ ਸੰਪਾਦਕ ਦੀ ਜ਼ੁਬਾਨੀ ਹੀ ਸੁਣੋ।"

ਸਹਾਇਕ ਸੰਪਾਦਕ ਨੇ ਮੰਚ ਉੱਤੇ ਆ ਕੇ ਉਹੀ ਸਭ ਦੱਸਿਆ, ਜੋ ਕੁਝ ਘੰਟੇ ਪਹਿਲਾਂ ਆਪਣੇ ਦਫ਼ਤਰ ਵਿਚ ਹਰਸ਼ਿਤਾ ਨੂੰ ਦੱਸ ਚੁੱਕਿਆ ਸੀ। ਪੂਰਾ ਘਟਨਾਕ੍ਰਮ ਦਾ ਗਵਾਹ ਇਹ ਟੇਪ ਵੀ ਹਾਲ ਵਿਚ ਸੁਣਾਇਆ ਗਿਆ।

ਹਾਲ ਵਿਚ ਹਲਚਲ ਮਚ ਗਈ – "ਕੌਣ ਸੀ ਉਹ ਦੋਨੋਂ ਲੜਕੇ? ਅਖ਼ਬਾਰ ਦੇ ਸੰਪਾਦਕ ਉਨ੍ਹਾਂ ਨੂੰ ਪੇਸ਼ ਕਰੇ।"

"ਲਓ, ਇਹ ਦੋਵੇਂ ਲੜਕੇ ਤੁਹਾਡੇ ਸਾਹਮਣੇ ਮੌਜੂਦ ਹਨ।" ਸਹਾਇਕ ਸੰਪਾਦਕ ਨੇ ਡੁੱਬਦੀ ਆਵਾਜ਼ ਵਿਚ ਕਿਹਾ।

ਮੰਚ ਉੱਤੇ ਪੂਰੀ ਬੇਹਿਆਈ ਨਾਲ ਛਾਤੀ ਚੌੜੀ ਕਰਕੇ ਚੜ੍ਹੇ ਉਨ੍ਹਾਂ ਲੜਕਿਆਂ ਨੂੰ ਦੇਖਦਿਆਂ ਹੀ ਕਾਲਜ ਦੇ ਕੁਝ ਅਧਿਆਪਕਾਂ ਦੇ ਮੂੰਹ ਤੋਂ ਇਕਦਮ ਨਿਕਲ ਆਇਆ --"ਹੈਂ ਇਹ ਦੋਨੋਂ ਤਾਂ ਵਨੀਤ ਅਤੇ ਨੀਲਭ ਹਨ। ਸਾਡੇ ਇੱਥੇ ਫਸਟ ਈਅਰ ਦੇ ਵਿਦਿਆਰਥੀ ਹਨ।"

ਲੜਕਿਆਂ ਨੇ ਬਿਨਾਂ ਡਰ ਦੇ ਪੂਰੇ ਹਾਲ ਦਾ ਜਾਇਜ਼ਾ ਲਿਆ। ਉਨ੍ਹਾਂ ਵਿਚੋਂ ਇਕ ਪੂਰੀ ਬੇਸ਼ਰਮੀ ਨਾਲ ਬੋਲਿਆ – "ਸਾਡੇ ਤੋਂ ਤੁਸੀਂ ਕੀ ਜਾਣਨਾ ਚਾਹੁੰਦੇ ਹੋ? ਲਉ, ਅਸੀਂ ਕਬੂਲ ਰਹੇ ਹਾਂ। ਉਸ ਦਿਨ ਅਖ਼ਬਾਰ ਦੇ ਦਫ਼ਤਰ ਵਿਚ ਅਸੀਂ ਝੂਠੀ ਖ਼ਬਰ ਪਹੁੰਚਾਈ ਸੀ। ਕਿਤੇ ਕੋਈ ਐਸਾ ਗੈਂਗਰੇਪ ਨਹੀਂ ਹੋਇਆ ਸੀ ਜਿਸ ਨਾਲ ਹਰਸ਼ਿਤਾ ਮਿਸ ਜੁੜੀ ਹੋਵੇ।"

"ਸਾਡੇ ਕੈਮਰੇ ਦੇ ਫੋਟੋ ਉਸ ਦਿਨ ਦੇ ਨਹੀਂ ਸਨ। ਉਹ ਤਾਂ ਦੋ ਦਿਨ ਪਹਿਲਾਂ ਇਕ ਹਿੱਲ ਸਟੇਸ਼ਨ ਉੱਤੇ ਇਕ ਲੜਕੀ ਦੇ ਨਾਲ ਕੁਝ ਲੜਕਿਆਂ ਦੇ ਰੰਗਰਲੀਆਂ ਮਨਾਉਣ ਦੇ ਦੌਰਾਨ ਖਿੱਚੇ ਗਏ ਚਿੱਤਰ ਸਨ। ਜੋ ਪ੍ਰਮਾਣਿਤ ਸਬੂਤ ਦੇ ਰੂਪ ਵਿਚ ਅਖ਼ਬਾਰ ਨੂੰ ਸੌਂਪ ਦਿੱਤੇ ਗਏ।" ਦੂਸਰੇ ਨੇ ਵੀ ਛਾਤੀ ਚੌੜੀ ਕਰਕੇ ਕਿਹਾ।

ਸੱਚਮੁਚ ਵਿਸ਼ਵਾਸ ਕਰਨ ਲਾਇਕ ਨਹੀਂ ਸੀ ਇਹ ਸਭ।

ਹਾਲ ਵਿਚ ਘੁਸਰ ਮੁਸਰ ਸ਼ੁਰੂ ਹੋ ਗਈ। "ਖ਼ੁਦ ਨੂੰ ਨਿਰਦੋਸ਼ ਸਾਬਿਤ ਕਰਨ ਦੇ ਲਈ ਮੈਡਮ ਨੇ ਕਿਰਾਏ ਦੇ ਇਨ੍ਹਾਂ ਟੱਟੂਆਂ ਨੂੰ ਲਿਆ ਕੇ ਖੜ੍ਹਾ ਕਰ ਦਿੱਤਾ ਹੈ।"

"ਸਕੂਲੀ ਬੱਚਿਆਂ ਨੂੰ ਭਲਾ ਆਪਣੀ ਅਧਿਆਪਕਾ ਦੇ ਚਰਿੱਤਰ ਉਪਰ ਚਿੱਕੜ ਉਛਾਲਣ ਦੀ ਕੀ ਪਈ ਸੀ?"

"ਵਾਹ, ਘਟਨਾ ਕ੍ਰਮ ਦੇ ਇਸ ਨਾਟਕੀ ਮੋੜ ਨੇ ਤਾਂ ਗੈਸ ਨਾਲ ਭਰੇ ਗੁਬਾਰੇ ਨੂੰ ਬਿਲਕੁਲ ਹੀ 'ਫੁਸ' ਕਰ ਦਿੱਤਾ। ਕੌਣ ਬੇਵਕੂਫ, ਇਸ ਦੀ ਸੱਚਾਈ ਉੱਤੇ ਯਕੀਨ ਕਰੇਗਾ?"

ਲੜਕੇ ਨਾਦਾਨ ਸਨ। ਉਨ੍ਹਾਂ ਨੇ ਭੀੜ ਦੀ ਮਾਨਸਿਕਤਾ ਸਮਝ ਲਈ। ਉਨ੍ਹਾਂ ਨੂੰ ਇਹ ਆਪਣਾ ਅਪਮਾਨ ਪ੍ਰਤੀਤ ਹੋਇਆ। ਉਨ੍ਹਾਂ ਵਿਚੋਂ ਇਕ ਤਿਲ ਮਿਲਾ ਕੇ ਬੋਲਿਆ – "ਤੁਸੀਂ ਲੋਕ ਸਮਝਦੇ ਕੀ ਹੋ? ਹਰਸ਼ਿਤਾ ਮਿਸ ਨੂੰ ਸਬਕ ਸਿਖਾਉਣ ਦੇ ਲਈ ਅਸੀਂ ਇਹ ਸਾਜ਼ਿਸ਼ ਰਚੀ ਸੀ।"

ਦੂਸਰੇ ਵੀ ਕਾਫ਼ੀ ਜੋਸ਼ ਵਿਚ ਆ ਗਿਆ- "ਮਿਸ ਨੂੰ ਤਾਂ ਯਾਦ ਵੀ ਨਹੀਂ ਹੋਵੇਗਾ, ਪਰ ਇਕ ਦਿਨ ਆਪਣੀ ਕਲਾਸ ਦੀ ਇਕ ਲੜਕੀ ਨੂੰ ਛੇੜਨ ਕਾਰਨ ਉਨ੍ਹਾਂ ਨੇ ਸਾਨੂੰ ਝਿੜਕਿਆ ਸੀ। ਪੂਰੀ ਕਲਾਸ ਦੇ ਸਾਹਮਣੇ ਸਾਨੂੰ ਬਕਵਾਸ ਕਿਸਮ ਦੀ ਨਸੀਹਤ ਦਿੱਤੀ ਸੀ। ਅਸੀਂ ਤਾਂ ਆਪਣੇ ਮਾਂ-ਬਾਪ ਦਾ ਉਪਦੇਸ਼ ਨਹੀਂ ਸੁਣ ਸਕਦੇ, ਉਨ੍ਹਾਂ ਦੀ ਬਕਵਾਸ ਕਿਵੇਂ ਬਰਦਾਸ਼ਤ ਕਰਦੇ? ਇਸ ਜੁਰਮ ਦੀ ਸਜ਼ਾ ਤਾਂ ਉਹਨਾਂ ਨੂੰ ਲੱਗਣੀ ਹੀ ਸੀ।" ਕਹਿੰਦੇ ਹੋਏ ਦੂਸਰਾ ਲੜਕਾ ਲੋਹਾ-ਲਾਖਾ ਹੋ ਗਿਆ।

ਪਹਿਲੇ ਨੇ ਕਾਫੀ ਗੰਭੀਰ ਚਿਹਰਾ ਬਣਾ ਕੇ ਕਿਹਾ "ਤੁਸੀਂ ਲੋਕ ਹੀ ਦੱਸੋ, ਸਾਡਾ ਕਸੂਰ ਕੀ ਹੈ? ਅਸੀਂ ਛੋਟੇ ਨਹੀਂ ਹੁਣ 'ਸੈਕਸ' ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਅਸੀਂ ਹੀ ਕਿਉਂ, ਸਾਡੇ ਨਾਲ ਪੜ੍ਹਨ ਵਾਲੀਆਂ ਕੁਝ ਲੜਕੀਆਂ ਵੀ ਇਸ ਖੇਡ ਵਿਚ ਪੂਰੀ ਤਰ੍ਹਾਂ ਰੁਚੀ ਰੱਖਦੀਆਂ ਹਨ। ਪਰ ਉਹ ਲੜਕੀ ਅਣਿਮਾ ਪਾਗਲ ਸੀ, ਜੋ ਸਾਡੇ 'ਕਿਸ' ਮੰਗਣ 'ਤੇ ਹਰਸ਼ਿਤਾ ਮਿਸ ਦੇ ਕੋਲ ਦੌੜੀ ਚਲੀ ਗਈ। ਉਸ ਨਾਲੋਂ ਵੀ ਜ਼ਿਆਦਾ

ਪਾਗਲ ਹਰਸ਼ਿਤਾ ਮਿਸ ਸੀ, ਜੋ ਸਾਡੀ ਦਾਦਾਗਿਰੀ ਦੇ ਭੜਕਦੇ ਸੇਕ ਨੂੰ ਸਮਝੇ ਬਿਨਾਂ ਡਾਂਟ ਡੱਪਟ ਉੱਤੇ ਤੁਲ ਗਈ। ਅਸੀ ਸਿਗਰਟ ਪੀਈਏ ਜਾਂ ਸ਼ਰਾਬ, ਲੜਕੀ ਨੂੰ ਸੜਕ ਉੱਤੇ ਘੁੰਮਾਈਏ ਜਾਂ ਹੋਟਲ ਵਿਚ ਨਚਾਈਏ, ਇਨ੍ਹਾਂ ਦਾ ਕੀ ਜਾਂਦਾ ਸੀ? ਇਸ ਤੋਂ 'ਕਵਾਲਿਟੀ' ਦੇ ਕੈਂਡਲ ਲਾਈਟ ਡਿਨਰ ਜਾਂ ਥਰੀ ਡੀ ਇੰਟਰਨੈੱਟ ਦੇ ਲਈ ਪੈਸੇ ਮੰਗੇ ਸੀ ਕੀ? ਡਿਨਰ, ਡਾਂਸ ਐਂਡ ਡਰਿੰਕ ਸ਼ੁਗਲ ਹੈ, ਧਮਾਲ ਤੇ ਮਸਤੀ ਸਾਡੇ ਖ਼ੂਨ ਦੀ ਰਵਾਨਗੀ ਹੈ ਅਤੇ ਇਹ ਦਕਿਆਨੂਸੀ ਵਿਚਾਰਾਂ ਨਾਲ ਬੱਝੀ ਦੇਵੀ ਜੀ ਸਾਨੂੰ ਉਪਦੇਸ਼ ਪਿਲਾਉਣ ਚਲੀ ਆਈ। ਸਾਡੇ ਮਾਂ-ਬਾਪ ਤੱਕ ਤਾਂ ਸਾਥੋਂ ਪੈਸਿਆਂ ਅਤੇ ਸ਼ਾਮਾਂ ਦਾ ਹਿਸਾਬ ਲੈਂਦੇ ਨਹੀਂ, ਇਨ੍ਹਾਂ ਨੂੰ ਦਾਲ ਭਾਤ ਵਿਚ ਮੂਸਲਚੰਦ ਬਣਨ ਦੀ ਕੀ ਜ਼ਰੂਰਤ ਸੀ?"

ਪੂਰੇ ਹਾਲ ਵਿਚ ਸੁੰਨਸਾਨ ਛਾ ਗਈ।

ਇਕ ਲੜਕੇ ਨੇ ਆਕੜ ਵਿਚ ਆਪਣੇ ਬੁੱਲ ਚੜ੍ਹਾਏ – "ਸਾਨੂੰ ਇਸ ਸਮੇਂ ਵੀ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ ਹੈ। ਇਨ੍ਹਾਂ ਨੇ ਸਾਨੂੰ ਪੂਰੀ ਕਲਾਸ ਦੇ ਸਾਹਮਣੇ ਬੇਇੱਜ਼ਤ ਕੀਤਾ ਅਤੇ ਅਸੀਂ ਇਨ੍ਹਾਂ ਨੂੰ ਪੂਰੀ ਸੋਸਾਇਟੀ ਦੇ ਸਾਹਮਣੇ ਜ਼ਲੀਲ ਕੀਤਾ। ਸਿਰਫ਼ ਆਪਣੇ ਅਪਮਾਨ ਦਾ ਬਦਲਾ ਹੀ ਲਿਆ ਹੈ, ਬੱਸ."

ਦੂਸਰਾ ਲੜਕਾ ਜੇਤੂ ਹੌਸਲੇ ਨਾਲ ਮੁਸਕਰਾਇਆ "ਅਸੀਂ ਕਾਫ਼ੀ ਦਿਨਾਂ ਤੋਂ ਇਸ ਮੌਕੇ ਦੀ ਤਲਾਸ਼ ਵਿਚ ਸੀ। ਪਰ ਸਫ਼ਲ ਨਹੀਂ ਹੋ ਸਕੇ। ਪੁਰਾਣੇ ਵਿਦਿਆਰਥੀ ਸੰਮੇਲਨ ਵਾਲੇ ਦਿਨ ਮਿਸ ਸ਼ਾਇਦ ਬਿਮਾਰ ਸੀ। ਉਨ੍ਹਾਂ ਨੂੰ ਕੋਨੇ ਵਾਲੇ ਕਲਾਸ ਰੂਮ ਵਿਚ ਇਕੱਲਿਆਂ ਬੈਠੀ ਦੇਖ ਕੇ ਅਸੀਂ ਦੋਨਾਂ ਨੇ ਚੁਟਕੀ ਵਿਚ ਉਨ੍ਹਾਂ ਨੂੰ ਮਜ਼ਾ ਚਖਾਉਣ ਦੀ ਸੋਚ ਲਈ। ਸਾਨੂੰ ਖੁਸ਼ੀ ਹੈ, ਸਾਡੀ ਯੋਜਨਾ ਸਫ਼ਲ ਹੋਈ।"

ਦੋਨੋਂ ਲੜਕੇ ਆਪਣੀ ਹੀਰੋਗਿਰੀ ਉੱਤੇ ਖੁਸ਼ ਸਨ। ਪਛਤਾਵੇਂ ਦੀ ਕੋਈ ਰੇਖਾ ਉਨ੍ਹਾਂ ਦੇ ਚਿਹਰੇ ਉੱਤੇ ਨਹੀਂ ਸੀ।

ਇਕ ਸੱਨਾਟਾ ਜਿਹਾ ਪੂਰੇ ਮਾਹੌਲ ਉੱਤੇ ਛਾ ਗਿਆ।

ਇਸ ਸੱਨਾਟੇ ਨੂੰ ਤੋੜਨ ਲਈ ਸੁਰਪ੍ਰਭਾਤ ਦੇ ਸਹਾਇਕ ਸੰਪਾਦਕ ਦੀ ਆਵਾਜ਼ ਸੁਣਾਈ ਦਿੱਤੀ "ਮੈਡਮ ਸੋਰੀ।"

ਹਰਸ਼ਿਤਾ ਅੱਗੇ ਵਧੀ। ਚਿਹਰਾ ਤਾਂ ਮੁਰਝਾਇਆ ਹੀ ਹੋਇਆ ਸੀ, ਬੋਲਦੇ ਹੋਏ ਵੀ ਕੰਠ ਸਵਰ ਉੱਚਾ ਰਿਹਾ "ਹਫ਼ਤਾ ਪਹਿਲਾ ਤੁਹਾਡੀ ਪ੍ਰੈਸ ਕਾਨਫਰੰਸ ਵਿਚ ਗੈਂਗਰੇਪ ਕਾਂਡ ਦਾ ਪੂਰੇ ਜ਼ੋਰ ਨਾਲ ਖੰਡਨ ਕੀਤਾ ਸੀ। ਪਰ ਅੱਜ ਮੈਂ ਸਰਵਜਨਿਕ ਰੂਪ ਨਾਲ ਘੋਸ਼ਣਾ ਕਰ ਰਹੀ ਹਾਂ – ਪਲੀਜ਼ ਕਲ ਦੇ ਅਖ਼ਬਾਰਾਂ ਵਿਚ ਇਸ ਸੰਨਸਨੀ ਭਰੀ ਖ਼ਬਰ ਵਿਚ ਰੰਗ ਪਾਉ ਡਾ. ਹਰਸ਼ਿਤਾ ਦੇ ਨਾਲ ਸਮੂਹਿਕ ਬਲਾਤਕਾਰ ਦਾ ਹਾਦਸਾ ਘਟਿਐ ਹੈ।"

"ਏ" ਕਈ ਹੈਰਾਨੀ ਵਾਲੇ ਕੰਠਾਂ ਵਿਚੋਂ ਇਕ ਬਰਾਬਰ ਨਿਕਲਿਆ।

"ਜੀ ਹਾਂ। ਉਹ ਵੀ ਇਕ ਦਿਨ ਨਹੀਂ ਪੂਰੇ ਹਫਤੇ" ਹਰਸ਼ਿਤਾ ਬਿਨਾਂ ਕੰਬੇ ਕੰਠ ਨਾਲ ਬੋਲੀ "ਕਹਾਣੀ ਵਿਚ ਚਾਰ-ਪੰਜ ਪੁਰਾਣੇ ਵਿਦਿਆਰਥੀਆਂ ਦੁਆਰਾ ਹੀ ਨਹੀਂ ਪੂਰੇ ਸਮਾਜ ਦੁਆਰਾ, ਤੁਹਾਡੇ ਸਾਰਿਆਂ ਦੁਆਰਾ।"

ਇਕ ਅਜੀਬ ਬੈਚੇਨੀ ਚਾਰੇ ਪਾਸੇ ਛਾ ਗਈ।

ਚਾਰੇ ਪਾਸੇ ਬੜਾ ਵਿਅੰਜਕ ਸੱਨਾਟਾ ਛਾ ਗਿਆ।

ਉਸ ਸੱਨਾਟੇ ਨੂੰ ਤੋੜਦੇ ਹੋਏ ਇਕ ਵਾਰ ਫਿਰ ਹਰਸ਼ਿਤਾ ਦਾ ਸਵਰ ਗੂੰਜਿਆ "ਉਸ ਗੈਂਗਰੇਪ ਦੀ ਡਾਕਟਰੀ ਜਾਂਚ ਕਰਵਾਉਣ ਦੇ ਲਈ ਮੈਂ ਹਰਸ਼ਿਤਾ ਆਪਣੇ ਪੂਰੇ ਹੋਸ਼-ਹਵਾਸ ਵਿਚ ਹਾਮੀ ਭਰ ਰਹੀ ਹਾਂ। ਡਾਕਟਰਾਂ ਦਾ ਨਾਮ ਵੀ ਆਪਣੀ ਤਰਫ਼ੋਂ ਨਾਲ ਸੁਝਾ ਰਹੀ ਹਾਂ। ਤੁਹਾਡੀ ਅੰਤਰਆਤਮਾ! ਉਹੀ ਇਸ ਸਮੁੱਚੇ ਪ੍ਰਕਰਨ ਦੀ ਨਿਰਪੱਖ ਜਾਂਚ ਕਰ ਸਕੇਗੀ। ਦੱਸੋ ਤਿਆਰ ਹੋ ਇਸਦੇ ਲਈ? ਮੇਰੇ ਇਸ ਮਾਨਸਿਕ ਗੈਂਗਰੇਪ ਕਾਂਡ ਦੇ ਮੈਡੀਕਲ ਇਮਤਿਹਾਨ ਦੇ ਲਈ? ਜਿਸਨੇ ਮੇਰੀ ਦੇਹ ਨੂੰ ਤਾਂ ਨਹੀਂ, ਪਰ ਮੇਰੀ ਆਤਮਾ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ। ਮੇਰੀ ਸੀਮਾਵਾਂ ਅਤੇ ਮੇਰਾ ਆਤਮ ਸਨਮਾਨ ਨੂੰ ਪਲ-ਪਲ ਰੌਂਦਿਆ ਜਿਨ੍ਹਾਂ ਸਵਾਲਾਂ ਨੂੰ ਪੁੱਛਦੇ ਹੋਏ ਤੁਹਾਨੂੰ ਚਾਹੇ ਸ਼ਰਮ ਨਾ ਆਈ ਹੋਵੇ। ਪਰ ਜਿਨ੍ਹਾ ਨੂੰ ਸੁਣਕੇ ਮੇਰੀ ਇੱਜ਼ਤ ਹਰ ਵਾਰ ਉੱਖੜੀ। ਤੁਹਾਡਾ ਇਕ ਛੋਟਾ ਜਿਹਾ 'ਸੌਰੀ' ਕੀ ਉਸ ਨੂੰ ਧੋ ਸਕੇਗਾ। ਮੇਰੀ ਉੱਖੜੀ ਹੋਈ ਇੱਜ਼ਤ ਮੈਨੂੰ ਵਾਪਿਸ ਕਰ ਸਕੇਗਾ?"

ਅਤੇ ਪਹਿਲੀ ਵਾਰ ਭਰੀ ਭੀੜ ਦੇ ਸਾਹਮਣੇ, ਦੋਨਾਂ ਹਥੇਲੀਆਂ ਵਿਚ ਮੂੰਹ ਢਕ ਕੇ ਫੁੱਟ-ਫੁੱਟ ਕੇ ਰੋ ਉੱਠੀ ਹਰਸ਼ਿਤਾ। ●



*ਵਾਘਿਓਂ ਪਾਰ*

# ਪੰਜਾਬੀ ਕਵੀ ਮੰਨੂੰ ਭਾਈ

ਮੇਰਾ ਇਹ ਕਿਤਾਬ ਛਪਵਾਉਣ ਦਾ ਕੋਈ ਇਰਾਦਾ ਨਹੀਂ ਸੀ। ਇੰਤਜ਼ਾਰ ਹੁਸੈਨ ਕਹਿੰਦੇ ਨੇ, "ਧੀ ਦਾ ਵਿਆਹ ਤੇ ਕਿਤਾਬ ਦੀ ਛਪਾਈ ਵੇਲੇ ਸਿਰ ਹੋ ਜਾਣੀ ਚਾਹੀਦੀ ਏ।" ਮੈਂ ਸਮਝਦਾਂ ਜੇ ਬਹੁਤ ਦੇਰ ਹੋ ਗਈ ਏ। ਨਾਲੇ ਇਹ ਡਰ ਵੀ ਏ ਜੇ ਇਕੱਲੀ-ਇਕੱਲੀ ਨਜ਼ਮ ਦੇ ਨਾਲ ਕਿਸੇ ਸ਼ਾਇਰ ਦੀ ਜੋ ਥੋੜ੍ਹੀ ਬਹੁਤ ਇੱਜ਼ਤ ਬਣੀ ਹੁੰਦੀ ਏ, ਉਹ ਕਿਤਾਬ ਦੇ ਛਪਣ ਨਾਲ expose (ਨੰਗੀ) ਹੋ ਜਾਂਦੀ ਏ. 'ਪਰ ਸੰਗੇ-ਮੀਲ' ਦੇ ਨਿਆਜ਼ ਅਹਿਮਦ ਕਹਿੰਦੇ ਨੇ, "ਅਜੇ ਕਿਆਮਤ ਨਹੀਂ ਆਈ।" ਛਪਣ ਨਾਲ ਕੋਈ ਕਿਆਮਤ ਨਹੀਂ ਆ ਜਾਵੇਗੀ। ਭਾਈ ਨਿਆਜ਼ ਅਹਿਮਦ ਦਾ ਕੋਈ ਇਤਬਾਰ ਨਹੀਂ, ਹੋ ਸਕਦਾ ਏ ਠੀਕ ਈ ਕਹਿੰਦੇ ਹੋਣ।

- ਮੰਨੂੰ ਭਾਈ

## 1 ਉਹ ਵੀ ਖ਼ੂਬ ਦਿਹਾੜੇ ਸਨ

ਉਹ ਵੀ ਖ਼ੂਬ ਦਿਹਾੜੇ ਸਨ
ਭੁੱਖ ਲੱਗਦੀ ਸੀ
ਮੰਗ ਲੈਂਦੇ ਸਾਂ
ਮਿਲ ਜਾਂਦਾ ਸੀ
ਖਾ ਲੈਂਦੇ ਸਾਂ
ਨਹੀਂ ਸੀ ਮਿਲਦਾ
ਤੁਰ ਪੈਂਦੇ ਸਾਂ
ਰੋਂਦੇ-ਰੋਂਦੇ ਸੌਂ ਰਹਿੰਦੇ ਸਾਂ।

ਇਹ ਵੀ ਖ਼ੂਬ ਦਿਹਾੜੇ ਨੇ
ਭੁੱਖ ਲੱਗਦੀ ਏ
ਮੰਗ ਨਹੀਂ ਸਕਦੇ
ਮਿਲਦਾ ਏ ਤੇ
ਖਾ ਨਹੀਂ ਸਕਦੇ
ਨਹੀਂ ਮਿਲਦਾ ਤੇ
ਰੋ ਨਹੀਂ ਸਕਦੇ
ਨਾ ਰੋਈਏ ਤੇ ਸੌਂ ਨਹੀਂ ਸਕਦੇ

## 2 ਸਵਾਲ ਜਵਾਬ

ਕੀ ਹੋਇਆ ਏ?
ਕੁਝ ਨਹੀਂ ਹੋਇਆ।
ਕੀ ਹੋਵੇਗਾ?
ਕੁਝ ਨਹੀਂ ਹੋਣਾ।
ਕੀ ਹੋ ਸਕਦਾ ਏ?
ਕੁਝ ਨਾ ਕੁਝ ਹੁੰਦਾ ਈ ਰਹਿੰਦਾ ਏ
ਜੋ ਤੂੰ ਚਾਹੁੰਨਾ ਏਂ ਉਹ ਨਹੀਂ ਹੋਣਾ
ਹੋ ਨਹੀਂ ਸਕਦਾ,
ਕਰਨਾ ਪੈਂਦਾ ਏ,
ਹੱਕ ਦੀ ਖਾਤਰ ਲੜਨਾ ਪੈਂਦਾ ਏ,
ਜੀਵਨ ਦੇ ਲਈ ਮਰਨਾ ਪੈਂਦਾ ਏ।

## 3 ਹੋਵੇ ਫਜਰ ਤੇ ਆਖੀਏ ਬਿਸਮਿੱਲਾ

ਪਿੰਡਾ ਆਸ ਦਾ ਕੰਬਣੀ ਛੱਡ ਦੇਵੇ
ਤੇ ਮੈਂ ਕਾਬੂ ਵਿਚ ਖ਼ੌਫ ਦਾ ਮਰਜ਼ ਕਰ ਲਾਂ
ਸੁਖ਼ਨਵਰਾਂ ਦੀ ਅੱਖ ਬਚਾ ਕੇ ਤੇ
ਸ਼ਾਇਰ ਆਪਣੇ ਆਪ ਨੂੰ ਫਰਜ਼ ਕਰ ਲਾਂ।

ਵੇਖਾਂ ਚੁੱਕ ਕੇ ਭਾਰ ਸਲੀਬ ਵਾਲਾ
ਹੌਲਾ ਕੁਝ ਤੇ ਸਾਹਵਾਂ ਦਾ ਕਰਜ਼ ਕਰਲਾਂ।
ਚਸ਼ਮੇ ਫ਼ੈਜ਼ ਦੇ ਵਿਚੋਂ ਇਕ ਬੁੱਕ ਭਰ ਕੇ,
ਕੋਈ ਸੁਣਦਾ ਨਾ ਹੋਵੇ ਤੇ ਅਰਜ਼ ਕਰ ਲਾਂ।

ਪੈ ਗਈ ਸ਼ਾਮ ਸ਼ਰੀਕਾਂ ਨੇ ਕੰਡ ਕੀਤੀ,
ਲਾਲ ਕਾਲੇ ਦੀ ਸਾਥੋਂ ਪਛਾਣ ਮੁੱਕ ਗਈ।
ਗੱਲ ਸੋਚਾਂ ਤੇ ਆਣ ਵੀਰਾਨ ਹੋਈ,
ਸੋਚ ਹੋਠਾਂ ਤੇ ਆਈ, ਜ਼ੁਬਾਨ ਮੁੱਕ ਗਈ।

ਦਾਸਤਾਨ ਗੋ ਦੇ ਮੂੰਹ ਤੇ ਚੁੱਪ ਲੱਗੀ,
ਅਸੀਂ ਸਮਝ ਬੈਠੇ ਦਾਸਤਾਨ ਮੁੱਕ ਗਈ।
ਠੰਢੇ ਚੁੱਲ੍ਹੇ ਦੀ ਫੂਕਣੀ ਵਾਂਗ ਸਾਡੇ,
ਸਾਹ ਆਉਂਦੇ ਤੇ ਜਾਂਦੇ ਰਹੇ, ਜਾਨ ਮੁੱਕ ਗਈ।

ਆਈ ਰਾਤ ਤੇ ਰਾਤ ਦੇ ਨਾਲ ਆਏ,
ਜਿਹੜੇ ਆਉਂਦੇ ਨੇ ਨਿੱਤ ਹਨੇਰਿਆਂ ਵਿਚ।
ਗੋਡਾ ਰੱਖਦੇ ਪਰਤ ਪਲਸੇਟਿਆਂ 'ਤੇ
ਆਣ ਬੈਠਦੇ ਇਸ਼ਕ ਬਨੇਰਿਆਂ ਵਿਚ।

ਵਿਚ ਸਾਧਾਂ ਦੇ ਬਹੁਤ ਪੁਆੜ ਪਾਂਦੇ,
ਜਦੋਂ ਹੁੰਦੀ ਏ ਸਾਂਝ ਲੁਟੇਰਿਆਂ ਵਿਚ।
ਜ਼ੋਰ ਪਲਦਾ ਏ ਨਿੱਤ ਕਮਜ਼ੋਰੀਆਂ 'ਤੇ,
'ਕਮਜ਼ੋਰੀਆਂ, ਤੇਰੀਆਂ ਮੇਰੀਆਂ ਵਿਚ।

ਖੁੱਲ੍ਹੇ ਅੱਖ ਤੇ ਨਾਲ ਖਿਆਲ ਜਾਗੇ,

ਕਿਉਂ ਨੀਂਦਰਾਂ ਨੇ ਝੋਕਾਂ ਲਾਈਆਂ ਨੇ।
ਆਵੇ ਅਕਲ ਤੇ ਸੋਚ ਸਵਾਲ ਬਣ ਜਾਏ,
ਸੱਭੇ ਸੋਚਾਂ ਦੇ ਹੱਥ ਖੁਦਾਈਆਂ ਨੇ।

ਬੋਲੇ ਜੀਭ ਤੇ ਆਸ ਉਮੀਦ ਵੰਡੇ,
ਹਨ ਥੋਹੜੀਆਂ ਹੋਰ ਜੁਦਾਈਆਂ ਨੇ।
ਹੋਵੇ ਫਜ਼ਰ ਤੇ ਆਖੀਏ ਬਿਸਮਿੱਲਾ,
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।

## 4 ਫ਼ੈਜ਼

ਦੀਵਾ ਆਸ ਦਾ ਬਲੇ ਹਨ੍ਹੇਰਿਆਂ ਵਿਚ
ਨਵੀਂ ਫਜ਼ਰ ਦਾ ਸਾਨੂੰ ਯਕੀਨ ਦੇਵੇਂ।
ਕੁਝ ਰਹਿਮਤਾਂ ਅਰਸ਼ ਦੀ ਮਿਹਰਬਾਨੀ,
ਕੁਝ ਨਿਆਮਤਾਂ ਸਾਨੂੰ ਜ਼ਮੀਨ ਦੇਵੇਂ।

ਬਸ ਮਿੱਟੀ ਦਾ, ਰੂਪ ਗੁਲਾਬ ਵਾਲਾ,
ਹੱਥ ਕਲਮ ਦਾ, ਮੁੱਖ ਕਿਤਾਬ ਵਾਲਾ।
ਮਜ਼ਾ ਸ਼ਹਿਦ ਦਾ, ਡੰਗ ਅਜ਼ਾਬ ਵਾਲਾ,
ਵਿਚ ਸ਼ੱਕ ਦੇ ਨਸ਼ਾ ਸ਼ਰਾਬ ਵਾਲਾ।

ਚੁੱਪ ਰਾਤ ਨਾਲੋਂ ਮਿਹਰਬਾਨ ਜਿਹੜੀ,
ਸੁਖ਼ਨ ਸਿਖਰ-ਦੁਪਹਿਰ ਦੇ ਨੂਰ ਵਰਗਾ।
ਮੀਂਹ ਜੇਠ ਦਾ, ਧੁੱਪ ਸਿਆਲ ਵਾਲਾ,
ਛਾਂ ਬੋਹੜ ਦੀ, ਮੇਵਾ ਖਜੂਰ ਵਰਗਾ।

ਅਕਲ ਆਸ਼ਕਾਂ, ਸੋਚ ਦੀਵਾਨਿਆਂ ਦੀ
ਫ਼ਿਕਰ ਮਾਪਿਆਂ, ਭੋਲ ਅੰਞਾਣਿਆਂ ਦਾ।
ਪੈਂਡੇ ਨਦੀ ਦੇ, ਡੂੰਘ ਸਮੁੰਦਰਾਂ ਦੀ,
ਸਫ਼ਰ ਥਲਾਂ ਦੇ , ਸਬਰ ਮਹਾਣਿਆਂ ਦਾ।

ਵਾਹਦਾ ਸ਼ੀਰੀ ਦੇ ਨਾਲ ਫਰਿਹਾਦ ਵਾਲਾ,
ਤਾਂਘ ਇਸ਼ਕ ਦੀ ਬਹੁਤ ਸਰਵਰ ਵਾਲੀ।
ਚੋਲਾ ਯੂਸਫ ਦਾ, ਨੈਣ ਯਾਕੂਬ ਵਾਲੇ,
ਨਹਿਰ ਹੱਕ ਦਾ, ਜ਼ਿੰਦ ਮਨਸੂਰ ਵਾਲੀ।

ਇਹਨਾਂ ਵਿਚੋਂ ਜੇ ਇਕ ਵੀ ਨਾ ਮਿਲੇ,
ਸਾਡੇ ਸ਼ਾਨ ਨੂੰ ਕੁੱਲ ਜਹਾਨ ਮੰਨ ਜੇ।
ਇਹ ਨਿਹਮਤਾਂ ਕੱਠੀਆਂ ਹੋ ਕੇ ਤੇ,
ਕਦੀ ਫੇਰੀ ਵੀ ਔਣ ਤੇ ਫ਼ੈਜ਼ ਬਣ ਜੇ।

## 5 ਗੱਲ ਅਜੂਬਾ

ਗੱਲ ਅਜੂਬਾ ਬੀਤੇ ਸਮੇਂ ਦੀ ਮੂੰਹੋਂ ਨਿਕਲੀ ਹੋਈ,
ਭੇਸ ਵਟਾ ਕੇ ਮੇਰਾ ਦਿਲ ਦੇ ਵਿਹੜੇ ਆਣ ਖਲੋਈ।
ਬੀਤੇ ਸਮੇਂ ਦੀ ਬੋਲੀ ਔਖੀ, ਸਮਝ ਨਾ ਸਕਿਆ ਕੋਈ,
ਹੋਂਠ ਕਿਸੇ ਦੇ ਹੱਸ ਪਏ ਤੇ ਅੱਖ ਕਿਸੇ ਦੀ ਰੋਈ।
ਗੱਲ ਅਜੂਬਾ ਹੋਈ।

ਇਕ ਦਿਨ ਸੋਚਾਂ ਸਮਝਾਂ ਵਾਲੀ ਖਲਕਤ ਪਾਗ਼ਲ ਹੋਈ,
ਐਡੀ ਸੋਹਣੀ ਗੱਲ ਕਿਸੇ ਨੇ ਸੂਲੀ ਨਾਲ ਪਰੋਈ।
ਗੱਲ ਦਾ ਭਾਰ ਤੇ ਹੌਲਾ ਸੀ, ਪਰ ਸੂਲੀ ਦੋਹਰੀ ਹੋਈ,
ਕੋਈ ਹੋਂਠ ਨਾ ਹੱਸਿਆ, ਕੋਈ ਅੱਖ ਨਾ ਰੋਈ।
ਗੱਲ ਪੁਰਾਣੀ ਹੋਈ।

ਅੱਜ ਫਿਰ ਹਾੜ੍ਹ ਮਹੀਨੇ ਸੁਣ ਲਈ ਚੇਤਰ ਦੀ ਕਨਸੋਈ,
ਸੋਕੇ ਸੜੀ ਤੇ ਕੌੜੇ ਜ਼ਹਿਰੀ ਡੰਗਾਂ ਨਾਲ ਪਰੋਈ।
ਮੇਰੇ ਦਿਲ ਦੀ ਖੱਖਰ ਅੰਦਰ ਆਸਾਂ ਮਾਖਿਓਂ ਚੋਈ,
ਬੀਤੇ ਸਮੇਂ ਦੇ ਮੂੰਹੋਂ ਨਿਕਲੀ ਗੱਲ ਅਜੇ ਨਾ ਮੋਈ।
ਗੱਲ ਕਦੇ ਨਾ ਮੋਈ।

•



## 6 ਅਜੇ ਕਿਆਮਤ ਨਹੀਂ ਆਈ

ਵਾਲ ਵਧਾ ਲਏ ਰਾਂਝੇ ਨੇ ਤੇ ਟਿੰਡ ਕਰਾ ਲਈ ਹੀਰਾਂ ਨੇ
ਮਿਰਜ਼ੇ ਖਾਂ ਨਾਲ ਧੋਖਾ ਕੀਤਾ, ਉਹਦੇ ਆਪਣੇ ਤੀਰਾਂ ਨੇ
ਮੀਟਰ ਲਾ ਕੇ ਖ਼ੂਬ ਚਲਾਈ ਸਾਹਬਾਂ ਉਹ ਦਿਆਂ ਵੀਰਾਂ ਨੇ।
ਪਰ ਅਜੇ ਕਿਆਮਤ ਨਹੀਂ ਆਈ।

ਸੁਖ ਸਰ੍ਹਾਣੇ ਬਾਂਹ ਗੋਰੀ. ਦੁੱਖ ਸੋਟੇ ਚਰਸੀ ਚਿਲਮਾਂ ਦੇ,
ਬੱਚੇ ਟੈਸਟ ਟਿਊਬਾਂ ਦੇ, ਲਵੇਂਟਰ ਫਿਕਰੇ ਫਿਲਮਾਂ ਦੇ,
ਮੱਤ ਮਾਰੀ ਗਈ ਸਿਆਣਪ ਦੀ, ਭੱਠੇ ਬਹਿ ਗਏ ਇਲਮਾਂ ਦੇ।
ਪਰ ਅਜੇ ਕਿਆਮਤ ਨਹੀਂ ਆਈ।

ਤਾਰੀਖ਼ ਤਮਾਸ਼ਾ ਭੁੱਖਾਂ ਦਾ, ਤਹਿਜ਼ੀਬ ਖਿਡੌਣਾ ਰੱਜਾਂ ਦਾ,
ਤਨਕੀਦ ਜੁਗਾਲੀ ਲਫ਼ਜ਼ਾਂ ਦੀ, ਤਸ਼ਰੀਹ ਸਿਆਪਾ ਲੱਜਾਂ ਦਾ,
ਮੌਸੀਕੀ ਰਾਤਬ ਕੁੱਤਿਆਂ ਦਾ, ਤੇ ਅਦਬ ਗੁਤਾਵਾ ਮੱਝਾਂ ਦਾ।
ਪਰ ਅਜੇ ਕਿਆਮਤ ਨਹੀਂ ਆਈ।

ਧੀਆਂ ਤਨ ਬਸ਼ੀਰਾਂ ਦੇ ਘਰ, ਪੁੱਤਰ ਚਾਰ ਕਮਾਲੇ ਦੇ,
ਪੋਹੜੀਆਂ ਦੇ ਵਿਚ ਕਿੱਸਾ ਮੁੱਕਾ, ਲੱਥ ਗਈ ਵਿਚ ਨਾਲੇ ਦੇ,
ਲੋਕੀਂ ਬੈਠੇ ਰਿਸ਼ਤੇ ਜੋੜਨ, ਪਿੱਪਲ ਤੇ ਪਰਨਾਲੇ ਦੇ।
ਪਰ ਅਜੇ ਕਿਆਮਤ ਨਹੀਂ ਆਈ।
ਰੋਗ ਹਜ਼ਾਰਾਂ ਇੱਕੋ ਨੁਸਖਾ, ਇਕੋਂ ਰਾਹ ਗੁਜ਼ਾਰੇ ਦੀ,
ਮੱਖਣ ਤਾਂਦਲੇ ਵਾਲਿਆਂ ਦਾ, ਤੇ ਮਾਘੀ ਜ਼ਿਲ੍ਹਾ ਹਜ਼ਾਰੇ ਦੀ,
ਤੀਰਾਂ ਅੱਗੇ ਸੀਨਾ ਤਾਣੇ, ਜ਼ੁਰਅਤ ਝੂਠ ਗੁਬਾਰੇ ਦੀ।
ਪਰ ਅਜੇ ਕਿਆਮਤ ਨਹੀਂ ਆਈ।

ਬਾਂਦਰ ਬੈਠੇ ਜੂੰਆਂ ਕੱਢਣ, ਇਕ ਦੂਜੇ ਦਿਆਂ ਵਾਲਾਂ 'ਚੋਂ,
ਦੁੱਧ ਪਿਆਂਦੀ ਕੁੜੀ ਨੂੰ ਵੇਖਣ, ਅੰਮ੍ਰਿਤ ਟਪਕੇ ਰਾਲਾਂ 'ਚੋਂ
ਬੜੇ ਸਿਆਸੀ ਨੁਕਤੇ ਲੱਭਣ, ਮਾਂ ਭੈਣ ਦੀਆਂ ਗਾਲ੍ਹਾਂ 'ਚੋਂ।
ਪਰ ਅਜੇ ਕਿਆਮਤ ਨਹੀਂ ਆਈ।

ਧੱਕ-ਮਰੋੜੇ ਪੜ੍ਹਨ ਨਿਮਾਜ਼ਾਂ, ਦਾਹਵੇ ਕਰਨ ਖੁਦਾਈਆਂ ਦੇ,
ਬੰਦ ਕਰਨ ਸ਼ਰਾਬਾਂ ਨਾਲ ਪਰਮਿਟ ਲੈਣ ਈਸਾਈਆਂ ਦੇ,
ਵਾਹਦੇ ਪੈਂਦੇ ਆਪੀਂ ਕਰਦੇ ਨਾਂ ਬਦਨਾਮ ਡੀਸਾਈਆਂ ਦੇ।
ਪਰ ਅਜੇ ਕਿਆਮਤ ਨਹੀਂ ਆਈ।

ਪਾਰਾ ਥਰਮਾਮੀਟਰ ਦਾ, ਸਿਆਸਤ ਚੌਧਰੀ ਤਾਲਬ ਦੀ,
ਹੀਰਾ ਮੰਡੀ ਸ਼ਾਹਨੇ ਦੀ ਤੇ ਦਿੱਲੀ ਮਿਰਜ਼ਾ ਗ਼ਾਲਿਬ ਦੀ,
ਚਾਦਰ ਜਨਰਲ ਰਾਣੀ ਦੀ ਤੇ ਚਾਰ-ਦੀਵਾਰੀ ਜ਼ਾਲਿਬ ਦੀ।
ਪਰ ਅਜੇ ਕਿਆਮਤ ਨਹੀਂ ਆਈ।

ਜ਼ੇਰਾਂ ਦੀ ਪੱਟੀ ਦੇ ਮਤਲਬ ਨਿਕਲਣ ਲੱਗ ਪਏ ਜ਼ਬਰਾਂ 'ਚੋਂ,
ਐਨਕ ਪਾ ਕੇ ਅੰਨ੍ਹੇ ਤੱਕਣ ਹੱਕ ਹਕੀਕਤ ਖ਼ਬਰਾਂ 'ਚੋਂ,
ਟੀ.ਵੀ. ਦੀਆਂ ਕਵਾਲੀਆਂ ਸੁਣ ਕੇ ਮੁਰਦੇ ਜਾਗੇ ਕਬਰਾਂ 'ਚੋਂ।
ਪਰ ਅਜੇ ਕਿਆਮਤ ਨਹੀਂ ਆਈ।

ਰੋਜ਼ਗਾਰ ਦੀ ਸੂਲੀ ਟੰਗੇ ਜੀਵੇਂ ਕਰੇਲੇ ਵੱਲਾਂ ਦੇ,
ਲੋਕੀਂ ਬੱਕਰੇ, ਲੀਡਰ ਲੋਭੀ, ਕੁਰਬਾਨੀ ਦੀਆਂ ਖੱਲਾਂ ਦੇ.
ਫੁੱਲ ਖਿੜੇ ਕਬਰਾਂ ਦੇ ਅਤੇ ਸੁਹਣੀਆਂ ਸੁਹਣੀਆਂ ਗੱਲਾਂ ਦੇ।
ਪਰ ਅਜੇ ਕਿਆਮਤ ਨਹੀਂ ਆਈ।

ਹਰਫ਼ ਸ਼ਿਕਾਇਤ ਹੋਂਠ ਤਰੋਪੇ, ਕਾਫੀਏ ਤੰਗ ਰਦੀਫਾਂ ਦੇ,
ਸੰਘੀ ਨੌਂਹ ਗਰੀਬਾਂ ਦੀ, ਹੱਥ ਕੱਟੇ ਗਏ ਸ਼ਰੀਫਾਂ ਦੇ,
ਲੂਲ੍ਹੇ ਲੰਗੜੇ ਪਾਰ ਉਤਾਰਨ, ਪੁਲ ਰਾਤ ਤਾਰੀਫਾਂ ਦੇ।
ਪਰ ਅਜੇ ਕਿਆਮਤ ਨਹੀਂ ਆਈ।

ਚਿੱਟੇ ਵਰਕੇ ਦੇਣ ਸ਼ਹਾਦਤ, ਕਾਲੀ ਸ਼ਾਹ ਜਹਾਲਤ ਦੀ,
ਸੱਚਲ ਵਾਅਦਾ ਮੁਆਫ ਗਵਾਹੀ ਨਹੀਂ ਰਹੀ ਲੋੜ ਵਕਾਲਤ ਦੀ,
ਗੁੱਸੇ ਦੇ ਨਾਲ ਥਰ ਥਰ ਕੰਬੇ, ਕੁਰਸੀ ਅਰਸ਼ ਅਦਾਲਤ ਦੀ।
ਪਰ ਅਜੇ ਕਿਆਮਤ ਨਹੀਂ ਆਈ।

ਵੈਰੀ ਉੱਚਿਆਂ, ਮਹਿਲਾਂ ਦੇ ਪਏ ਮੰਗਣ ਰਾਹ ਫਸੀਲਾਂ ਤੋਂ,
ਮੰਗਣ ਰਹਿਮ ਕਸਾਈਆਂ ਕੋਲੋਂ, ਤੇ ਖੈਰਾਤ ਬਖੀਲਾਂ ਤੋਂ,
ਖਾਬਾਂ ਦੇ ਵਿਚ ਬੜ੍ਹਕਾਂ ਮਾਰਨ, ਮੌਤ ਡਰਾਵੇ ਮੀਲਾਂ ਤੋਂ।
ਪਰ ਅਜੇ ਕਿਆਮਤ ਨਹੀਂ ਆਈ।
ਇੱਜ਼ਤ ਗਈ ਉਸਤਾਦਾਂ ਦੀ ਤੇ ਬਸਤਾ ਗੈਬ ਪੜਾਕੂ ਦਾ,
ਸੇਰ ਘਿਓ ਦੇ ਮੁੱਲ ਵਿਚ ਲੱਭੇ, ਹੁਣ ਇੱਕ ਪਾਨ ਤੰਮਾਕੂ ਦਾ,
'ਨੇਰੇ ਦੇ ਵਿਚ ਪਤਾ ਨਹੀਂ ਲੱਗਦਾ, ਥਾਣੇਦਾਰ ਤੇ ਡਾਕੂ ਦਾ।
ਪਰ ਅਜੇ ਕਿਆਮਤ ਨਹੀਂ ਆਈ।

ਨਕਲੀ ਦੰਦਾਂ ਵਾਲੇ ਬੁੱਢੇ, ਪੁੱਛਣ ਭਾਅ ਅਖਰੋਟਾਂ ਦੇ,
ਸਭ ਤੋਂ ਬਹੁਤੀਆਂ ਪੜ੍ਹਨ ਕਿਤਾਬਾਂ, ਬੋਝੇ ਓਵਰ ਨੋਟਾਂ ਦੇ,
ਲੈਂਦੇ ਫਿਰਨ ਮੁਬਾਰਕਬਾਦਾਂ, ਖਾਲੀ ਡੱਬੇ ਵੋਟਾਂ ਦੇ।
ਪਰ ਅਜੇ ਕਿਆਮਤ ਨਹੀਂ ਆਈ।

ਜੁੰਮੇ ਬਜ਼ਾਰ ਸਿਆਸਤ ਵਿਕਦੀ, ਵਧ ਗਈ ਕੀਮਤ ਗੱਡੂਆਂ ਦੀ,
ਮੀਏਂ ਸ਼ਰੀਫ਼ ਦੇ ਪੁੱਤਰਾਂ ਨੇ ਵੀ ਰੋਜੀ ਲਾ ਲਈ ਲੱਡੂਆਂ ਦੀ,
ਭੁੱਟੋ ਦੀ ਧੀ ਤੋਲਣ ਬੈਠੀ, ਭਰ ਤੱਰਕੜੀ ਡੱਡੂਆਂ ਦੀ।
ਪਰ ਅਜੇ ਕਿਆਮਤ ਨਹੀਂ ਆਈ।

ਐਨੀ ਹੋਏ ਮਨਸੂਬਾ ਬੰਦੀ, ਨੌਬਤ ਆ ਗਈ ਫਾਕੇ ਦੀ,
ਹਰ ਇਕ ਚੀਜ਼ ਖਲੋਤੀ ਲੱਗੇ, ਸਾਨੂੰ ਏਸ ਇਲਾਕੇ ਦੀ,
ਧੋਖਾ ਚੱਲਦਾ ਏ ਯਾ ਫਿਰ ਚੱਲਦੀ ਮਰਜ਼ੀ ਬਾਬੇ ਸਾਕੇ ਦੀ।
ਪਰ ਅਜੇ ਕਿਆਮਤ ਨਹੀਂ ਆਈ।



<u>ਵਾਘਿਓਂ ਪਾਰ</u>

## ਗ਼ਜ਼ਲ / ਫਰਖੰਦਾ ਲੋਧੀ

ਵਿਹਲ ਦਿੱਤਾ ਨਾ ਜੱਗ ਦੇ ਰੌਲ਼ਿਆਂ ਨੇ
ਕਦੇ ਆਪਣਾ-ਆਪ ਫਰੋਲ ਲੈਂਦੇ
ਛਾਣ ਛੱਟ ਕੇ ਵੇਖਦੇ ਆਪ ਨੂੰ ਵੀ
ਕਦੇ ਆਪਣਾ-ਆਪ ਵੀ ਟੋਲ ਲੈਂਦੇ,

ਵੇਲੇ ਆਪਣੀ ਸਾਰ ਨਾ ਲੈਣ ਦਿੱਤੀ,
ਹਰ ਦਮ ਖਾਧ ਖਰੂਦ 'ਚ ਲਾਈ ਰੱਖਿਆ
ਕਿਉਂ ਕਰ ਤਾਂਘ ਸਲੂਕ ਦੀ ਗੱਲ ਕਰਦੇ
ਚੇਤੇ ਰਹਿੰਦਾ ਤੇ ਪੁੱਛ-ਪੜਚੋਲ ਲੈਂਦੇ।

ਕਿਸੇ ਜ਼ਹਿਰ ਜੇ ਦਿੱਤਾ ਤੇ ਪੀ ਲਿਆ
ਜਿੰਨੀ ਵਾਹ ਲੱਗੀ ਓਨਾ ਜੀ ਲਿਆ
ਕਦੇ ਆਪਣੇ ਵੱਲ ਨਾ ਝਾਤ ਮਾਰੀ
ਚਲੋ ਝੀਤ ਜਿੰਨਾ ਬੂਹਾ ਖੋਲ੍ਹ ਲੈਂਦੇ।

ਜੀਣਾ ਖੇਡ ਹੈ ਯਾਰੋ ਸ਼ਤਾਬੀਆਂ ਦੀ
ਆਤਸ਼-ਬਾਜ਼ਾਂ, ਹਵਾਈਆਂ, ਮਤਾਬੀਆਂ ਦੀ
ਬੰਦਾ ਆਪ ਹੈ ਜੜ੍ਹ ਖਰਾਬੀਆਂ ਦੀ
ਕਈ ਮਿੱਟੀ ਵਿਚੋਂ, ਮੋਤੀ ਟੋਲ ਲੈਂਦੇ।

ਕੰਮ ਕੋਈ ਨਾ ਕੀਤਾ, ਸਲਾਹੁਣ ਜੋਗਾ
ਭਾਵੇਂ ਰੋਗ ਪਾਲੇ, ਭਾਵੇਂ ਜ਼ਫ਼ਰ ਜਾਲੇ,
ਚੰਗਾ ਹੁੰਦਾ ਜੇ ਸੂਲੀ 'ਤੇ ਲਟਕ ਜਾਂਦੇ,
ਇੰਝ ਆਪਣਾ ਆਪ ਤੇ ਤੋਲ ਲੈਂਦੇ।

ਐਵੇਂ ਵਾਹੀ ਤਬਾਹੀ ਨਾ ਬੋਲ ਬਹਿੰਦੇ,
ਕੋਈ ਅਕਲ ਤੇ ਮੱਤ ਹੀ ਰੋਲ ਲੈਂਦੇ
ਭਲਾ ਹੁੰਦਾ ਜੇ ਬੋਲ ਬੁਲਾਰ ਕਰਦੇ,
ਕੋਈ ਮਿੱਠੜੇ ਬੋਲ ਈ ਬੋਲ ਲੈਂਦੇ।

(ਪੰਜਾਬੀ ਅਦਬ ਲਾਹੌਰ )

## ਨੂਰੀ ਦੀ ਬੋਲੀ / ਨਜ਼ਮ ਹੁਸੈਨ ਸੱਯਦ

ਨਿਜ਼ਾਮ ਲੁਹਾਰ ਦਾ ਢੋਲਾ ਸੁਣ ਕੇ
ਲਹੌਰੋਂ ਛੁੱਟੀ ਆਇਆ ਸ਼ਾਇਰ
ਨੂਰੀ ਕੀਮੇਂ ਕੇ ਨੂੰ ਆਖਣ ਲੱਗਾ,
"ਇਹਦੇ ਨਾਲੋਂ ਤੇ ਉਰਦੂ ਅਸਾਨ ਏ ਲੋਕਾਂ ਵਾਸਤੇ
ਅੰਗ੍ਰੇਜ਼ੀ ਜਲਦੀ ਸਮਝੀਦੀ ਏ
ਮਜ਼ਾ ਤੇ ਉਹ ਏ ਮੂੰਹੋਂ ਨਿਕਲੇ ਜਾ ਕੇ ਲੱਗੇ
ਜਿਸ ਤਰ੍ਹਾਂ ਲੱਗਦੀ ਏ ਗੋਲੀ।
ਸਿੱਧੀ ਸਾਦੀ ਗੱਲ ਪੰਜਾਬੀ ਬੋਲੀ।"
ਨੂਰੀ ਆਖਿਆ, "ਜੀਵੇਂ"
ਗੋਲੀਆਂ ਵੈਰੀਆਂ ਨੂੰ ਵੰਡਣ ਕਾਣ ਹੁੰਦੀਆਂ ਨੇ
ਬੇਲੀਆਂ ਨੂੰ ਵੰਡਣ ਕਾਣ ਹੁੰਦੀਆਂ ਨੇ ਬੰਦੂਕਾਂ।
ਬੰਦੂਕ ਤਾਂ ਸਿੱਧੀ-ਸਾਦੀ ਗੱਲ ਨਹੀਓਂ ਹੁੰਦੀ।
ਸਿੱਧੀ ਸਾਦੀ ਗੱਲ ਤੇ ਨਹੀਓਂ ਹੁੰਦੀ ਗੋਲੀ ਵੀ।
ਪਰ ਤੁਸਾਂ ਤਾਂ ਬਖਤਾਵਰਾਂ ਦੇ ਸੀਰੀ ਹੋਏ
ਸੱਚੇ ਓ ਤੁਸੀਂ ਵੀ।
ਜ਼ਿਲਿਓਂ ਸਲੰਸ ਭਰਾ ਕੇ ਛੰਭਾਂ ਤੇ ਉਹਨਾਂ
ਢਾਹਣੀਆਂ ਹੋਈਆਂ ਮੁਰਗਾਬੀਆਂ
ਮੁਰਗਾਈ ਕਿਹੜੀ, ਕਿਸੇ ਹੱਥ ਬਣਾਈ ਏ
ਉਹਦੀ ਕਦ ਕਿਸੇ ਸਿੱਖੀ ਏ ਬੋਲੀ
ਗੋਲੀ ਘੜ ਕੇ ਘੱਲੀ ਏ ਗੋਰਿਆਂ
ਤੁਸਾਂ ਬਖਤਾਵਰਾਂ ਨੂੰ ਭਰ ਕੇ ਨਪਾਈ ਏ।
ਕੁੱਤਿਆਂ ਭੱਜ ਕੇ ਆਂਦੀ ਏ ਮੁਰਗਾਈ
ਤੁਸਾਂ ਵੀ ਕੋਲੋਂ ਹੱਸ ਬੋਲ ਕੇ
ਬੁਰਕੀ ਚਾਈ ਏ।
ਹੁਣ ਲੋਕਾਂ ਵਿੱਚ ਜਿਹੜੇ ਛੋਹਰ
ਘਸੇਂਦੇ ਨੇ ਤੱਪੜ ਦੇਹੀਂ ਸਰਕਾਰੀ
ਅਲਫ ਦਾ 'ਆਮ' ਪਕੇਂਦੇ ਨੇ।
ਦੁਪਹਿਰੀਂ ਵਗੇਂਦੇ ਨੇ ਗੁਲੇਲਾਂ
ਮਿਹਰਾਂ ਦੇ ਬਾਗੀਂ ਅੰਬਾਂ ਤੋਂ
ਉਡੀਦੇਂ ਨੇ ਤੋਤੇ
ਸੁੱਤੇ-ਸੁੱਤੇ ਪਏ ਤਰੱਬਕੇ ਨੇ ਰਾਤੀਂ
ਪੌੜੀ ਦੇ ਡੰਡਕੇ ਹੱਥ ਵਿਚ
ਭੌਣੀ ਹੋਂਦੇ ਤੱਕ ਕੇ
ਆਖ ਵੇਖ ਕੇ ਭਰਤੀ ਕਰਾਵਣ
ਕਾਣ ਜਿਨ੍ਹਾਂ ਨੂੰ ਸੁੱਖੀ ਬੈਠੇ ਨੇ ਮਾਪੇ
ਸੁਖਾਲਾ ਉਹਨਾਂ ਨੂੰ ਵੀ ਉੜਦੂ ਈ ਏ
ਉਹਨਾਂ ਭਾਣੇ ਵੀ ਸਿੱਧੀ ਸਾਦੀ ਗੱਲ ਏ ਗੋਲੀ
ਪਰ ਜੀਵੇਂ, ਨੂਰੀ ਆਂਹਦੀ ਈ,
ਜੰਮਣ ਲਾ ਦਿਆਂ ਉੱਜੜ ਗੀਆਂ ਨੂੰ
'ਖੁੱਸੇ ਹੱਕ ਨਿਰਵਾਰਨ ਕਾਣ
ਸਦੀਆਂ ਬੱਧੀ ਡੁੱਬੇ ਲੇਖੇ ਤਾਰਨ ਕਾਣ
ਹਸਤੀ ਨਵੀਂ ਉਸਾਰਨ ਕਾਣ
ਜਦ ਵਗੀ ਸਹਿਣੀ ਪੈ ਜਾਵੇ
ਜਦ ਆਪ ਵਗਾਣੀ ਪੈ ਜਾਵੇ
ਜਦ ਹੱਥੀਂ ਬਣਾਣੀ ਪੈ ਜਾਵੇ
ਨਾ ਗੋਲੀ ਸਿੱਧੀ ਸਾਦੀ ਆ
ਨਾ ਬੋਲੀ ਸਿੱਧੀ ਸਾਦੀ ਆ। •

*ਨੋਟ : ਨੂਰੀ ਕੀਮੇ ਕੇ ਇਸ ਸਦੀ ਦੇ ਪਹਿਲੇ ਅੱਧ ਦਾ ਸ਼ਾਇਰ ਜਿਹਨੇ ਨਜ਼ਾਮ ਲੁਹਾਰ ਦੇ ਢੋਲੇ ਜੋੜੇ।*

(ਪੰਚਮ ਲਹੌਰ, ਅਪ੍ਰੈਲ-ਮਈ-2004)

*ਕਹਾਣੀ*

# ਨਿੱਕੀ ਇੱਟ ਵਾਲੀ ਹਵੇਲੀ/ ਤਲਵਿੰਦਰ ਸਿੰਘ

ਰਹਿਮਾਨ ਗੂੰਗੇ ਨੇ ਸੱਥ ਵਿਚ ਖਲੋ ਕੇ ਜ਼ੋਰ ਦੀ ਚੀਕ ਮਾਰੀ।

ਵਿੰਹਦੇ ਹੀ ਵਿੰਹਦੇ ਪੱਛਮ ਵੱਲੋਂ ਉੱਠਿਆ ਧੂੜ ਦਾ ਗਹਿਰਾ ਸੁਰਖ਼ ਗ਼ੁਬਾਰ ਝੱਖੜ ਦਾ ਰੂਪ ਧਾਰ ਪਿੰਡ ਉੱਤੇ ਤਣ ਗਿਆ। ਦਿਨ ਛਿਪਦੇ ਦਾ ਚਾਨਣ ਘੁੱਪ ਹਨੇਰੇ 'ਚ ਵਟ ਗਿਆ। ਬੁੱਢੇ ਬੋਹੜ ਵਾਲੀ ਸੱਥ ਵਿਚ ਜੁੜੇ ਲੋਕਾਂ ਵਿਚ ਬੈਠੇ ਮੌਲਵੀ ਜਮਾਲੁਦੀਨ ਨੇ ਅਸਮਾਨ ਦੇ ਬਦਲੇ ਤੌਰ ਵੇਖਦਿਆਂ ਆਪਣੇ ਹੱਥ ਸਿਰ ਤੋਂ ਉਤਾਂਹ ਚੁੱਕੇ ਤੇ 'ਯਾ ਖ਼ੁਦਾ ਮਿਹਰ, ਆਪਣੀ ਖ਼ਲਕਤ ਤੇ ਬਖ਼ਸ਼ਿਸ਼ ਕਰੀਂ" ਕਿਹਾ ਤੇ ਉੱਠਦਿਆਂ ਉਸਨੇ ਹੇਠ ਵਿਛਾਏ ਸਾਫ਼ੇ ਨੂੰ ਚੁੱਕ ਕੇ ਝਾੜਿਆ ਤੇ ਮੋਢੇ ਉਪਰ ਸੁੱਟਦਿਆਂ ਆਸੇ-ਪਾਸੇ ਨੂੰ ਬੜੇ ਗਹੁ ਨਾਲ ਵੇਖਦਿਆਂ ਮਸੀਤ ਵੱਲ ਤੁਰ ਪਿਆ। ਦੂਜੇ ਲੋਕ ਵੀ ਕਿਰਨ-ਮ-ਕਿਰਨੀ ਉੱਠ ਕੇ ਘਰਾਂ ਨੂੰ ਤੁਰ ਪਏ। ਪਲੋ-ਪਲੀ ਸੱਥ ਖਾਲੀ ਹੋ ਗਈ। ਗਲੀਆਂ ਤੋੜਾਂ 'ਚ ਘੁੰਮਦੇ ਅਵਾਰਾ ਕੁੱਤਿਆਂ ਨੇ ਆ ਉੱਥੇ ਡੇਰਾ ਜਮਾ ਲਿਆ। ਉਹਨਾਂ ਅਜੀਬ ਜਿਹੇ ਮਿਜ਼ਾਜ ਵਿਚ ਇਧਰ ਉਧਰ ਤੱਕਿਆ ਤੇ ਫਿਰ ਰੋਂਦੂ ਜਿਹੀ ਆਵਾਜ਼ ਵਿਚ ਉਪਰ ਵੱਲ ਮੂੰਹ ਕਰਕੇ ਭੌਂਕਣ ਲੱਗੇ। ਉਹਨਾਂ ਦੇ ਇੰਜ ਭੌਂਕਣ ਨੂੰ ਕਿਸੇ ਨਾ ਗੌਲਿਆ। ਕਿਸੇ ਦੀ ਸੋਚ ਵਿਚ ਏਨੀ ਥਾਂ ਹੀ ਕਿੱਥੇ ਸੀ ਕਿ ਉਹ ਬੇਥਵੀਆਂ ਗੱਲਾਂ ਵੱਲ ਤਵੱਜੋ ਦਿੰਦਾ। ਪਿੰਡ ਤਾਂ ਇਓਂ ਸੀ ਜਿਵੇਂ ਇਸਨੂੰ ਕਿਸੇ ਕਿਆਮਤ ਦਾ ਇਲਹਾਮ ਹੋ ਗਿਆ ਸੀ।

ਡੂੰਘੀ ਸੋਚ ਵਿਚ ਗਲਤਾਨ ਕਾਸਮ ਘਰ ਦਾ ਕਿਵਾੜ ਖੋਲ੍ਹ ਅੰਦਰ ਲੰਘਿਆ। ਖੁੱਲ੍ਹੇ ਵਿਹੜੇ ਵਿਚ ਚੁੱਪ ਚਾਂ ਸੀ। ਕੰਧਾਂ ਨਾਲ ਢਾਸਣਾ ਲਾ ਕੇ ਪੀੜ੍ਹੀ ਉੱਤੇ ਬੈਠੀ ਨਸੀਬੋ ਨੂੰ ਉਸ ਪਥਰਾਈਆਂ ਅੱਖਾਂ ਨਾਲ ਵੇਖਿਆ। ਉਹ ਨੀਵੀਂ ਆਈ ਹੇਠਾਂ ਮਿੱਟੀ ਤੇ ਲੀਕਾਂ ਵਾਹੁੰਦੀ ਕੋਈ ਰਾਹ ਪਈ ਲੱਭ ਰਹੀ ਸੀ। ਝੱਖੜ ਦੀ ਤੇਜ਼ ਹਵਾ ਉਹਦੀਆਂ ਵਾਹੀਆਂ ਲਕੀਰਾਂ ਮਿਟਾਉਂਦੀ ਜਾ ਰਹੀ ਸੀ। ਠੱਕ-ਠੱਕ ਵੱਜਦੇ ਬੂਹੇ, ਵਿਹੜੇ ਵਿਚ ਲੱਗੀ ਧਰੇਕ ਦੇ ਚਰਮਰਾਉਂਦੇ ਟਾਹਣ, ਰੱਸੀ ਤੋਂ ਲੱਥ ਕੇ ਨੁੱਕਰਾਂ ਵਿਚ ਉਡਦੇ-ਰੁਲਦੇ ਕੱਪੜੇ ਤੇ ਸੁੱਕੇ ਪੱਤਿਆਂ ਦੀ ਖੜਖੜਾਹਟ ਦੇ ਖ਼ੌਫਜ਼ਦਾ ਅਸਰਾਂ ਤੋਂ ਬੇਖ਼ਬਰ ਉਹ ਆਪਣੇ ਆਪ ਵਿਚ ਡੁੱਬੀ ਹੋਈ ਸੀ। ਉਹਦੀਆਂ ਨਰਮ ਪਤਲੀਆਂ ਉਂਗਲਾਂ ਦੇ ਪੋਟੇ ਰਾਹਵਾਂ ਦੀ ਤਲਾਸ਼ ਵਿਚ ਜੁਟੇ ਹੋਏ ਸਨ। ਉਹਦਾ ਮਨ ਅਜੀਬ ਸੋਚਾਂ ਵਿਚ ਭਟਕ ਰਿਹਾ ਸੀ। ਉਹਦੀ ਸੁੰਨ ਹੋਈ ਸੋਚ ਵਿਚ ਖਿਆਲ ਉੱਭਰਿਆ, 'ਸ਼ਾਇਦ ਕੋਈ ਕ੍ਰਿਸ਼ਮਾ ਵਾਪਰ ਜਾਏ, ਸਾਰਾ ਕੁਝ ਥਾਂ ਸਿਰ ਹੋ ਜਾਏ, ਗਾਮਾ ਪਰਤ ਆਏ ਕਿਸੇ ਪਾਸਿਓਂ, ਉਹ ਮੁੜ ਰਜ਼ੀਆ ਨੂੰ ਵੇਖ ਸਕੇ, ਇਹ ਝੱਖੜ ਟਲ ਜਾਏ..... ਫਿਰ ਸਭ ਕੁਝ ਆਮ ਜਿਹਾ ਹੋ ਜਾਏ। ਇਸ ਵਿਹੜੇ ਦੀ ਰੌਣਕ ਪਰਤ ਆਏ, ਇਸ ਪਿੰਡ ਮੱਥਿਓਂ ਮੌਤ ਦਾ ਇਲਜ਼ਾਮ ਲੱਗਣੋਂ ਬਚ ਜਾਏ।' ਕਾਸਿਮ ਉਹਦੇ ਕੋਲੋਂ ਲੰਘ ਚੁੱਪਚਾਪ ਅੰਦਰ ਜਾ ਵੜਿਆ। ਨਸੀਬੋ ਨੇ ਥੱਕੀਆਂ ਉਦਾਸ ਨਜ਼ਰਾਂ ਨਾਲ ਉਹਦੀ ਪਿੱਠ ਨੂੰ ਨਿਹਾਰਿਆ। ਫਿਰ ਨਜ਼ਰ ਘੁਮਾ ਕੇ ਹਨੇਰੇ ਵਿਚ ਡੁੱਬ ਰਹੀ ਹਵੇਲੀ ਦੀ ਸਭ ਤੋਂ ਸਿਖ਼ਰਲੀ ਮਮਟੀ ਤੇ ਨਜ਼ਰ ਟਿਕਾਈ ਤੇ ਕਿੰਨਾ ਹੀ ਚਿਰ ਉਸੇ ਮੁਦਰਾ ਵਿਚ ਟਿਕਟਿਕੀ ਬੰਨ੍ਹ ਕੇ ਉਧਰ ਤੱਕਦੀ ਰਹੀ। ਉਹਦੇ ਕੰਨ ਹਵਾ ਦੀ ਸਾਂ-ਸਾਂ ਵਿਚੋਂ ਕੁਝ ਅਵਾਜ਼ਾਂ ਭਾਲਣ ਦੀ ਕੋਸ਼ਿਸ਼ ਕਰਦੇ ਰਹੇ। ਉਹਦਾ ਦਿਲ ਦਰਦ ਦੇ ਜਿਲ੍ਹਣ ਵਿਚ ਡੁੱਬਦਾ ਜਾ ਰਿਹਾ ਸੀ। ਇਸ ਦਰਦ ਦਾ ਅੰਤ ਉਸਨੂੰ ਦੂਰ-ਦੂਰ ਤੱਕ ਨਜ਼ਰੀਂ ਨਹੀਂ ਸੀ ਪੈ ਰਿਹਾ।

ਉਦੋਂ ਹਜ਼ਰਤ ਅਲੀ ਬਾਬੇ ਦੀ ਦਰਗਾਹ ਤੇ ਸਲਾਨਾ ਉਰਸ ਸੀ। ਦੂਰੋਂ ਨੇੜਿਓਂ ਪਿੰਡਾਂ-ਕਬੀਲਿਆਂ ਦੇ ਲੋਕ ਹੁੰਮ-ਹੁਮਾ ਕੇ ਪਹੁੰਚੇ ਸਨ। ਹਮੇਸ਼ਾ ਵਾਂਗ ਦੂਰ ਤੱਕ ਵੰਨ-ਸੁਵੰਨੀਆਂ ਚੀਜ਼ਾਂ ਦਾ ਬਾਜ਼ਾਰ ਸੱਜਿਆ ਸੀ। ਵੱਖ-ਵੱਖ ਤਰ੍ਹਾਂ ਦੇ ਪੰਘੂੜੇ-ਝੂਟੇ ਲੱਗੇ ਸਨ। ਕਿ ਪਾਸੇ ਪਿੜ ਵਿਚ ਨਾਮੀ ਗਰਾਮੀ ਭਲਵਾਨਾਂ ਦੇ ਦੰਗਲ ਹੋਏ ਸਨ। ਦੂਜੇ ਪਾਸੇ ਘੋੜਿਆਂ-ਊਠਾਂ ਦੀ ਭਰਵੀਂ ਮੰਡੀ ਲੱਗੀ ਹੋਈ ਸੀ। ਕੁੜੀਆਂ-ਚਿੜੀਆਂ ਰੰਗ-ਬਿਰੰਗੇ ਫੀਤੇ, ਰਿਬਨ, ਪਰਾਂਦੇ ਖਰੀਦ ਰਹੀਆਂ ਸਨ ਤੇ ਮੁੰਡੇ-ਖੁੰਡੇ ਬਲਦਾਂ ਦੀਆਂ ਟੱਲੀਆਂ ਤੇ ਘੁੰਗਰੂ ਖਰੀਦ ਰਹੇ ਸਨ। ਸ਼ੌਕੀਨਾਂ ਨੇ ਖ਼ੁਸ਼ਬੂਆਂ ਇਤਰਾਂ ਦੇ ਫੰਬੇ ਕਮੀਜ਼ਾਂ ਤੇ ਲੁਆਏ ਤੇ ਕੁੜੀਆਂ ਦੀਆਂ ਟੋਲੀਆਂ ਕੋਲੋਂ ਲੰਘੇ। ਕਬੱਡੀ ਖੇਡਣ ਵਾਲਿਆਂ ਵਾਹਣਾਂ ਵਿਚ ਜਾ ਕੇ ਜ਼ੋਰ ਅਜ਼ਮਾਈ ਕੀਤੀ। ਉਦਣ ਸ਼ਹੀਦਾਂ ਦੇ ਟਿੱਲੇ ਤੋਂ ਮਾਹਣੇ ਕੀ ਮਾੜੀ ਤੱਕ ਪੰਜ ਕੋਹ ਲੰਮੀ ਘੋੜ ਦੌੜ ਹੋਈ ਸੀ। ਜਿਸ ਵਿਚ ਗਾਮਾ ਜੇਤੂ ਕਰਾਰ ਦਿੱਤਾ ਗਿਆ ਸੀ ਤੇ ਉਹ ਚੰਗੇ ਕਹਿੰਦੇ ਕਹਾਉਂਦੇ ਉਡੰਤਰ ਉਹਨੇ ਪਛਾੜ ਮਾਰੇ ਸਨ। ਨਸੀਬੋ ਨੇ ਇਹ



ਨਜ਼ਾਰਾ ਅੱਖੀਂ ਡਿੱਠਾ ਸੀ ਤੇ ਬੁੱਲ੍ਹ ਦੰਦਾਂ ਥੱਲੇ ਦੱਬਦੀ ਬੋਲੀ ਸੀ, 'ਕਿੱਡਾ ਗੱਭਰੂ ਜੁਆਨ ਐ, ਚੌੜੀ ਚਕਲੀ ਛਾਤੀ ਤੇ ਗੋਲੀਆਂ ਜਿੱਡੇ-ਜਿੱਡੇ ਡੌਲੇ।"

'ਗੱਲ ਕਰ ਲਿਖ ਦਿਆਂ ਇਸ ਨੂੰ ਤੇਰੇ ਨਾਂ?' ਉਹਦੇ ਨਾਲ ਗਈ ਸਹੇਲੀ ਰਜ਼ੀਆ ਨੇ ਕਿਹਾ ਸੀ।

'ਉਹ ਕਿਵੇਂ?' ਹਸਰਤ ਭਰੀ ਨਜ਼ਰੇ ਨੇ ਉਸ ਵੱਲ ਤੱਕਿਆ ਸੀ।

'ਮੇਰੇ ਮਾਮੂ ਜਾਨ ਦਾ ਪੁੱਤਰ ਏ ਗਾਮਾ। ਬੁਰਜ ਅਰਾਈਆਂ ਤੋਂ। ਜੇ ਪਸੰਦ ਈ ਤਾਂ ਦੱਸ ਗੱਲ ਤੋਰਾਂ?' ਰਜ਼ੀਆ ਬੋਲੀ ਸੀ।

'ਫ਼ਰਮਾਇਸ਼ ਪਾਉਣ ਦਾ ਵੇਲਾ ਆਇਆ ਤਾਂ ਸੇਵਾ ਦਾ ਮੌਕਾ ਦਿਆਂਗੀ।' ਮਨ ਵਿਚ ਪੈਦਾ ਹੋਏ ਹੁਲਾਸ ਨੂੰ ਸਮੇਟ ਨਸੀਬੋ ਨੇ ਉੱਤਰ ਮੋੜਿਆ ਸੀ। ਉਸ ਹਜ਼ਰਤ ਬਾਬੇ ਦੀ ਦਰਗਾਹ ਤੇ ਇਬਾਦਤ ਕਰਦਿਆਂ ਝੋਲੀ ਫੈਲਾਈ ਸੀ ਤੇ ਮਨ ਹੀ ਮਨ ਗਾਮੇ ਦੀ ਸੁੱਖ ਮੰਗੀ ਸੀ। ਉਸਨੂੰ ਨੇੜਿਓਂ ਵੇਖਣ ਦੀ ਇੱਛਾ ਕੀਤੀ ਸੀ।

ਚੌਧਰੀ ਸ਼ੇਰ ਖਾਂ ਉਰਸ ਦੀ ਇੰਤਜ਼ਾਮੀਆ ਕਮੇਟੀ ਦਾ ਸਦਰ ਸੀ ਤੇ ਉਸਨੇ ਨੰਬਰਦਾਰ ਜਰਨੈਲ ਸਿੰਹੁ ਨੂੰ ਡਿਪਟੀ ਸਦਰ ਬਣਾਇਆ ਹੋਇਆ ਸੀ। ਕਾਸਿਮ ਉਹਨਾਂ ਦਾ ਮਦਦਗਾਰ ਸੀ ਤੇ ਨਿੱਕੇ-ਮੋਟੇ ਕੰਮ ਪੂਰੀ ਲਗਨ ਨਾਲ ਕਰਦਾ ਸੀ। ਲਗਾਤਾਰ ਤਿੰਨ ਦਿਨ ਚੱਲਣ ਵਾਲੇ ਇਸ ਮੇਲੇ ਦੇ ਆਖ਼ਰੀ ਦਿਨ ਕਬੱਡੀ, ਦੰਗਲ, ਘੋੜ-ਦੌੜ ਤੇ ਹੋਰ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡੇ ਜਾਂਦੇ। ਇਸ ਵਾਰ ਵੀ ਭਰਵੇਂ ਇਕੱਠ ਸਾਹਮਣੇ ਇਨਾਮਾਂ ਦੀ ਵੰਡ ਹੋਈ। ਗਾਮੇ ਨੂੰ ਪੰਜ ਸੇਰ ਘਿਓ ਦੀ ਪੀਪੀ ਤੇ ਦੋ ਸੇਰ ਬਦਾਮਾਂ ਦੀਆਂ ਗਿਰੀਆਂ ਨਾਲ ਇਕਵੰਜਾ ਰੁਪਏ ਨਕਦ ਮਿਲੇ। ਚੌਧਰੀ ਸ਼ੇਰ ਖਾਂ ਨੇ ਸਾਰੇ ਜੇਤੂਆਂ ਨੂੰ ਆਪਣੀ ਹਵੇਲੀ ਸ਼ਾਮ ਨੂੰ ਦਾਅਵਤ ਤੇ ਸੱਦਾ ਦਿੱਤਾ। ਵਿਹੜੇ ਵਿਚ ਦੋ ਬੱਕਰੇ ਜ਼ਿਬਾਹ ਕੀਤੇ ਗਏ ਤੇ ਦੇਗ਼ ਵਿਚ ਗੋਸ਼ਤ ਰਿੱਝਣ ਲੱਗਾ। ਹਵੇਲੀ ਦਾ ਖੁੱਲ੍ਹਾ ਮੋਕਲਾ ਵਿਹੜਾ ਰੌਣਕ ਨਾਲ ਭਰ ਗਿਆ ਸੀ। ਖੁੱਲ੍ਹੇ ਦਲਾਨ ਵਿਚ ਡੱਠੇ ਮੰਜਿਆਂ ਤੇ ਕਹਿਕਹੇ ਗੂੰਜਣ ਲੱਗੇ। ਪਿਛਲੇ ਉਰਸਾਂ ਦੇ ਮੁਕਾਬਲੇ ਇਸ ਉਰਸ ਦੀਆਂ ਸ਼ਾਨਾਂ ਦੀ ਚਰਚਾ ਹੋਣ ਲੱਗੀ। ਚੌਧਰੀ ਸਾਹਿਬ ਸਜੀ ਮਹਿਫ਼ਲ ਵਿਚ ਪੂਰੇ ਰੋਅਬ ਨਾਲ ਘੁੰਮ ਰਹੇ ਸਨ। ਗਾਮਾ ਆਪਣੇ ਜਾਣਕਾਰ ਮੁੰਡਿਆਂ ਨਾਲ ਗੱਪੀਂ ਜੁੜਿਆ ਹੋਇਆ ਸੀ। ਕਾਸਿਮ ਕੋਲੋਂ ਲੰਘਿਆ ਤਾਂ ਉਸਨੇ ਸਿਰ ਝੁਕਾ ਕੇ ਸਲਾਮਾਲੇਕਮ ਕਿਹਾ। ਦੋਹਾਂ ਹੱਥ ਮਿਲਾਏ ਤੇ ਇਕ ਦੂਜੇ ਦੇ ਗਲ਼ ਲੱਗੇ। 'ਮੈਨੂੰ ਪਤਾ ਲੱਗਾ ਏ ਤੂੰ ਰਜ਼ੀਆ ਦੇ ਮਾਮੂ ਜਾਨ ਦਾ ਪੁੱਤਰ ਏਂ। ਰਜ਼ੀਆ ਸਾਡੀ ਨਸੀਬੋ ਦੀ ਮੂੰਹ ਬੋਲੀ ਭੈਣ ਏ। ਆ ਘਰ ਚਲਦੇ ਆਂ। ਫਿਰ ਆਉਨੇ ਆਂ ਪਰਤ ਕੇ।' ਗਾਮਾ ਆਪਣੇ ਯਾਰਾਂ ਮਿੱਤਰਾਂ ਨਾਲੋਂ ਨਿੱਖੜ ਕੇ ਕਾਸਿਮ ਦੇ ਨਾਲ ਤੁਰ ਪਿਆ। ਘਰ ਦੇ ਬਾਹਰਲਾ ਕਿਵਾੜ ਲੰਘ ਅੰਦਰ ਪੈਰ ਪਾਏ ਤਾਂ ਨਸੀਬੋ ਤੇ ਰਜ਼ੀਆ ਜਿਵੇਂ ਪਹਿਲਾਂ ਹੀ ਉਹਨਾਂ ਦੇ ਇੰਤਜ਼ਾਰ ਵਿਚ ਖੜ੍ਹੀਆਂ ਸਨ। ਗਾਮੇ ਦੀ ਨਜ਼ਰ ਰਜ਼ੀਆ ਤੇ ਪਈ ਤਾਂ ਉਹਨਾਂ ਦੇ ਕਰੀਬ ਖਲੋ ਗਿਆ। 'ਸਲਾਮਾਲੇਕਮ ਭਾਈ ਜਾਨ।' ਰਜ਼ੀਆ ਨੇ ਕਿਹਾ। ਨਸੀਬੋ ਨੇ ਵੀ ਸਿਰ ਦੀ ਹਲਕੀ ਜਿਹੀ ਹਰਕਤ ਨਾਲ ਸਲਾਮ ਕਹੀ ਤੇ ਜਿੱਤ ਦੀ ਮੁਬਾਰਕਬਾਦ ਦਿੱਤੀ। 'ਇਹ ਮੇਰੀ ਸਹੇਲੀ ਏ ਨਸੀਬੋ। ਕਾਸਮ ਭਾਈ ਜਾਨ ਹੋਰਾਂ ਦੀ ਭੈਣ।' ਰਜ਼ੀਆ ਨੇ ਕਿਹਾ। 'ਏਨਾ ਤਾਂ ਮੈਨੂੰ ਪਹਿਲਾ ਪਤਾ ਏ। ਮੈਂ ਇਸ ਪਿੰਡ ਆਪਣੀ ਭੂਆ ਨੂੰ ਮਿਲਣ ਕਿੰਨੀ ਵਾਰੀ ਆਇਆ ਪਰ ਨਸੀਬੋ ਨਾਲ ਪਹਿਲਾਂ ਟਾਕਰਾ ਨਹੀਂ ਹੋਇਆ, ਇਹਦੇ ਬਾਰੇ ਹੋਰ ਕੋਈ ਗੱਲ?' ਗਾਮਾ ਨਸੀਬੋ ਦੇ ਰੂਪ ਤੇ ਜਿਵੇਂ ਭੁੱਲ੍ਹ ਹੀ ਗਿਆ। ਉਹਦੀਆਂ ਨਜ਼ਰਾਂ ਨੂੰ ਤਾੜ ਰਜ਼ੀਆ ਬੋਲੀ, 'ਭਾਈ ਜਾਨ, ਤੁਹਾਨੂੰ ਬੁਲਾ ਰਹੇ ਨੇ।' 'ਕੌਣ?' ਗਾਮੇ ਨੇ ਇਧਰ ਉਧਰ ਵੇਖਿਆ। 'ਕਾਸਮ ਭਾਈ ਜਾਨ।' ਰਜ਼ੀਆ ਨੇ ਚੇਤੇ ਕਰਾਇਆ ਤਾਂ ਉਹ ਕਾਸਿਮ ਵੱਲ ਮੁੜਿਆ। ਕੁਝ ਘਰ ਪਰਿਵਾਰ ਤੇ ਏਧਰ ਉਧਰ ਦੀਆਂ ਗੱਲਾਂ ਉਪਰੰਤ ਉਹ ਦੋਵੇਂ ਫਿਰ ਹਵੇਲੀ ਵੱਲ ਤੁਰ ਪਏ। ਆਪਣੇ ਯਾਰਾਂ ਮਿੱਤਰਾਂ ਨਾਲ ਹਾਸੇ ਠੱਠੇ ਵਿਚ ਮਸਰੂਫ ਹੋਣ ਦੀ ਥਾਂ ਗਾਮਾ ਜਿਵੇਂ ਗੁਆਚ ਜਿਹਾ ਗਿਆ। ਰੋਟੀ-ਟੁੱਕਰ ਖਾਂਦਿਆਂ ਵੀ ਉਹ ਗੁੰਮ-ਸੁੰਮ ਰਿਹਾ। ਜਿਵੇਂ ਆਸੇ-ਪਾਸੇ ਤੋਂ ਉਹਦਾ ਧਿਆਨ ਉਚਾਟ ਹੋ ਗਿਆ ਸੀ। ਜਿਵੇਂ ਨਸੀਬੋ ਨੂੰ ਇਕੱਲਿਆਂ ਮਿਲਣ ਦੇ ਮਨਸੂਬੇ ਪਿਆ ਘੜਦਾ ਸੀ ਉਹ। ਉਸ ਲਈ ਸਭ ਕੁਝ ਅਚਾਨਕ ਬਦਲ ਗਿਆ ਸੀ। ਮਨ ਵਿਚ ਅਜੀਬ ਤਰੰਗਾਂ ਉੱਠਣ-ਬਹਿਣ ਲੱਗੀਆਂ ਸਨ। ਅਖੀਰ ਵਕਤ ਨੇ ਮੌਕਾ ਦੇ ਹੀ ਦਿੱਤਾ ਸੀ ਗਾਮੇ ਨੂੰ। ਤੁਰਨ ਵੇਲੇ ਉਹਨੇ ਸਾਰਿਆਂ ਦੀਆਂ ਦੁਆਵਾਂ ਕਬੂਲੀਆਂ, ਸਭ ਨੂੰ ਦਰਜਾ-ਬ-ਦਰਜਾ ਸਲਾਮ ਆਖੀ। ਹਵੇਲੀ ਦੇ ਕਿਵਾੜਾਂ ਲਾਗੇ ਪਏ ਮੁੱਢ ਨਾਲ ਬੱਝਾ ਘੋੜਾ ਖੋਲ੍ਹਿਆ ਤੇ ਚੁੱਪਚਾਪ ਉਸੇ ਗ਼ਲੀ ਦੁਬਾਰਾ ਨਿਕਲਿਆ ਜਿਸ ਵਿਚ ਕਾਸਿਮ ਦਾ ਘਰ ਸੀ। ਇਸ਼ਕ ਦੇ ਪਹਿਲੇ ਹੁਲਾਰੇ ਦਾ ਅਸਰ

ਸੀ ਸ਼ਾਇਦ ਕਿ ਨਸੀਬੋ ਤੇ ਰਜ਼ੀਆ ਬਾਹਰਲੇ ਕਿਵਾੜ ਕੋਲ ਈ ਖੜ੍ਹੀਆਂ ਸਨ। ਗਾਮੇ ਨੇ ਨਸੀਬੋ ਲਈ ਮੁਹੱਬਤ ਦੇ ਅਹਿਸਾਸ ਅੱਖਾਂ 'ਚ ਭਰੇ ਤੇ ਇਧਰ-ਉਧਰ ਦੇਖਦੇ ਆਖਿਆ, 'ਜੁੰਮੇ ਦੀ ਸ਼ਾਮ ਪੁਰਾਣੇ ਕਬਰਸਤਾਨ ਦੇ ਪਿੱਪਲ ਥੱਲੇ ਆਵੀਂ, ਮੈਂ ਉਡੀਕਾਂਗਾ।' ਤੇ ਉਹਦਾ ਜੁਆਬ ਸੁਣੇ ਬਗੈਰ ਉਹਨਾਂ ਤੋਂ ਫਾਸਲਾ ਅਖ਼ਤਿਆਰ ਕਰ ਗਿਆ। ਉਸ ਰਕਾਬ ਵਿਚ ਪੈਰ ਫਸਾਇਆ ਤੇ ਪਲਾਕੀ ਮਾਰ ਕਾਠੀ ਤੇ ਬਹਿ ਪਹੇ ਵੱਲ ਨੂੰ ਦੁੜਕੀ ਹੋ ਗਿਆ।

ਨਸੀਬੋ ਦੇ ਚਾਵਾਂ ਨੂੰ ਜਿਵੇਂ ਖੰਭ ਲੱਗ ਗਏ। ਭਾਬੀ ਜੈਨਾ ਦੇ ਅੱਗੇ ਪਿੱਛੇ ਸਾਰਾ ਦਿਨ ਗੇੜੇ ਕੱਢਣ ਲੱਗੀ। ਨਿੱਕੀਆਂ ਦੋਵੇਂ ਭਾਬੀਆਂ ਜ਼ੁਬੈਦਾ ਤੇ ਬਾਨੋ ਨਾਲ ਇਕ ਸੁਰ ਹੋਣ ਲੱਗੀ। ਕੰਮਾਂ ਵਿਚ ਉਹਨਾਂ ਦਾ ਹੱਥ ਵਟਾਉਣ ਲਈ ਅਹੁਲਦੀ। ਤਿੰਨਾਂ ਭਾਬੀਆਂ ਦੀ ਲਾਡਲੀ ਨਣਦ ਉਹਨਾਂ ਤੋਂ ਬੜਾ ਕੁਝ ਪੁੱਛਣਾ ਲੋਚਦੀ, ਪਰ ਬੋਲ ਨਾ ਸਕਦੀ। ਉਹ ਉਹਦੇ ਬਦਲੇ ਤੇਵਰਾਂ ਤੇ ਹੈਰਾਨ ਕਾਰਨ ਜਾਨਣ ਦੀ ਚਾਹ ਰੱਖਦੀਆਂ, ਪਰ ਪੁੱਛ ਨਾ ਸਕੀਆਂ। ਉਹਨੇ ਆਪਣਾ ਅੰਦਰ ਉੱਠਦੇ ਵਲਵਲਿਆਂ ਤੇ ਬਦਲੀ ਹੋਈ ਤਬੀਅਤ ਬਾਰੇ ਰਜ਼ੀਆ ਕੋਲੋਂ ਜਾਨਣਾ ਚਾਹਿਆ ਪਰ ਉਸਦੀ ਤਸੱਲੀ ਨਾ ਹੋਈ। ਉਹਨੂੰ ਜੁੰਮੇ ਦੀ ਸ਼ਾਮ ਕਬਰਸਤਾਨ ਦੇ ਪਿੱਪਲ ਥੱਲੇ ਨਾਲ ਜਾਣ ਲਈ ਮਨਾਇਆ। ਪੌਣਾ ਕੋਹ ਪੈਂਡਾ ਤੈਅ ਕਰ ਉਹ ਦੱਸੀ ਥਾਂ ਤੇ ਪਹੁੰਚੀਆਂ। ਆਸੇ ਪਾਸੇ ਦੀ ਵੀਰਾਨੀ ਵਿਚ ਮੌਤ ਵਰਗੀ ਚੁੱਪ ਸੀ। ਦੂਰ ਤੱਕ ਫੈਲਿਆ ਢੱਠਿਆ ਤੇ ਖ਼ੌਫਨਾਕ ਕਬਰਸਤਾਨ। ਟਾਹਣਾਂ ਵਿਚ ਦੁਬਕੇ ਉੱਲੂ ਤੇ ਚਮਗਿੱਦੜ ਰਾਤ ਦੇ ਇੰਤਜ਼ਾਰ ਵਿਚ ਸਨ। ਗਾਮਾ ਉੱਥੇ ਕਿਧਰੇ ਨਹੀਂ ਸੀ। ਰਜ਼ੀਆ ਨੇ ਡਰ ਜ਼ਾਹਰ ਕੀਤਾ, 'ਅੜੀਏ ਸੀਬੋ, ਮੇਰਾ ਤਾਂ ਦਿਲ ਡਰਦਾ, ਕੋਈ ਹੋਰ ਨਾ ਚੰਦ ਚਾੜ੍ਹ ਬਹੀਏ। ਤੈਨੂੰ ਪਤਾ, ਮੇਰੇ ਅੱਬਾ ਤਾਂ ਮੇਰੀਆਂ ਰੇਝਾਂ ਪੀ ਜਾਣਗੇ। ਆਪਾਂ ਉਹਨੂੰ ਏਥੇ ਬੇਲੇ ਵਿਚ ਬਹੁਤਾ ਉਡੀਕੀਏ ਨਾ। ਮੇਰੀ ਮੰਨ, ਚਲਦੀਆਂ ਬਣੀਏ।'

ਇੰਝ ਹੌਸਲਾ ਨਾ ਛੱਡ। ਥੋੜ੍ਹਾ ਹੋਰ ਜੇਰਾ ਕਰ। ਉਹ ਆਇਆ ਕਿ ਆਇਆ। ਬੱਸ ਥੋੜ੍ਹਾ ਚਿਰ ਹੋਰ ਮੇਰੀ ਬੀਬੀ ਭੈਣ।' ਨਸੀਬੋ ਨੇ ਨਜ਼ਰ ਆਸੇ-ਪਾਸੇ ਦੌੜਾਈ। ਕਿਤੇ ਗਾਮੇ ਦਾ ਖੁਰਾ ਖੋਜ ਨਹੀਂ ਸੀ। ਉਹਨਾਂ ਦੇ ਸਿਰਾਂ ਤੋਂ ਕਾਵਾਂ ਦੀਆਂ ਡਾਰਾਂ ਲਹਿੰਦੇ ਵੱਲ ਨੂੰ ਨਿਕਲਣ ਲੱਗੀਆਂ। ਉੱਲੂਆਂ ਨੇ ਖੰਭ ਫੜਫੜਾਏ। ਰੁੱਖਾਂ ਦੇ ਝੁੰਡ ਉਹਲਿਓਂ ਦੋ ਘੋੜ ਸਵਾਰ ਉਹਨਾਂ ਦੇ ਲਾਗੋਂ ਲੰਘੇ ਤਾਂ ਉਹਨਾਂ ਮੂੰਹਾਂ ਦੇ ਦੁਆਲੇ ਪੱਲੇ ਕੱਸ ਲਏ। ਇਕ ਭਾਰੀ ਤੇ ਨਿੱਗਰ ਆਵਾਜ਼ ਨਿਕਲੀ, 'ਏਥੇ ਕੀ ਕਰੇਨੀਓ ਨੀ ਛੋਹਰੀਓ, ਚਲੋ ਚਲੋ ਵੰਞੋ ਘਰੇ ਕੀ।' ਦੂਜੇ ਨੇ ਵੀ ਘੋੜੇ ਦੀ ਵਾਗ ਖਿੱਚੀ ਤੇ ਬੋਲਿਆ, 'ਕਿਹੜੇ ਪਿੰਡੋ ਕੀਆਂ, ਕਿਹਨਾਂ ਕੀਆਂ? ਤਾਂ ਹੀ ਪਹੇ ਦੀ ਧੂੜ ਦਾ ਗੁਬਾਰ ਉੱਠਿਆ ਤੇ ਗਾਮੇ ਦੇ ਸਿਰ ਦਾ ਮੜਾਸਾ ਦਿੱਸਿਆ। ਉਹ ਦੋਵੇਂ ਘੋੜ ਸਵਾਰ ਬਿਨਾਂ ਕੋਈ ਹੋਰ ਤਲਾਫ਼ੀ ਕੀਤਿਆਂ ਅਗਾਂਹ ਨਿਕਲ ਗਏ। ਅਗਲੇ ਹੀ ਪਲ ਗਾਮੇ ਦਾ ਘੋੜਾ ਉਹਨਾਂ ਦੇ ਸਾਹਮਣੇ ਖਲੋਤਾ ਸੀ। ਰਕਾਬ 'ਚ ਪੈਰ ਅੜਾ ਉਹ ਥੱਲੇ ਉਤਰਿਆ। ਢਿੱਲੇ ਮੜਾਸੇ ਨੂੰ ਸੁਆਰਦਾ ਬੋਲਿਆ, 'ਕੀ ਪੁੱਛਦੇ ਸਨ?' ਰਜ਼ੀਆ ਪਹਿਲੋਂ ਬੋਲੀ, 'ਭਾਈ ਜਾਨ, ਏਨਾ ਪੱਛੜ ਕੇ ਆਏ ਓ, ਅਸੀਂ ਕਦੋਂ ਦੀਆਂ ਡੀਕਦੀਆਂ? ਹੁਣ ਅਸੀਂ ਚੱਲੀਆਂ।

'ਤੂੰ ਜਾਹ, ਤੈਨੂੰ ਤਾਂ ਬੁਲਾਇਆ ਨਹੀਂ ਸੀ।' ਗਾਮਾ ਦੇਰੀ ਨਾਲ ਆਉਣ ਤੇ ਸ਼ਰਮਿੰਦਾ ਸੀ ਪਰ ਮਰਦਾਂ ਵਾਲੀ ਹੈਂਕੜ ਮਾਰ ਕੇ ਬੋਲਿਆ, 'ਕੁਝ ਯਾਰਾਂ ਮਿੱਤਰਾਂ 'ਚ ਫਸ ਗਿਆ ਸੀ। ਕੋਈ ਗੱਲ ਨਹੀਂ, ਕਿਹੜੇ ਨ੍ਹੇਰੀ ਆ ਗਈ, ਤੂੰ ਸੁਣਾ ਨਸੀਬੋ?'

ਨਸੀਬੋ ਨੇ ਵੇਖਿਆ, ਗਾਮੇ ਦੀ ਕੱਕੀ ਦਾਹੜੀ ਵਿਚ ਘੱਟਾ ਭਰਿਆ ਪਿਆ ਸੀ। ਅੱਖਾਂ ਮੁਹੱਬਤ ਦੇ ਆਵੇਸ਼ ਵਿਚ ਡੁੱਲ੍ਹ ਰਹੀਆਂ ਸਨ। ਉਹਨੇ ਖੁਸ਼ਕ ਹੋਏ ਬੁੱਲ੍ਹਾਂ ਨੂੰ ਜੀਭ ਨਾਲ ਗਿੱਲਿਆਂ ਕੀਤਾ ਤੇ ਕਮੀਜ਼ ਤੇ ਕਫ਼ ਨਾਲ ਘੁੱਟ ਕੇ ਪੂੰਝਿਆ। ਬੁੱਲ੍ਹਾਂ ਨੇ ਇੰਝ ਹਰਕਤ ਕੀਤੀ ਜਿਵੇਂ ਸਾਹਮਣੇ ਖਲੋਤੀ ਨਸੀਬੋ ਨੂੰ ਇੱਕੋ ਡੀਕੇ ਪੀ ਜਾਣਾ ਹੋਵੇ। ਨਸੀਬੋ ਦੇ ਚਿਹਰੇ ਤੇ ਸਹਿਜਤਾ ਸੀ। ਬੋਲੀ, 'ਦੱਸ, ਕਿਉਂ ਬੁਲਾਇਆ ਸੀ, ਏਡੀ ਦੂਰ, ਇਸ ਜੰਗਲ-ਬੇਲੇ 'ਚ?'

ਵਕਤ ਜਿਵੇਂ ਰੁਕਿਆ ਪਿਆ ਸੀ। ਸ਼ਾਮ ਦਾ ਘੁਸਮੁਸਾ ਹੌਲੀ-ਹੌਲੀ ਫੈਲ ਰਿਹਾ ਸੀ। ਰਜ਼ੀਆ ਲਈ ਅਗਲਾ ਹਰ ਪਲ ਖ਼ੌਫਨਾਕ ਰੂਪ ਧਾਰਦਾ ਦਿਸ ਰਿਹਾ ਸੀ।

'ਮੈਂ ਦੱਸਦਾਂ।' ਗਾਮਾ ਨਸੀਬੋ ਨੂੰ ਮੁਖ਼ਾਤਬ ਹੋਇਆ। ਉਸ ਘੋੜਾ ਸ਼ਰੀਂਹ ਦੇ ਰੁੱਖ ਨਾਲ ਬੰਨ੍ਹਿਆ ਤੇ ਰਜ਼ੀਆ ਨੂੰ ਕੁਝ ਚਿਰ ਰੁਕਣ ਦਾ ਇਸ਼ਾਰਾ ਕੀਤਾ। ਨਸੀਬੋ ਦਾ ਹੱਥ ਫੜ ਉਹ ਮਲਿਆਂ ਝਾੜੀਆਂ ਵੱਲ ਤੁਰ ਪਿਆ। ਅਸਮਾਨ ਤੇ ਤੁਰਦਾ ਚੱਪਾ ਕੁ ਚੰਨ ਡੱਕੇ-ਡੋਲੇ ਖਾਣ ਲੱਗਾ ਸੀ। ਰਜ਼ੀਆ ਦਾ ਦਿਲ ਡੁੱਬਣ ਕਿਨਾਰੇ



ਆ ਗਿਆ, 'ਅੱਜ ਖ਼ੈਰ ਨਹੀਂ, ਇਹ ਸਾਨੂੰ ਜਿਹੜਾ ਕਬਰਸਤਾਨ ਲਾਗੇ ਲੈ ਆਇਆ, ਏਥੋਂ ਜਾਣ ਦਾ ਹੁਣ ਕੋਈ ਲੱਲ ਨਹੀਂ। ਕਿਸ ਚੰਦਰੀ ਘੜੀ ਇਹਨਾਂ ਦੇ ਸਿਰ ਇਸ਼ਕ ਚੜ੍ਹ ਬੈਠਾ? ਇਹਨਾਂ ਦੇ ਨਾਲ ਹੁਣ ਮੇਰਾ ਵੀ ਬਚਾਅ ਨਹੀਂ।'

ਗਾਮੇ ਨੇ ਨਸੀਬੋ ਨੂੰ ਸੀਨੇ ਨਾਲ ਘੁੱਟਿਆ ਤੇ ਬੋਲਿਆ, 'ਅੱਲ੍ਹਾ ਜ਼ਾਮਨ ਏ ਨਸੀਬੋ, ਮੇਰਾ ਮਨ ਮੇਰੇ ਵੱਸ 'ਚ ਨਹੀਂ ਰਿਹਾ। ਤੈਨੂੰ ਮਿਲਣ ਪਿੱਛੋਂ ਸਭ ਕੁਝ ਫਿੱਕਾ ਹੋ ਗਿਆ। ਮੇਰਾ ਕੌਲ ਏ ਤੈਨੂੰ ਛੱਡਾਂ ਤਾਂ ਇਹ ਕਬਰਾਂ ਨਸੀਬ ਹੋਣ ......।'

'ਇਓ ਕੁਬੋਲ ਨਾ ਬੋਲ। ਮੈਂ ਰੱਬ ਸੱਚੇ ਨੂੰ ਹਾਜ਼ਰ ਨਾਜ਼ਰ ਜਾਣ ਤੇਰੇ ਨਾਲ ਨਿਭਾਉਣ ਦਾ ਵਾਅਦਾ ਕਰਦੀ ਆਂ। ਜੋ ਵੀ ਦੁੱਖ ਸੁੱਖ ਆਵੇ ਮੈਂ ਸਹਾਰਾਂਗੀ। ਮੈਨੂੰ ਤੇਰੀ ਹਿੰਮਤ ਤੇ ਮਾਣ ਏ।'

'ਮੇਰੇ ਵਿਚ ਹੈ ਏ ਏਨੀ ਹਿੰਮਤ।' ਗਾਮੇ ਦੀਆਂ ਅੱਖਾਂ ਵਿਚ ਇਸ਼ਕ ਦਾ ਕੋਈ ਅੰਨ੍ਹਾ ਵੇਗ ਭਰ ਗਿਆ। ਨਾੜਾਂ ਵਿਚ ਤੱਤਾ ਲਹੂ ਗੇੜੇ ਕੱਢਣ ਲੱਗਾ। ਉਹਦੇ ਹੱਥਾਂ ਨੇ ਨਸੀਬੋ ਦੇ ਚਿਹਰੇ ਨੂੰ ਗ੍ਰਿਫ਼ਤ ਵਿਚ ਲੈ ਲਿਆ। ਉਸਦੇ ਤ੍ਰਹ ਮਾਰੇ ਬੁੱਲ੍ਹਾਂ ਨੇ ਨਸੀਬੋ ਦੇ ਕੰਬਦੇ ਹੋਠਾਂ ਨੂੰ ਚਿੱਥ ਸੁੱਟਿਆ। ਨਾ ਕੋਈ ਸ਼ਬਦ ਰਿਹਾ ਨਾ ਆਵਾਜ਼। ਮਲ੍ਹਿਆਂ ਝਾੜੀਆਂ ਵਿਚ ਟੀਂ-ਟੀਂ ਦੀ ਸੁਰ ਵਿਚ ਬੀਂਡੇ ਆਪਣਾ ਰਾਗ ਅਲਾਪਦੇ ਰਹੇ। ਗਾਮੇ ਦਾ ਮੜ੍ਹਾਸਾ ਤੇ ਨਸੀਬੋ ਦੇ ਸਿਰ ਦੀ ਚਾਦਰ ਕੱਲਰੀ ਧਰਤੀ ਤੇ ਪਏ ਰਹੇ।

ਅਖ਼ੀਰ ਨਸੀਬੋ ਝਉਲਾ ਝਾੜੀਆਂ ਉਹਲਿਓਂ ਰਜ਼ੀਆ ਨੂੰ ਪਿਆ। ਫਿਰ ਗਾਮੇ ਦਾ ਢਿੱਲਾ ਮੜਾਸਾ ਉਹਨੂੰ ਦਿਸਿਆ। ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦੀ ਆਵਾਜ਼ ਨੇੜੇ ਹੋਈ। ਦੱਬੇ ਘੁੱਟੇ ਹਾਸੇ ਸੁਣੇ। ਰਜ਼ੀਆ ਦੇ ਭਰੇ ਪੀਤੇ ਚਿਹਰੇ ਵੱਲ ਵੇਖੇ ਬਗ਼ੈਰ ਗਾਮੇ ਨੇ ਨਸੀਬੋ ਨੂੰ ਆਪਣੀਆਂ ਫੌਲਾਦੀ ਬਾਹਾਂ 'ਚ ਨਪੀੜਿਆ। ਇਕ ਵਾਰ ਫਿਰ ਗ਼ਾਮੇ ਦੇ ਸਾਹ ਦੀ ਹਵਾੜ ਉਹਦੇ ਰੋਮ-ਰੋਮ ਵਿਚ ਲੰਘ ਗਈ। ਆਥਣ ਦੀ ਤ੍ਰੇਲ ਕਾਰਨ ਉਹਨਾਂ ਦੇ ਜੁੱਸੇ ਸਿੱਲ੍ਹੇ ਹੋਏ ਪਏ ਸਨ। ਨਸੀਬੋ ਦੇ ਸੋਹਲ ਮੱਥੇ ਉੱਤੇ ਗਾਮੇ ਆਪਣੇ ਹੋਠਾਂ ਨਾਲ ਮੁਹਰ ਲਾਈ ਤੇ ਰਜ਼ੀਆ ਨੂੰ ਸੰਬੋਧਿਤ ਹੋ ਬੋਲਿਆ, 'ਤੂੰ ਇਸ ਪਾਕ ਪਵਿੱਤਰ ਮੁਹੱਬਤ ਦੀ ਗਵਾਹ ਏਂ, ਸਾਡੀ ਰਾਜ਼ਦਾਰ ਵੀ। ਮੈਂ ਤੇਰਾ ਤੇ ਆਪਣੇ ਯਾਰ ਮੁਰਾਦੇ ਦੇ ਪਿਆਰ ਨੂੰ ਸਿਰੇ ਲਾਵਾਂਗਾ। ਮੈਨੂੰ ਪਤਾ ਏ, ਤੇਰਾ ਮਨ ਉਹਦੇ ਵਿਚ ਏ ਤੇ ਉਹਦਾ ਤੇਰੇ ਵਿਚ। ਅਗਲੀ ਵਾਰ ਇਨਸ਼ਾ ਅੱਲਾ ਉਹ ਵੀ ਸਾਡੇ ਦਰਮਿਆਨ ਹੋਵੇਗਾ।' ਫਿਰ ਸ਼ਰੀਂਹ ਨਾਲੋਂ ਘੋੜਾ ਖੋਲ੍ਹ ਪਹਿਲਾਂ ਨਸੀਬੋ ਦਾ ਪੈਰ ਰਕਾਬ 'ਚ ਫਸਾਇਆ ਤੇ ਹੰਭਲਾ ਮਰਵਾ ਉੱਤੇ ਚੜ੍ਹਾ ਦਿੱਤਾ ਤੇ ਫਿਰ ਉਸੇ ਤਰ੍ਹਾਂ ਰਜ਼ੀਆ ਨੂੰ ਚੜ੍ਹਾਇਆ। 'ਬਾਬੇ ਦੀ ਦਰਗਾਹ ਤੇ ਘੋੜਾ ਛੱਡ ਦਿਓ। ਇਹ ਆਪੇ ਪਹੁੰਚ ਜੂ ਮੇਰੇ ਕੋਲ, ਰੱਬ ਰਾਖਾ, ਆਉਂਦੇ ਜੁੰਮੇ ਫਿਰ ਮਿਲਾਂਗੇ, ਏਸੇ ਤਰ੍ਹਾਂ।' ਤੇ ਘੋੜੇ ਥਾਪੀ ਦੇ ਤੋਰ ਦਿੱਤਾ। ਘੋੜਾ ਮਾਲਕ ਦੇ ਹੁਕਮ ਦੀ ਪਾਲਣਾ ਕਰਦਾ ਪਹੇ ਦੀ ਰੇਤ ਵਿਚ ਦੁੜਕੀ ਹੋ ਗਿਆ।

ਅੰਬਾਂ ਦੇ ਬਾਗ਼ ਕੋਲ ਉਹ ਘੋੜੇ ਤੋਂ ਉਤਰੀਆਂ। ਘੋੜਾ ਬਿਜਲਈ ਫੁਰਤੀ ਨਾਲ ਪਿਛਾਂਹ ਭੱਜ ਉੱਠਿਆ। ਪਿੰਡ ਵੱਲ ਰੁਖ ਕਰਦਿਆਂ ਰਜ਼ੀਆ ਨੇ ਉਹਦੇ ਨਿੱਡਰ ਤੌਰਾਂ ਤੇ ਹੈਰਾਨ ਹੋ ਕੇ ਆਖਿਆ। 'ਤੈਨੂੰ ਮਰਨ ਤੋਂ ਡਰ ਨਹੀਂ ਲੱਗਦਾ?' ਇਹ ਜੋ ਤੂੰ ਕੀਤਾ ਏ, ਕੇਡਾ ਸੰਗੀਨ ਜੁਰਮ ਏ, ਪਤਾ ਈ?' ਡਰ ਨਾਲ ਰਜ਼ੀਆ ਦੇ ਬੁੱਲ੍ਹ ਕੰਬਣ ਲੱਗੇ। ਉਹਦੇ ਮੱਥੇ ਦੀਆਂ ਨਾੜਾਂ ਉੱਭਰ ਆਈਆਂ ਸਨ ਤੇ ਸਰੀਰ 'ਚ ਲਹੂ ਦੀ ਗਤੀ ਤੇਜ਼ ਹੋ ਗਈ ਸੀ। ਪਰ ਨਸੀਬੋ ਸ਼ਾਂਤ ਚਿੱਤ ਸੀ। ਉਹਦੀਆਂ ਅੱਖਾਂ ਵਿਚ ਤੱਤੇ ਇਸ਼ਕ ਦੀ ਖ਼ੁਮਾਰੀ ਸੀ। 'ਮੈਂ ਅੱਲ੍ਹਾ ਦੀ ਜਾਤ ਤੋਂ ਉਰੇ ਕਿਸੇ ਦੀ ਪਰਵਾਹ ਨਹੀਂ ਕਰਦੀ। ਤੂੰ ਰਾਜ਼ਦਾਰ ਏਂ ਮੇਰੀ। ਤੇਰਾ ਵੀਰ ਮੈਨੂੰ ਮੁਹੱਬਤ ਦਾ ਕੌਲ ਦੇ ਚੁੱਕਿਆ। ਮੈਨੂੰ ਝਨਾਂ ਦੇ ਪਾਕ ਪਾਣੀ ਦੀ ਸਹੁੰ, ਮੈਂ ਇਸ ਕੌਲ ਤੇ ਜਾਨ ਕੁਰਬਾਨ ਕਰ ਦਿਆਂਗੀ। ਮੇਰੀ ਤਕਦੀਰ ਨੇ ਹੁਣ ਪਿੱਛੇ ਨਹੀਓਂ ਮੁੜਨਾ। ਜੋ ਹੋਇਆ ਠੀਕ ਹੋਇਆ, ਜੋ ਹੋਣਾ, ਉਹ ਮੈਂ ਨਹੀਂ ਵੇਖਿਆ, ਇਸ ਵੇਲੇ ਮੈਨੂੰ ਉਸਦੀ ਪਰਵਾਹ ਵੀ ਨਹੀਂ।'

ਇਸ ਵਿਹੜੇ ਦੀ ਮੁਹੱਬਤ ਨੇ ਨਸੀਬੋ ਨੂੰ ਕਲਾਵੇ 'ਚ ਲੈ ਲਿਆ ਹੋਇਆ ਸੀ। ਕਾਸਮ, ਨੂਰਦੀਨ ਤੇ ਅੱਲਾਦਿੱਤਾ ਨੇ ਉਸਨੂੰ ਖੁਸ਼ ਰੱਖਣ ਦਾ ਹਰ ਸੰਭਵ ਯਤਨ ਕੀਤਾ ਸੀ। ਉਹ ਆਪਣੀਆਂ ਬੇਗ਼ਮਾਂ ਨੂੰ ਵੀ ਵਾਰ ਚੇਤਾ ਕਰਾਉਂਦੇ ਰਹਿੰਦੇ, 'ਅੱਬਾ ਜੀ ਮੌਤ ਹੋਣ ਵੇਲੇ ਤਾਕੀਦ ਕਰ ਗਏ ਸਨ ਕਿ ਉਹਨਾਂ ਦੀ ਲਾਡਲੀ ਨਸੀਬੋ ਨੂੰ ਤੱਤੀ ਵਾ ਨਾ ਲੱਗੇ। ਇਹ ਉਹਨਾਂ ਦੀ ਆਖਰੀ ਨਿਸ਼ਾਨੀ ਐ। ਇਹਨੂੰ ਖੁਸ਼ ਰੱਖਣ ਦਾ ਮਤਲਬ ਅੱਬਾ ਜੀ ਦੀ ਰੂਹ ਨੂੰ ਠੰਢਿਆਂ ਰੱਖਣਾ ਐ।' ਲੱਗਦੀ ਵਾਹ ਕਦੀ ਵੀ ਉਹਨਾਂ ਤਿੰਨਾਂ ਉਸਨੂੰ ਉਦਾਸ ਨਹੀਂ ਹੋਣ ਦਿੱਤਾ ਸੀ। ਵੱਡੀ ਭਾਬੀ ਜੈਨਾ ਉਹਨੂੰ ਆਪਣੀ ਧੀ ਪਿੰਕੀ ਵਾਂਗ ਸਮਝਦੀ। ਉਹਦੇ ਨਾਜ਼ ਉਠਾਉਂਦੀ ਤੇ ਜ਼ਿੱਦਾਂ ਪੁਗਾਉਂਦੀ। ਕੰਮ ਨੂੰ ਹੱਥ ਨਾ ਲਾਉਣ ਦਿੰਦੀ। ਨਸੀਬੋ ਹੁੰਦੜ-ਹੇਲ ਹੋਣ ਤੇ ਵੀ ਸੱਤਾਂ-ਅੱਠਾਂ

ਵਰ੍ਹਿਆਂ ਦੀ ਪਿੰਕੀ ਨਾਲ ਵਿਹੜੇ 'ਚ ਸਟਾਪੂ ਖੇਡਦੀ, ਗੀਟੀਆਂ ਨਾਲ ਥਾਲ ਪਾਉਂਦੀ, ਕੰਧਾਂ-ਕੌਲਿਆਂ ਉਹਲੇ ਲੁਕਣਮੀਟੀ ਖੇਡਦੀ ਫਿਰਦੀ ਤੇ ਵਿਹੜੇ ਵਿਚਲੀ ਧਰੇਕ ਨਾਲ ਰੱਸੀ ਬੰਨ੍ਹਵਾ ਪੀਂਘ ਝੂਟਦੀ। ਕਦੇ-ਕਦਾਈਂ ਨਿੱਕੀਆਂ ਭਾਬੀਆਂ ਆਖਦੀਆਂ, 'ਨੀ ਹੁਣ ਬੱਸ ਕਰ, ਤੇਰੇ ਭਰਾ ਆ ਕੇ ਵੇਖਣਗੇ ਤਾਂ ਕੀ ਕਹਿਣਗੇ। ਨਿੱਕੀ ਬਾਲੜੀ ਨਹੀਂ ਰਹੀ ਹੁਣ ਤੂੰ?' ਤਾਂ ਜੈਨਾ ਭਾਬੀ ਕਹਿੰਦੀ, 'ਨੀ ਅੜੀਓ, ਖੇਡ ਲਵੇ ਹੋਰ ਭੋਰਾ। ਸਹੁਰੀਂ ਜਾ ਕੇ ਤਾਂ ਕੁੜੀਆਂ ਅਗਲੇ ਦਿਨ ਈ ਔਰਤਾਂ ਬਣ ਜਾਂਦੀਆਂ। ਨਾਲੇ ਉਹ, ਇਹਦੇ ਭਰਾ ਥੋੜ੍ਹਾ ਇਹਨੂੰ ਗੁੱਸੇ ਹੋਣਗੇ, ਉਹਨਾਂ ਆਪ ਈ ਤਾਂ ਭੂਏ ਕੀਤੀ ਆ।' ਤੇ ਜੇ ਕਿਤੇ ਕਿਸੇ ਗੱਲੋਂ ਕੋਈ ਭਾਬੀ ਕਹਿ ਹੀ ਦਿੰਦੀ, 'ਨੀ ਜ਼ਰਾ ਹੌਲੀ ਭੁੜਕ, ਕਦੀ ਸਾਹ ਵੀ ਲੈ ਲਿਆ ਕਰ, ਕਦੀ ਟਿਕ ਵੀ ਜਾਇਆ ਕਰ,' ਤਾਂ ਉਹ ਨਿਆਣਿਆਂ ਵਾਂਗ ਮੂੰਹ ਬਣਾ ਕੇ ਊਂ-ਊਂ ਕਰਨ ਬਹਿ ਜਾਂਦੀ ਜਾਂ ਕਹਿੰਦੀ, 'ਦੱਸਾਂਗੀ ਕਾਸਮ ਭਾਈ ਜਾਨ ਨੂੰ।

ਚਾਵਾਂ ਤੇ ਰੀਝਾਂ ਨਾਲ ਭਰਿਆ ਵਿਹੜਾ ਅੱਜ ਕਿੰਨਾ ਖਾਮੋਸ਼ ਸੀ। ਲੱਥਦੀ ਸ਼ਾਮ ਦਾ ਘਸਮੈਲਾ ਚਾਨਣ ਕਾਲਖਾਂ ਨਾਲ ਪਰੁੱਚਿਆ ਗਿਆ ਸੀ। ਨਸੀਬੋ ਦੀਆਂ ਸੁੰਨੀਆਂ ਅੱਖਾਂ ਦੀਆਂ ਪੁਤਲੀਆਂ ਇਸ ਵੀਰਾਨਗੀ ਦੀ ਥਾਹ ਪਾਉਣ ਦੀ ਕੋਸ਼ਿਸ਼ ਵਿਚ ਇਧਰ-ਉਧਰ ਘੁੰਮ ਰਹੀਆਂ ਸਨ। ਮਨ ਕਿਸੇ ਅਨਜਾਣ ਰਾਹ 'ਚ ਭਟਕ ਰਿਹਾ ਸੀ। ਪਤਾ ਨਹੀਂ ਬਾਹਰੋਂ ਸੱਥ 'ਚੋਂ ਆਏ ਕਾਸਮ ਭਾਈ ਉਸ ਲਈ ਕਿਹੜਾ ਫਤਵਾ ਲੈ ਕੇ ਆਏ ਸਨ।

ਉਦੋਂ ਹਫ਼ਤੇ ਦੇ ਵਿਚ ਹੀ ਦੋ ਵਾਰ ਗਾਮਾ ਮੱਝ ਬਾਰੇ ਪੁੱਛਣ ਕਾਸਮ ਕੋਲ ਆਇਆ ਸੀ। ਕਾਸਮ ਉਹਨੂੰ ਸਿੱਖਾਂ ਦੀ ਪੱਤੀ ਨੰਬਰਦਾਰ ਜਰਨੈਲ ਸਿੰਘ ਕੋਲ ਲੈ ਗਿਆ। ਜਰਨੈਲ ਸਿੰਘ ਵਧੀਆਂ ਮੱਝਾਂ ਰੱਖਣ ਦਾ ਸ਼ੌਕੀਨ ਸੀ ਤੇ ਇਲਾਕੇ ਦਾ ਮੰਨਿਆ ਪ੍ਰਮੰਨਿਆ ਵਪਾਰੀ ਸੀ। ਉਸਨੇ ਕਾਸਮ ਨੂੰ ਇਕ ਪਾਸੇ ਕਰਕੇ ਦੱਸ ਦਿੱਤਾ, 'ਇਹ ਮੱਝ ਦਾ ਖਰੀਦਦਾਰ ਨਹੀਂ। ਇਹ ਕਿਸੇ ਹੋਰ ਮਾਰ ਤੇ ਆ। ਇਹਦੇ ਤੇ ਅੱਖ ਰੱਖ।' ਉਹਦੀ ਸਾਫ਼ ਤੇ ਖ਼ਰੀ ਗੱਲ ਸੁਣ ਕੇ ਸੱਚੀਂ-ਮੁੱਚੀਂ ਕਾਸਮ ਚੇਤੰਨ ਹੋ ਗਿਆ ਸੀ, ਪਰ ਉਹ ਗਾਮੇ ਦੇ ਅਸਲੀ ਮਨਸੂਬੇ ਤੱਕ ਨਹੀਂ ਸੀ ਪਹੁੰਚ ਸਕਿਆ। ਵਿਹੜੇ ਵਿਚ ਗਾਮੇ ਦੇ ਇਧਰ-ਉਧਰ ਝਾਕਣ ਤੇ ਵੀ ਖੁਰਾ ਨਾ ਕੱਢ ਸਕਿਆ। ਕਾਸਮ ਨੇ ਰਤਾ ਗੌਰ ਨਾ ਕੀਤਾ ਕਿ ਕਦੋਂ ਦੁੱਧ ਦੀ ਗੜਵੀ ਰੱਖਣ ਆਈ ਨਸੀਬੋ ਨੂੰ ਉਸ ਅੱਖਾਂ ਰਾਹੀਂ ਕੁਝ ਕਿਹਾ ਸੀ ਤੇ ਕਦੋਂ ਉਹਨਾਂ ਬਾਹਰਲੇ ਕਿਵਾੜਾਂ ਦੇ ਉਹਲੇ ਇਕ ਦੂਜੇ ਦੇ ਹੱਥ ਛੂਹੇ ਸਨ। ਇਹ ਤਾਂ ਚੌਥੇ ਜਾਂ ਖੌਰੇ ਪੰਜਵੇਂ ਜੁੰਮੇ ਦੀ ਕੋਈ ਸ਼ਾਮ ਸੀ ਜਦ ਉਹਨਾਂ ਦੀ ਮੁਹੱਬਤ ਨੂੰ ਨੰਗੇ ਨਹਾਉਂਦਿਆਂ ਨੰਬਰਦਾਰ ਜਰਨੈਲ ਸਿੰਘ ਦੇ ਕਿਸੇ ਬੰਦੇ ਨੇ ਜਾ ਵੇਖਿਆ ਸੀ ਤੇ ਜਰਨੈਲ ਨੇ ਆਪਣੀ ਯਾਰੀ ਦਾ ਫ਼ਰਜ਼ ਪਾਲਦਿਆਂ ਕਾਸਮ ਨੂੰ ਆਪਣੇ ਸ਼ੱਕ ਦਾ ਆਧਾਰ ਦੱਸ ਦਿੱਤਾ ਸੀ। ਕਾਸਮ ਬੈਠਾ ਬਿਠਾਇਆ ਜਿਵੇਂ ਖੂਹ ਵਿਚ ਗਰਕ ਗਿਆ। ਉਹ 'ਤੁੰਮੇ ਤਰਖਾਣ ਦਾ ਪੁੱਤਰ।' ਉਹਨੇ ਗੁੱਸੇ ਦੇ ਅੰਨ੍ਹੇ ਵੇਗ ਨਾਲ ਮੁੱਠਾਂ ਮੀਟੀਆਂ। 'ਸਰਦਾਰਾ, ਅਸੀਂ ਰੰਘੜ ਜੱਟ ਤੇ ਉਹ ਕੰਮੀ ਕਮੀਣ ਦੀ ਔਲਾਦ। ਹਿੰਮਤ ਤਾਂ ਵੇਖ ਸੂਰ ਦੇ ਪੁੱਤਰ ਦੀ। ਮੈਂ ਉਹਦੀ ਪਿੱਠ ਤੇ ਹੱਥ ਰੱਖਿਆ, ਪਈ ਖਿਡਾਰੀ ਮੁੰਡਾ ਐ, ਖੇਡੇਗਾ ਤੇ ਇਲਾਕੇ 'ਚ ਨਾਂ ਕਮਾਏਗਾ। ਪਰ ਇਹ......।'

'ਖਿਡਾਰੀ ਹੋਣਾ ਹੋਰ ਗੱਲ ਏ ਤੇ ਬਦਇਖ਼ਲਾਕ ਹੋਣਾ ਹੋਰ। ਸਾਡਾ ਪੇਂਡੂ ਭਾਈਚਾਰਾ ਅਜਿਹੀਆਂ ਹਰਕਤਾਂ ਬਰਦਾਸ਼ਤ ਨਹੀਂ ਕਰਦਾ। ਇਹ ਗੱਲ ਚੌਧਰੀ ਸਾਹਿਬ ਤੱਕ ਪਹੁੰਚੀ ਲੈ।' ਨੰਬਰਦਾਰ ਨੇ ਤਾੜਨਾ ਕਰਦਿਆਂ ਕਿਹਾ। ਕਾਸਮ ਅੰਨ੍ਹੇ ਖੂਹ ਵਿਚ ਡਿੱਗ ਪਿਆ। ਢਿੱਲੇ ਕਦਮੀਂ ਘਰ ਪਰਤ ਆਇਆ। ਮਨ ਦੇ ਇਸ ਭਾਰੀ ਬੋਝ ਨੂੰ ਜੈਨਾ ਨਾਲ ਸਾਂਝਾ ਕੀਤਾ ਤੇ ਉਹ ਵੀ ਸੋਚਾਂ ਦੇ ਵਹਿਣ ਵਿਚ ਵਹਿ ਗਈ। ਰਾਤ ਇਕ ਅਜੀਬ ਤਣਾਓ 'ਚ ਗੁਜ਼ਰੀ। ਸਵੇਰੇ ਕਾਸਮ ਭਾਈ ਜੈਨਾ ਭਾਬੀ ਨੂੰ ਕਹਿ ਰਹੇ ਸਨ, 'ਫ਼ੌਰਨ ਰਜ਼ੀਆ ਰਾਹੀਂ ਸਾਰੀ ਗੱਲ ਦਾ ਖੁਰਾ ਲੱਭ, ਜੇ ਸੱਚ ਹੋਇਆ ਤਾਂ ਮੈਂ ਗਾਮੇ ਦੇ ਟੋਟੇ ਕਰ ਦੇਣੇ ਆ।' ਆਪਣੇ ਕਮਰੇ ਵਿਚ ਕਿਸੇ ਸੰਭਵੀ ਖ਼ਤਰੇ ਦੀਆਂ ਬਿੜਕਾਂ ਲੈਂਦੀ ਨਸੀਬੋ ਸੁਣ ਕੇ ਇਕਵਾਰਗੀ ਕੰਬੀ ਸੀ। ਫਿਰ ਉਸੇ ਵੇਲੇ ਉਹਨੇ ਆਪਣੇ ਅੰਦਰਲੇ ਡਰ ਨੂੰ ਵਲ੍ਹੇਟ ਕੇ ਪਰ੍ਹਾਂ ਸੁੱਟਿਆ। ਗਾਮੇ ਦੀ ਦਿੱਤੀ ਦਲੇਰੀ ਨੇ ਦਿਲ ਟਿਕਾਣੇ ਕੀਤਾ। ਉਹਨੇ ਕਮਰੇ ਦੀ ਕੁੰਡੀ ਲਾਹੀ ਤੇ ਵਿਹੜੇ 'ਚ ਨਿਕਲ ਉਹਨਾਂ ਸਾਹਮਣੇ ਆ ਖਲੋਤੀ ਸੀ। ਤੱਤਫੱਟ ਜੈਨਾ ਭਾਬੀ ਦੇ ਮੂੰਹੋਂ ਨਿਕਲਿਆ, 'ਤੈਨੂੰ ਅੱਲਾ ਦੀ ਮਾਰ ਪਏ, ਇਹ ਕੀ ਚੰਦ ਚਾੜ੍ਹਿਆ ਤੂੰ? ਕੀ ਏਹੀ ਸੀ ਸਾਡੇ ਪਿਆਰ ਦੁਲਾਰ ਦਾ ਫਲ਼ ਜੋ ਤੂੰ ਦੇਣਾ ਸੀ?'

'ਮੈਂ ਕੁਝ ਨਹੀਂ ਕੀਤਾ ਸਭ ਅੱਲਾ ਦੀ ਰਜ਼ਾ 'ਚ ਹੋਇਆ।' ਨਸੀਬੋ ਦੇ ਬੋਲਾਂ ਨੇ ਕਾਸਮ ਨੂੰ ਸਕਤੇ ਵਿਚ ਪਾ ਦਿੱਤਾ। ਜੈਨਾਂ ਭਾਬੀ ਨੂੰ ਏਡੇ ਮੂੰਹਫਟ ਜੁਆਬ ਦੀ ਕਤੱਈ ਆਸ ਨਹੀਂ ਸੀ। ਉਹ ਇਕ ਦੂਜੇ ਵੱਲ



ਵਿੰਹਦੇ ਰਹਿ ਗਏ। ਉਹਨਾਂ ਸਾਹਮਣਿਓਂ ਨਸੀਬੋ ਪਰ੍ਹੇ ਹਟੀ ਤਾਂ ਕਾਸਮ ਨੇ ਕਿਹਾ, 'ਇਹਨੂੰ ਵਰਗਲਾਇਆ ਗਿਆ ਏ, ਕਸੂਰ ਰਜ਼ੀਆ ਦਾ ਏ ਤੇ ਗਾਮੇ ਸੂਰ ਦੇ ਪੁੱਤਰ ਦਾ। ਇਹਦਾ ਫੈਸਲਾ ਪੰਚਾਇਤ ਕਰੇਗੀ। ਚੌਧਰੀ ਸ਼ੇਰ ਖਾਨ ਦੀ ਕਚਹਿਰੀ ਇਹਦਾ ਨਿਬੇੜਾ ਕਰੇਗੀ। ਗਾਮੇ ਦੀਆਂ ਬੋਟੀਆਂ ਇੱਲਾਂ-ਗਿਰਝਾਂ ਨੋਚਣਗੀਆਂ। ਰਜ਼ੀਆ ਬਰਾਬਰ ਦੀ ਗੁਨਾਹਗਾਰ ਏ। ਉਹਨੂੰ ਵੀ ਨਹੀਂ ਬਖਸ਼ਿਆ ਜਾਏਗਾ। ਤੂੰ ਵੇਖੀਂ ਚੌਧਰੀ ਸਾਹਿਬ ਦਾ ਇਨਸਾਫ਼।'

ਉਸੇ ਦਿਨ ਸ਼ਾਮੀਂ ਬੁੱਢੇ ਬੋਹੜ ਥੱਲੜੀ ਸੱਥ ਤੇ ਪੰਚਾਇਤ ਜੁੜੀ। ਚੌਧਰੀ ਸ਼ੇਰ ਖਾਨ ਦੀਆਂ ਅੱਖਾਂ 'ਚੋਂ ਜਿਵੇਂ ਜਵਾਲਾ ਵਰ੍ਹ ਰਹੀ ਸੀ। ਉਹਦੀਆਂ ਕੁੰਢੀਆਂ ਮੁੱਛਾਂ ਨੂੰਹੇਂ ਦੇ ਡੰਗਾਂ ਵਾਂਗ ਜਾਪ ਰਹੀਆਂ ਸਨ। ਮੁਸ਼ਕਾਂ ਬੰਨ੍ਹ ਕੇ ਜੁੜੇ ਗਾਮੇ ਨੂੰ ਸੱਥ ਤੋਂ ਹੇਠਾਂ ਭੁੰਞੇ ਬਿਠਾਇਆ ਹੋਇਆ ਸੀ। ਕਾਸਮ ਆਪਣੇ ਦੋਹਾਂ ਭਾਈਆਂ ਸਮੇਤ ਇਕ ਪਾਸੇ ਮੰਜੇ ਤੇ ਬੈਠਾ ਸੀ। ਚੌਧਰੀ ਦੇ ਲਾਗੇ ਨੰਬਰਦਾਰ ਮੁਹੰਮਦ ਆਸਿਫ਼ ਤੇ ਜਰਨੈਲ ਸਿੰਘ ਬੈਠੇ ਸਨ। ਮੌਲਵੀ ਜਮਾਲੁਦੀਨ ਇਕ ਪਾਸੇ ਤਸਬੀ ਫੇਰਨ ਵਿਚ ਮਸਤ ਸੀ। ਆਸੇ ਪਾਸੇ ਪਿੰਡ ਦੇ ਹੋਰ ਮੁਹਤਬਰ ਬੰਦੇ ਬੈਠੇ ਸਨ ਤੇ ਏਧਰ ਉਧਰ ਕੁਝ ਤਮਾਸ਼ਬੀਨ ਖੜ੍ਹੇ ਸਨ।

ਹੁੱਕੇ ਦਾ ਡੂੰਘਾ ਗੁੜਗੁੜਾ ਮਾਰ ਕੇ ਨਾਲੀ ਲਾਗੇ ਬੈਠੇ ਮੁਹੰਮਦ ਆਸਿਫ਼ ਨੂੰ ਫੜਾ ਚੌਧਰੀ ਸ਼ੇਰ ਖਾਨ ਨੇ ਜੁੜੀ ਖਲਕਤ ਵੱਲ ਸੱਜਿਓਂ ਖੱਬੇ ਤੇ ਖੱਬਿਓਂ ਸੱਜੇ ਨਜ਼ਰ ਘੁੰਮਾ ਕੇ ਤੱਕਿਆ। ਇਹ ਉਹਦੇ ਜਬ੍ਹੇ ਦਾ ਅਸਰ ਸੀ ਕਿ ਇਕ ਵਾਰ ਤਾਂ ਨਿੱਕੀ ਮੋਟੀ ਹੋਣ ਵਾਲੀ ਘੁਸਰ ਮੁਸਰ ਵੀ ਰੁਕ ਗਈ। ਪਿੰਡ ਲਈ ਉਹ ਮੌਕੇ ਦੀ ਸਰਕਾਰ ਸੀ ਤੇ ਇਹ ਗੱਲ ਨਾ ਕਿਸੇ ਨੂੰ ਦੱਸਣ ਦੀ ਲੋੜ ਸੀ ਨਾ ਕਹਿਣ ਦੀ। ਉਹਦੇ ਮੂੰਹੋਂ ਨਿਕਲਿਆ ਹਰ ਲਫ਼ਜ਼ ਕਾਨੂੰਨ ਸੀ ਤੇ ਸਾਰੇ ਉਸਨੂੰ ਮੰਨਣ ਲਈ ਪਾਬੰਦ ਸੀ ਇਸਤੋਂ ਤਾਂ ਪਿੰਡ ਦਾ ਬੱਚਾ-ਬੱਚਾ ਵਾਕਿਫ਼ ਸੀ। ਇਲਾਕੇ ਦਾ ਥਾਣਾ ਉਸਦਾ ਪਾਣੀ ਭਰਦਾ ਸੀ ਤੇ ਕਚਹਿਰੀ ਤਹਿਸੀਲ ਦਾ ਅਮਲਾ ਫੈਲਾ ਉਹਦੇ ਸਾਹਮਣੇ ਜ਼ਮੀਨ ਚੱਟਣ ਤੱਕ ਜਾਂਦਾ ਸੀ। ਚੌਧਰੀ ਸਾਹਿਬ ਦੇ ਚਿੱਟੇ ਬੇਦਾਗ ਵਸਤਰ ਉਹਦੀ ਸ਼ਾਨਾਂਮੱਤੇ ਪਰਿਵਾਰਕ ਪਿਛੋਕੜ ਦੀ ਸ਼ਾਹਦੀ ਭਰਦੇ ਸਨ। ਉਹਨਾਂ ਦੇ ਮੂੰਹੋਂ ਨਿਕਲੇ ਹਰ ਲਫ਼ਜ਼ ਦਾ ਗਹਿਰਾ ਮਤਲਬ ਹੁੰਦਾ। ਉਹ ਧੀਮੀ ਸੁਰ 'ਚ ਉੱਚੀ ਗੱਲ ਕਰਦੇ ਜਿਸਨੂੰ ਸਾਰੇ ਇਲਾਹੀ ਹੁਕਮ ਵਾਂਗ ਮੰਨਦੇ ਤੇ ਪ੍ਰਵਾਨ ਚੜ੍ਹਾਉਂਦੇ।

ਚੌਧਰੀ ਸਾਹਿਬ ਨੇ ਹਲਕਾ ਜਿਹਾ ਖੰਘੂਰਾ ਮਾਰਿਆ ਤੇ ਉਂਗਲਾਂ ਨਾਲ ਮੁੱਛਾਂ ਦੇ ਕੁੰਡਲਾਂ ਦਾ ਜਾਇਜ਼ਾ ਲਿਆ ਤੇ ਆਪਣੀ ਬੇਹੱਦ ਠਰ੍ਹੰਮੇ ਵਾਲੀ ਆਵਾਜ਼ 'ਚ ਬੋਲਿਆ, 'ਨੰਬਰਦਾਰ ਜਰਨੈਲ ਸਿੰਘ ਦੇ ਨੌਕਰ ਗ਼ੁਲਾਮ ਰਸੂਲ ਤੇ ਦੁੱਲੇ ਮੋਚੀ ਦੀ ਸ਼ਹਾਦਤ ਤੇ ਗਾਮਾ ਵਲਦ ਤੁੰਮਾ ਤਰਖਾਣ ਇਸ ਪਿੰਡ ਦੀ ਇਕ ਧੀ ਨਾਲ ਗ਼ੈਰ ਇਖ਼ਲਾਕੀ ਹਰਕਤ ਕਰਨ ਦਾ ਦੋਸ਼ੀ ਏ। ਉਂਝ ਤਾਂ ਸਾਡਾ ਇਮਾਨ ਇਹ ਕਹਿੰਦਾ ਏ ਕਿ ਅਜਿਹੇ ਅਪਰਾਧ ਲਈ ਮੌਤ ਤੋਂ ਉਰੇ ਕੋਈ ਸਜ਼ਾ ਨਹੀਂ, ਪਰ ਕਿਉਂਕਿ ਗਾਮਾ ਇਕ ਖਿਡਾਰੀ ਏ ਤੇ ਘੋੜ-ਸੁਆਰ ਦਾ ਮਾਹਰ ਏ, ਇਹਦੇ ਸਿਰ ਤੋਂ ਮੌਤ ਦੀ ਸਜ਼ਾ ਟਾਲੀ ਜਾ ਰਹੀ ਏ। ਲਿਹਾਜ਼ ਇਸ ਪਿੰਡ-ਕਬੀਲੇ ਦਾ ਕਾਨੂੰਨ ਇਸ ਅਪਰਾਧੀ ਲਈ ਪੰਜਾਹ ਕੋੜਿਆਂ ਦੀ ਸਜ਼ਾ ਅੰਜਾਮ ਕਰਦਾ ਏ। ਗੁਰਨੇ ਕਸਾਈ ਨੂੰ ਹੁਕਮ ਐ ਕਿ ਉਹ ਕੋੜਾ ਲੈ ਕੇ ਹਾਜ਼ਰ ਹੋਵੇ ਤੇ ਸਜ਼ਾ ਤਾਮੀਲ ਕਰੇ। ਇਸਦੇ ਨਾਲ ਇਸ ਅਪਰਾਧੀ ਦੀ ਭੂਆ ਦੀ ਧੀ ਭੈਣ ਰਜ਼ੀਆ, ਜੋ ਇਸ ਗੁਨਾਹ ਵਿਚ ਬਰਾਬਰ ਦੀ ਸ਼ਰੀਕ ਏ ਤੇ ਅੱਲ੍ਹੜ ਕੁੜੀ ਨਸੀਬੋ ਨੂੰ ਭਰਮਾਉਣ ਵਿਚ ਕਸੂਰਵਾਰ ਏ, ਨੂੰ ਇਹ ਸਜ਼ਾ ਦਿੰਦੀ ਏ ਕਿ ਉਹਨੂੰ ਇਥੇ, ਪਿੰਡ ਦੀ ਸੱਥ ਵਿਚ ਲਿਆਂਦਾ ਜਾਏ, ਉਹਦੇ ਤਮਾਮ ਕੱਪੜੇ ਲਾਹ ਦਿੱਤੇ ਜਾਣ ਤੇ ਕਾਸਮ, ਨੂਰਦੀਨ ਤੇ ਅੱਲਾਦਿੱਤਾ, ਜੋ ਨਸੀਬੋ ਦੇ ਭਰਾ ਨੇ, ਨੂੰ ਹੁਕਮ ਐ ਕਿ ਉਹ ਰਜ਼ੀਆ ਨੂੰ ਵਾਰੋ-ਵਾਰੀ ਬੇ-ਪੱਤ ਕਰਨ ਤਾ ਜੁ ਇਲਾਕੇ ਦੇ ਲੋਕ ਇਹ ਸਬਕ ਸਿੱਖਣ ਕਿ ਮੁਆਸ਼ਰੇ ਵਿਚ ਗ਼ੈਰ ਸਿਹਤਮੰਦ ਕੰਮ ਕਰਨ ਦਾ ਕੀ ਅੰਜ਼ਾਮ ਹੁੰਦੈ। ਇਸਤੋਂ ਬਾਅਦ ਰਜ਼ੀਆ ਤੇ ਉਹਨਾਂ ਦੇ ਟੱਬਰ ਨੂੰ ਇਸ ਪਿੰਡ ਦੀਆਂ ਜੂਹਾਂ ਛੱਡਣੀਆਂ ਹੋਣਗੀਆਂ ਤੇ ਗਾਮਾ ਮੇਰੀ ਹਵੇਲੀ ਦੀ ਜੇਲ੍ਹ ਵਿਚ ਦਸ ਸਾਲ ਲਈ ਕੈਦ ਰਹੇਗਾ। ਫੈਸਲਾ ਖ਼ਤਮ, ਪੰਚਾਇਤ ਬਰਖ਼ਾਸਤ। ਰੱਬ ਸਾਰਿਆਂ ਦਾ ਭਲਾ ਕਰੇ।'

ਸੱਥ ਦੁਆਲੇ ਜੁੜੀ ਭੀੜ ਨੂੰ ਤੋੜ ਗੂੰਗੇ ਰਹਿਮਾਨ ਨੇ ਐਨ ਵਿਚਕਾਰ ਆ ਕੇ ਜ਼ੋਰ ਨਾਲ ਥੁੱਕਿਆ ਤੇ ਅਜੀਬੋ-ਗਰੀਬ ਆਵਾਜ਼ਾਂ ਕੱਢੀਆਂ। ਚੌਧਰੀ ਸਾਹਿਬ ਦੇ ਚਿਹਰੇ ਤੇ ਗੁੱਸੇ ਦੇ ਹਲਕੇ ਜਿਹੇ ਪ੍ਰਭਾਵ ਪੈਦਾ ਹੋਏ ਤੇ ਉਹਨਾਂ ਸੱਜੇ ਹੱਥ ਖਲੋਤੇ ਆਪਣੇ ਵਫ਼ਾਦਾਰ ਨੌਜਵਾਨਾਂ ਨੂੰ ਇਸ਼ਾਰਾ ਕੀਤਾ ਤੇ ਉਹ ਰਹਿਮਾਨ ਦੀਆਂ ਬਾਹਵਾਂ ਮਰੋੜਦੇ ਧੂੰਹਦੇ ਸੱਥ ਤੋਂ ਵਾਹਵਾ ਪਰੇ ਲੈ ਗਏ। ਲੋਕਾਂ ਏਨੀ ਕੁ ਘਟਨਾ ਨੂੰ ਉੱਕਾ ਨਾ ਗੌਲਿਆ। ਉਹਨਾਂ ਨੂੰ ਪਤਾ ਸੀ ਰਹਿਮਾਨ ਵੇਲੇ ਕੁਵੇਲੇ ਊਲ-ਜਲੂਲ ਹਰਕਤਾਂ ਕਰਦਾ ਰਹਿੰਦਾ ਹੈ। ਬਹੁਤ

ਸਾਲ ਪਹਿਲਾਂ ਜਦੋਂ ਉਹ ਕਿਧਰਿਓਂ ਕੁਝ ਪੜ੍ਹ ਆਇਆ ਸੀ ਤੇ ਉਹਨੂੰ ਪਿੰਡ ਤੇ ਲਾਗੂ ਕਰਨ ਲਈ ਬੋਲਣ ਲੱਗਾ ਸੀ ਤਾਂ ਚੌਧਰੀ ਸਾਹਿਬ ਨੇ ਉਹਨਾਂ ਗੱਲਾਂ ਨੂੰ ਪਿੰਡ ਬਰਾਦਰੀ ਲਈ ਨਾਖੁਸ਼ਗਵਾਰ ਜਾਤਾ ਸੀ ਤੇ ਰਹਿਮਾਨ ਨੂੰ ਜ਼ਬਾਨ ਤੋਂ ਮਹਿਰੂਮ ਕਰ ਦਿੱਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਕਿਸੇ ਦੀ ਹਿੰਮਤ ਨਹੀਂ ਸੀ ਪਈ ਉਹ ਰਹਿਮਾਨ ਦੇ ਲਫ਼ਜ਼ ਦੁਹਰਾ ਸਕੇ। ਨੀਮ ਪਾਗਲ ਰਹਿਮਾਨ ਦੀ ਹਾਜ਼ਰੀ ਇਕ ਤਾੜਨਾ ਬਣੀ ਹੋਈ ਸੀ।

ਪਿੰਡ ਬਰਾਦਰੀ ਦੇ ਭਰਵੇਂ ਇਕੱਠ ਵਿਚ ਸੁੰਨ ਵਰਤ ਗਈ। ਕਾਸਮ, ਨੂਰਦੀਨ ਤੇ ਅੱਲਾਦਿੱਤਾ ਨੇ ਵੀ ਇਕ ਵਾਰ ਸਿਰ ਸੁੱਟ ਲਏ। ਮੌਲਵੀ ਸਾਹਿਬ ਦੇ ਹੱਥ 'ਚ ਫਿਰ ਰਹੀ ਤਸਬੀ ਰੁਕ ਗਈ। ਉਹਨਾਂ ਇਕ ਵਾਰ ਚੌਧਰੀ ਸਾਹਿਬ ਦੇ ਸ਼ਾਂਤ ਸਹਿਜ ਚਿਹਰੇ ਵੱਲ ਵੇਖਿਆ, ਜਿੱਥੇ ਕਿਸੇ ਫੈਸਲੇ ਪ੍ਰਤੀ ਕੋਈ ਪਛਤਾਵਾ ਨਹੀਂ ਸੀ। ਫਿਰ ਉਹਨਾਂ ਆਸੇ-ਪਾਸੇ ਜੁੜੇ ਰੱਬ ਦੇ ਬੰਦਿਆਂ ਵੱਲ ਧਿਆਨ ਮਾਰਿਆ। ਸਭ ਕੁਝ ਆਪਣੀ ਅਹਿੱਲ ਸਥਿਤੀ ਵਿਚ ਟਿਕਿਆ ਹੋਇਆ ਸੀ। ਲੋਕ ਫੈਸਲੇ ਦੇ ਤਾਮੀਰ ਹੋਣ ਦੇ ਦ੍ਰਿਸ਼ ਵੇਖਣ ਲਈ ਜਿਵੇਂ ਇਕ ਮਨ ਇੱਕ ਚਿੱਤ ਹੋਏ ਖੜ੍ਹੇ ਸਨ। ਮੌਲਵੀ ਸਾਹਿਬ ਨੇ ਡੁੱਬਦੇ ਸੂਰਜ ਵੱਲ ਵੇਖ ਮੱਧਮ ਜਿਹੀ ਸੁਰ 'ਚ ਕਿਹਾ, 'ਨਮਾਜ਼ ਅਦਾ ਕਰਨ ਦਾ ਵਕਤ ਹੋ ਗਿਆ।' ਤੇ ਦੋਹਾਂ ਹੱਥਾਂ ਦਾ ਭਾਰ ਗੋਡਿਆਂ ਤੇ ਪਾ ਉੱਠ ਪਏ ਤੇ ਉਹਨਾਂ ਚੌਧਰੀ ਸਾਹਿਬ ਵੱਲ ਇੰਝ ਵੇਖਿਆ ਜਿਵੇਂ ਇਜਾਜ਼ਤ ਲੈ ਰਹੇ ਹੋਣ। ਫਿਰ ਉਹਨਾਂ ਦੇ ਪੈਰ ਹੌਲੀ-ਹੌਲੀ ਮਸੀਤ ਵੱਲ ਤੁਰ ਪਏ।

ਗੁਰਨਾ ਕਸਾਈ ਹਾਜ਼ਰ ਹੋ ਗਿਆ। ਅਗਲੇ ਪਲਾਂ ਵਿਚ ਵਾਲਾਂ ਤੋਂ ਘਸੀਟਦੀ ਰਜ਼ੀਆ ਨੂੰ ਵੀ ਹਾਜ਼ਰ ਕਰ ਦਿੱਤਾ ਗਿਆ। ਗਾਮੇ ਦੇ ਨੰਗੇ ਪਿੰਡੇ ਤੇ ਕੋੜੇ ਵਰ੍ਹਨ ਲੱਗੇ। ਉਹਦੀਆਂ ਚੀਕਾਂ ਕੁਰਲਾਹਟਾਂ ਨੇ ਅਸਮਾਨ ਸਿਰ ਚੱਕ ਲਿਆ। ਲੋਕਾਂ ਨੇ ਜਿਵੇਂ ਸਾਹ ਰੁਕ ਗਏ। ਚੌਧਰੀ ਸਾਹਿਬ ਦਾ ਨੂਰਾਨੀ ਚਿਹਰਾ ਪਹਿਲਾਂ ਦੀ ਤਰ੍ਹਾਂ ਸ਼ਾਂਤ ਸੀ। ਰਜ਼ੀਆ ਨੇ ਆਪਣੇ ਬੇਗੁਨਾਹ ਹੋਣ ਲਈ ਲੱਖਾਂ ਹਾੜੇ ਪਾਏ, ਹੱਥ ਜੋੜੇ, ਜ਼ਮੀਨ ਨਾਲ ਮੱਥਾ ਰਗੜਿਆ। ਪਰ ਚੌਧਰੀ ਸਾਹਿਬ ਦੇ ਚਿਹਰੇ ਨੇ ਰਤਾ ਰੰਗ ਨਾ ਬਦਲਿਆ। ਉਹਨਾਂ ਕਾਸਮ ਹੋਰਾਂ ਵੱਲ ਵੇਖਿਆ ਤੇ ਉਹ ਉਹਨਾਂ ਨਜ਼ਰਾਂ ਨਾਲ ਬੱਝੇ ਸੱਥ ਦੇ ਐਨ ਵਿਚਕਾਰ ਰਜ਼ੀਆ ਦੇ ਸਾਹਮਣੇ ਆ ਖਲੋਤੇ। ਰਜ਼ੀਆ ਨੇ ਆਖਰੀ ਤਰਲੇ ਲਏ, 'ਕਾਸਮ ਭਾਈ ਜਾਨ ਮੈਨੂੰ ਬਚਾਓ, ਨੂਰੇ ਦੇ ਦਿੱਤੂ ਵੀਰ ਮੇਰੇ ਤੇ ਰਹਿਮ ਕਰੋ, ਲੋਕੋ ਮੈਂ ਤੁਹਾਡੀ ਧੀ ਮੇਰੀ ਰੱਖਿਆ ਕਰੋ......।'

ਬੁੱਢੇ ਬੋਹੜ ਦੇ ਸਿਖ਼ਰਲੀਆਂ ਟਾਹਣਾਂ ਤੇ ਬੈਠੀਆਂ ਗਿਰਝਾਂ ਰੁੱਖ ਨੂੰ ਤਕੜਾ ਹਲੂਣਾ ਦੇ ਕੇ ਉੱਡੀਆਂ ਤੇ ਹੱਡਾ-ਰੋੜੀ ਦੀ ਢੱਠਾਉਣ ਕੰਧ ਤੇ ਜਾ ਬੈਠੀਆਂ। ਸੂਰਜ ਨੇ ਆਖ਼ਰੀ ਹਉਕਾ ਲਿਆ ਤੇ ਸ਼ਹੀਦਾਂ ਦੇ ਟਿੱਲੇ ਪਿੱਛੇ ਗਰਕ ਗਿਆ। ਪਿੰਡ ਤੇ ਮੌਤ ਵਰਗੀ ਚੁੱਪ ਛਾ ਗਈ। ਚੀਕਾਂ ਫਰਿਆਦਾਂ ਸਿਖ਼ਰ ਤੇ ਜਾ ਕੇ ਟੁੱਟਣ ਲੱਗੀਆਂ। ਹਉਕੇ ਹਾਵਿਆਂ ਤੋਂ ਬਾਅਦ ਚੁੱਪ ਵਰਤ ਗਈ। ਚੌਧਰੀ ਸਾਹਿਬ ਨੇ ਪੋਟਿਆ ਨਾਲ ਮੁੱਛਾਂ ਤੇ ਕੁੰਡਲਾਂ ਦਾ ਜਾਇਜ਼ਾ ਲਿਆ ਤੇ ਕੁਰਸੀ ਤੋਂ ਉੱਠ ਖਲੋਤੇ। ਉਹਨਾਂ ਦੇ ਉੱਠਣ ਦੀ ਦੇਰ ਸੀ ਕਿ ਲੋਕ ਕਿਰ-ਮ-ਕਿਰਨੀਂ ਖਿੰਡਣ ਲੱਗੇ। ਹੌਲੀ-ਹੌਲੀ ਸੱਥ ਖਾਲੀ ਹੋ ਗਈ। ਕੋੜਿਆਂ ਦੀ ਮਾਰ ਨਾਲ ਬੇਸੁੱਧ ਪਏ ਗਾਮੇ ਨੂੰ ਕਿਹਨੇ ਕਿੱਥੇ ਖੜਿਆ ਤੇ ਪਿੰਡ ਦੀ ਸੱਥ 'ਚ ਰੁਲੀ ਪਈ ਰਜ਼ੀਆ ਦਾ ਬਾਅਦ 'ਚ ਕੀ ਬਣਿਆ ਇਸ ਗੱਲ ਦੀ ਚਰਚਾ ਨਾ ਹੋਣੀ ਸੀ ਤੇ ਨਾ ਹੋਈ। ਸਾਰਾ ਪਿੰਡ ਚੁੱਪ ਦੀ ਚਾਦਰ ਤਾਣ ਪੈ ਗਿਆ। ਪਿੰਡ ਤੇ ਗਾੜ੍ਹੀ ਕਾਲੀ ਰਾਤ ਉੱਭਰ ਆਈ। ਨਸੀਬੋ ਦੇ ਘਰ ਦੇ ਵਿਹੜੇ ਵਿਚ ਇਸ ਤੋਂ ਵੱਧ ਖਾਮੋਸ਼ੀ ਪਹਿਲਾਂ ਕਦੇ ਨਹੀਂ ਸੀ ਹੋਈ। ਉਸਨੇ ਕੋਠੇ ਤੇ ਚੜ੍ਹ ਕੇ ਵੇਖਿਆ, ਦੂਰ-ਦੂਰ ਤੱਕ ਪਿੰਡ ਦਾ ਨਾਂ ਥੇਹ ਨਹੀਂ ਸੀ। ਸੁੰਨ ਉਜਾੜ ਦਾ ਆਲਮ ਸੀ ਕੋਈ। ਹਨੇਰੇ ਵਿਚ ਡੁੱਬੇ ਰੁੱਖ ਅਸਮਾਨ ਤੱਕ ਮੂੰਹ ਚੁੱਕੀ ਖਲੋਚੇ ਦੈਂਤ ਜਾਪੇ। ਉਹਦਾ ਗੱਡੇ ਵਾਂਗ ਭਾਰਾ ਦਿਮਾਗ ਕਿਸੇ ਵੀ ਸ਼ੈਅ ਤੇ ਨਹੀਂ ਸੀ ਟਿਕ ਰਿਹਾ। ਸਮਝ ਹੀ ਨਾ ਲੱਗੀ, ਕੀ ਤੋਂ ਕੀ ਹੋ ਗਿਆ। ਸਭ ਰੇਤ ਦੀ ਕੰਧ ਵਾਂਗ ਭੁਰ-ਭੁਰਾ ਗਿਆ। ਸਭ ਰਾਹ ਖਲਤ ਮਲਤ ਹੋ ਗਏ। ਹਾਲੇ ਤਾਂ ਉਹਦੀਆਂ ਅੱਖਾਂ ਨੇ ਰਾਂਗਲੇ ਸੁਪਨਿਆਂ ਦੀ ਦਹਿਲੀਜ਼ ਤੇ ਪੈਰ ਹੀ ਰੱਖਿਆ ਸੀ। ਅਜੇ ਤਾਂ ਉਹਦੇ ਪਿੰਡੇ ਤੇ ਲੂੰਏਂ-ਲੂੰਏਂ ਖੰਭ ਫੁੱਟੇ ਹੀ ਸਨ। ਮੁਹੱਬਤ ਦਾ ਗੀਤ ਉਹਦੇ ਸੰਘ 'ਚ ਟੁੱਟੇ ਕੱਚ ਵਾਂਗ ਖੁਭ ਗਿਆ ਤੇ ਉਹ ਬੇਵੱਸ ਹੋ ਕੇ ਵਕਤ ਦੇ ਪੈਰਾਂ 'ਚ ਢਹਿ ਪਈ।

ਦਿਨ ਹਫਤੇ ਕੁਝ ਅਗਾਂਹ ਸਰਕੇ। ਲੋਕਾਂ ਨੇ ਘਟਨਾਵਾਂ ਨੂੰ ਚਿੱਥਿਆ। ਕਈਆਂ ਉਹਨਾਂ ਦੇ ਸੁਆਦ ਨੂੰ ਅੰਦਰ ਲੰਘਾ ਲਿਆ, ਕਈਆਂ ਥੁੱਕ ਸੁੱਟਿਆ। ਰਜ਼ੀਆ ਦੀ ਕਹਾਣੀ ਬੀਤੇ ਦੀ ਬੁੱਕਲ ਵਿਚ ਜਾ ਪਈ। ਕਿਸੇ ਦੱਸਿਆ ਉਸਦਾ ਬਾਪ ਚੁੱਪ ਚੁਪੀਤੇ ਕਬਰਾਂ ਦੇ ਰਾਹੀਂ ਪੈ ਗਿਆ ਹੈ। ਗਾਮੇ ਦਾ ਵੀ ਕੋਈ ਸੁਰ ਪਤਾ ਨਹੀਂ ਸੀ ਕਿ ਉਸਨੂੰ ਕਿਹੜੇ ਖੂਹ ਖਾਤੇ ਸੁੱਟ ਦਿੱਤਾ ਗਿਆ। ਲੋਕ ਨਿਤਾ-ਪ੍ਰਤੀ ਦੇ ਕੰਮੀਂ ਜਾ ਲੱਗੇ। ਮੁਜ਼ਾਰੇ



ਪਹਿਲਾਂ ਦੀ ਤਰ੍ਹਾਂ ਚੌਧਰੀ ਸਾਹਿਬ ਦੇ ਖੇਤਾਂ ਨੂੰ ਵਾਹੁਣ ਸੰਵਾਰਨ ਲੱਗੇ। ਕਾਸਮ ਹੋਰੀਂ ਅਜੀਬ ਕਿਸਮ ਦੀ ਬੇਗਾਨਗੀ ਹੰਢਾ ਰਹੇ ਸਨ। ਉਹ ਗਲੀਆਂ ਵਿਚੋਂ ਇੰਝ ਲੰਘਦੇ ਜਿਵੇਂ ਮਿੱਟੀ ਉਹਨਾਂ ਦਾ ਭਾਰ ਝੱਲਣ ਤੋਂ ਇਨਕਾਰੀ ਹੋਵੇ।

ਨਸੀਬੋ ਪਹਿਲਾਂ ਤੋਂ ਕਿਤੇ ਗੁੰਮ-ਸੁੰਮ ਰਹਿਣ ਲੱਗੀ ਸੀ। ਦਿਨਾਂ ਵਿਚ ਹੀ ਉਹਨੇ ਬਚਪਨ ਦੀਆਂ ਸ਼ੋਖੀਆਂ ਨੂੰ ਵਲ੍ਹੇਟ ਸਾਂਭ ਕੇ ਪਾਸੇ ਰੱਖ ਦਿੱਤਾ ਸੀ। ਜਿੱਧਰ ਤੱਕਦੀ, ਟਿਕ-ਟਿਕੀ ਬੰਨ੍ਹ ਕੇ ਤੱਕੀ ਜਾਂਦੀ। ਜਿੱਥੇ ਬਹਿੰਦੀ, ਗੁੰਮ-ਸੁੰਮ ਡੂੰਨ ਵੱਟਾ ਬਣੀ ਬੈਠੀ ਰਹਿੰਦੀ। ਘਰ ਦੇ ਜੀਆਂ ਤੋਂ ਜਿਵੇਂ ਫਾਸਲਾ ਅਖ਼ਤਿਆਰ ਕਰੀ ਜਾ ਰਹੀ ਸੀ ਉਹ। ਕਈ-ਕਈ ਦਿਨ ਲੰਘ ਜਾਂਦੇ ਉਹਦਾ ਕਾਸਮ ਹੋਰਾਂ ਨਾਲ ਕਲਾਮ ਤੱਕ ਸਾਂਝਾ ਨਾ ਹੁੰਦਾ। ਉਹ ਆਉਂਦੇ ਤੇ ਬੇਗ਼ਾਨਿਆਂ ਵਾਂਗ ਉਹਦੇ ਲਾਗੋਂ ਲੰਘ ਜਾਂਦੇ। ਬਹੁਤੀ ਵਾਰ ਨਸੀਬੋ ਜਾਣ ਬੁੱਝ ਕੇ ਨੀਵੀਂ ਪਾ ਲੈਂਦੀ ਤੇ ਬੇਲਾਗ ਰਹਿਣ ਦਾ ਪ੍ਰਭਾਵ ਦਿੰਦੀ। ਪਰ ਬੇਗਾਨਗੀ ਤੇ ਅਲਗਾਵ ਦਾ ਇਹ ਆਲਮ ਬਹੁਤੀ ਦੇਰ ਨਾ ਚੱਲਿਆ। ਸਭ ਤੋਂ ਪਹਿਲਾਂ ਮਾਈ ਤਾਬਾਂ ਨੇ ਇਸ ਗੱਲ ਨੂੰ ਤਾੜਿਆ ਕਿ ਨਸੀਬੋ ਦੇ ਪੈਰ ਭਾਰੇ ਨੇ। ਉਹਨੇ ਬਰਾਦਰੀ ਕਬੀਲੇ ਨੂੰ ਪਿੰਡ ਵਿਚ ਇਕ ਨਵੀਂ ਆਫ਼ਤ ਦਾ ਸੰਕੇਤ ਦੇਣਾ ਆਪਣਾ ਫਰਜ਼ ਸਮਝਿਆ। 'ਇਹ ਪਿੰਡ ਅੱਲਾ ਦੇ ਕਹਿਰ ਤੋਂ ਨਹੀਂ ਬਚ ਸਕੇਗਾ। ਏਥੇ ਕਿਆਮਤ ਆਏਗੀ ਹੁਣ। ਇਹ ਧਰਤੀ ਪਾਟੇਗੀ ਤੇ ਅਸਮਾਨ ਗਰਕ ਜਾਏਗਾ।' ਪਿੰਡ ਦੀਆਂ ਸਿਆਣੀਆਂ ਤੀਵੀਆਂ ਦੀ ਸਾਂਝੀ ਰਾਏ ਬਣੀ। ਇਸ ਡਾਢੀ ਖਬਰ ਨੂੰ ਜੈਨਾ ਭਾਬੀ ਇਕ ਦਿਨ ਬਾਹਰੋਂ ਕਿਤੋਂ ਸੁਣ ਕੇ ਆਈ ਸੀ ਤੇ ਘਰ ਪਹੁੰਚ ਜਿਵੇਂ ਨਿੱਘਰ ਹੀ ਗਈ ਸੀ। ਬੱਸ ਆਉਂਦਿਆਂ ਮੰਜੇ ਤੇ ਢਹਿ ਹੀ ਪਈ। ਦੋਵਾਂ ਦਿਓਰਾਣੀਆਂ ਨੇ ਅਹੁਰ ਜਾਨਣ ਦੀ ਕੋਸ਼ਿਸ਼ ਕੀਤੀ। ਜੈਨਾ ਕੋਲ ਜਿਵੇਂ ਕੋਈ ਲਫਜ਼ ਨਹੀਂ ਸੀ। ਉਹ ਢੇਰ ਚਿਰ ਵਿਹੜੇ ਵਿਚ ਧਰੇਕ ਦੀ ਛਾਵੇਂ ਬੈਠੀ ਨਸੀਬੋ ਨੂੰ ਤੱਕਦੀ ਰਹੀ। ਨਸੀਬੋ ਨੂੰ ਆਪਣੇ ਆਪ ਦੀ ਖ਼ਬਰ ਸੀ ਜਾਂ ਉਹ ਬੇਖਬਰ ਸੀ, ਜੈਨਾ ਇਹਦਾ ਅੰਦਾਜ਼ਾ ਨਾ ਲਾ ਸਕੀ। ਉਹਨੂੰ ਨਸੀਬੋ ਨਾਲ ਨਫ਼ਰਤ ਹੋਈ ਜਾਂ ਹਮਦਰਦੀ, ਉਹ ਇਸ ਬਾਰੇ ਵੀ ਸਪੱਸ਼ਟ ਨਾ ਹੋ ਸਕੀ। ਉਹਦੇ ਢਿੱਡ ਵਿਚ ਪਲ ਰਿਹਾ ਜੀਅ ਕੋਈ ਕਹਿਰਵਾਨ ਜਿੰਨ ਸੀ ਜਾਂ ਮਾਸੂਮ ਜਿੰਦ। ਜੈਨਾ ਦੀ ਸੋਚ ਕੋਈ ਨਿਤਾਰਾ ਨਾ ਕਰ ਸਕੀ। ਨਜ਼ਰ ਸੀ ਬੱਸ ਜੋ ਨਸੀਬੋ ਤੇ ਟਿਕੀ ਹੋਈ ਸੀ। ਨਸੀਬੋ ਧਰੇਕ ਦੀ ਛਾਵੇਂ ਗੁਆਚੀ ਬੈਠੀ ਸੀ ਜਾਂ ਰਾਹਾਂ ਨੂੰ ਭਾਲਣ ਵਿਚ ਗਲਤਾਨ ਸੀ, ਇਹ ਤਾਂ ਉਹੀ ਜਾਣਦੀ ਸੀ।

ਇਕ ਸਵੇਰ ਜੈਨਾ ਨੇ ਇਸ ਅਲਾਮਤ ਦੀ ਜਾਣਕਾਰੀ ਪਰਿਵਾਰ ਨੂੰ ਸਪੱਸ਼ਟ ਰੂਪ ਵਿਚ ਦੇ ਦਿੱਤੀ। ਸੁਣ ਕੇ ਸਾਰੇ ਟੱਬਰ ਦੀ ਖਾਨਿਓਂ ਗਈ। ਤਿੰਨੇ ਭਰਾ ਚਿੰਤਾ ਦੇ ਅੰਨ੍ਹੇ ਖੂਹ ਵਿਚ ਜਾ ਡਿੱਗੇ। ਪਿੰਡ ਵਿਚ ਵੜਨੋਂ ਤਾਂ ਉਹ ਪਹਿਲਾਂ ਹੀ ਤ੍ਰਹਿ ਰਹੇ ਸਨ, ਹੁਣ ਉਹਨਾਂ ਦੀ ਹਿੰਮਤ ਘਰ ਦੇ ਕਿਵਾੜਾਂ ਤੋਂ ਬਾਹਰ ਜਾਣ ਦੀ ਵੀ ਨਾ ਰਹੀ। ਪਰ ਇਹ ਕਿੰਨਾ ਕੁ ਚਿਰ ਚਲਣਾ ਸੀ। ਚੌਧਰੀ ਸ਼ੇਰ ਖਾਂ ਦਾ ਬੁਲਾਵਾ ਤਾਂ ਆਉਣਾ ਹੀ ਆਉਣਾ ਸੀ। ਬੁੱਢੇ ਬੋਹੜ ਥੱਲੜੀ ਸੱਥ ਤੇ ਪੰਚਾਇਤ ਨੇ ਲੱਗਣਾ ਈ ਲੱਗਣਾ ਸੀ। ਰੱਬੀ ਹੁਕਮ ਵਰਗੇ ਫੈਸਲੇ ਨੇ ਲਾਗੂ ਹੋਣਾ ਹੀ ਹੋਣਾ ਸੀ ਤੇ ਕਿਹਦੀ ਮਜ਼ਾਲ ਹੋਣੀ ਸੀ ਕਿ ਉਸ ਫੈਸਲੇ ਤੇ ਕਿੰਤੂ ਪ੍ਰੰਤੂ ਕਰ ਸਕੇ।

ਕਿੰਨਾ ਕੁ ਚਿਰ ਕਾਸਮ ਤੇ ਉਹਦੇ ਭਰਾਵਾਂ ਨੇ ਇੰਝ ਖਤਰੇ ਦੀ ਵਜਦੀ ਘੰਟੀ ਤੇ ਬੇਖ਼ਬਰ ਰਹਿਣ ਦਾ ਭਰਮ ਪਾਲੀ ਰੱਖਣਾ ਸੀ। ਬਾਹਰ ਗਲੀਆਂ ਵਿਚ ਉੱਠ ਰਹੇ ਝੱਖੜ ਨੇ ਆਖਰ ਕਿਵਾੜਾਂ ਨੂੰ ਖੜਕਾ ਦਿੱਤਾ। ਚੌਕੀਦਾਰ ਮਿਹਰਬਾਨ ਦਾਸ ਨੇ ਆ ਦੱਸਿਆ ਕਿ ਸੰਝ ਨੂੰ ਸਾਰੇ ਸਾਰੇ ਸੱਥ ਵਿਚ ਇਕੱਠੇ ਹੋ ਰਹੇ ਨੇ, ਚੌਧਰੀ ਸਾਹਿਬ ਦਾ ਹੁਕਮ ਐ ਕਿ ਹਾਜ਼ਰ ਹੋਵੇ। ਤਿੰਨੇ ਭਰਾ ਹੁਕਮ ਦੀ ਤਾਮੀਲ ਕਰਦਿਆਂ ਸੱਥ ਵਿਚ ਜਾ ਅੱਪੜੇ। ਉੱਥੇ ਸਾਰਾ ਪਿੰਡ ਇਕੱਠਾ ਹੋਇਆ ਪਿਆ ਸੀ। ਥੜ੍ਹੇ ਦੇ ਐਨ ਵਿਚਕਾਰ ਹਵੇਲੀਓਂ ਲਿਆ ਕੇ ਡਾਹੀ ਕਾਲੀ ਟਾਹਲੀ ਦੀ ਪਿਤਾ ਪੁਰਖੀ ਕੁਰਸੀ ਤੇ ਚੌਧਰੀ ਸ਼ੇਰ ਖਾਂ ਬਿਰਾਜਮਾਨ ਸਨ। ਉਹਨਾਂ ਦੇ ਮੱਥੇ ਦੇ ਵੱਟ ਦੱਸ ਰਹੇ ਸਨ ਕਿ ਅੱਜ ਉਹ ਤਲਖ਼ ਤਬੀਅਤ ਹਨ। ਉਹਨਾਂ ਦੀਆਂ ਠੂੰਹੇਂ ਦੇ ਡੰਗਾਂ ਵਰਗੀਆਂ ਮੁੱਛਾਂ ਦੀਆਂ ਨੋਕਾਂ ਸੰਕੇਤ ਦੇ ਰਹੀਆਂ ਸਨ ਕਿ ਅੱਜ ਫ਼ਿਜ਼ਾ ਵਿਚ ਕੋਈ ਜ਼ਹਿਰ ਅਵੱਸ਼ ਘੁਲੇਗਾ। ਲੋਕ ਚੁੱਪ ਸਨ ਤੇ ਧਰਤੀ ਤੇ ਨਜ਼ਰਾਂ ਗੱਡੀ ਖਲੋਤੇ ਸਨ। ਚੌਧਰੀ ਸਾਹਿਬ ਨੇ ਕਾਸਿਮ ਭਰਾਵਾਂ ਵੱਲ ਕਹਿਰੀ ਨਜ਼ਰੇ ਵੇਖਿਆ ਤੇ ਗੜ੍ਹਕਵੀਂ ਆਵਾਜ਼ 'ਚ ਕਿਹਾ, 'ਕਾਸਿਮ ਖਾਨ! ਤੂੰ ਪਿੰਡ ਕਬੀਲੇ ਦਾ ਮੁਹਤਬਰ ਬੰਦਾ ਏ। ਤੂੰ ਜਾਣਨਾ ਏਂ ਸ਼ਰੀਅਤ ਤੋਂ ਉੱਚਾ ਕੋਈ ਕਾਨੂੰਨ ਨਹੀਂ, ਭਾਵੇਂ ਆਪਣਾ ਹੀ ਘਰ ਕਿਉਂ ਨਾ ਹੋਵੇ। ਇਸ ਮਾਮਲੇ 'ਚ ਕੋਈ ਰਿਆਇਤ ਨਹੀਂ ਦਿੱਤੀ ਜਾ ਸਕਦੀ। ਆਪਣੇ ਪਿੰਡ ਕਬੀਲੇ ਨੂੰ ਹਰ ਅਲਾਮਤ ਤੋਂ ਮਹਿਫ਼ੂਜ਼ ਰੱਖਣਾ ਮੇਰਾ ਫ਼ਰਜ਼ ਏ। ਪਿੰਡ ਦੀ ਅਣਖ ਇੱਜ਼ਤ ਮੇਰੇ ਲਈ ਅੱਵਲ ਨੇ। ਤੇਰੀ ਹਮਸ਼ੀਰਾ ਤੇ ਬਦਦਿਆਨਤਦਾਰ

ਹੋਣ ਦਾ ਇਲਜ਼ਾਮ ਲੱਗਾ ਏ। ਬੁੱਢੀ ਦਾਈ ਤਾਬਾਂ ਦੀ ਸ਼ਹਾਦਤ ਤੇ ਨਸੀਬੋ ਨੂੰ ਅਪਰਾਧੀ ਤਸਲੀਮ ਕੀਤਾ ਗਿਆ ਏ। ਸਾਡੇ ਮੁਆਸ਼ਰੇ ਵਿਚ ਨਿਕਾਹ ਤੋਂ ਪਹਿਲਾਂ ਹਮਲ ਧਾਰਨ ਕਰਨ ਦੀ ਸਜ਼ਾ ਮੌਤ ਤੋਂ ਉਰੇ ਕੋਈ ਨਹੀਂ। ਇਹ ਦਾਗ਼, ਜੋ ਪਿੰਡ ਕਬੀਲੇ ਦੇ ਮੱਥੇ ਤੇਰੀ ਹਮਸ਼ੀਰਾ ਨਸੀਬੋ ਨੇ ਲਾਇਐ ਉਸਨੂੰ ਧੋਣ ਲਈ ਇੱਕੋ ਰਾਹ ਏ ਬੱਸ ........' ਚੌਧਰੀ ਸਾਹਿਬ ਨੇ ਸੱਥ ਵਿਚ ਜੁੜੀ ਭੀੜ ਵੱਲ ਨਜ਼ਰ ਘੁੰਮਾਈ। ਸਭ ਕੁਝ ਸੁੰਨ ਸੀ। ਕੋਈ ਉੱਚਾ ਸਾਹ ਤੱਕ ਨਹੀਂ ਸੀ ਲੈ ਰਿਹਾ। ਕਾਸਿਮ ਤੇ ਉਹਦੇ ਦੋਵੇਂ ਭਾਈ ਜਿਵੇਂ ਨਿੱਘਰੇ ਖਲੋਤੇ ਸਨ, ਅਵਾਕ. ਗੁੰਮਸੁੰਮ। ਚੌਧਰੀ ਸਾਹਿਬ ਨੇ ਅੱਗੋ ਗੱਲ ਤੋਰੀ, 'ਤੈਨੂੰ ਹੁਕਮ ਏ ਕਾਸਿਮ ਖਾਨ ਕਿ ਕੱਲ੍ਹ ਦਾ ਸੂਰਜ ਚੜ੍ਹਨ ਤੀਕ ਤੂੰ ਆਪਣੀ ਹਮਸ਼ੀਰਾ ਦੇ ਖ਼ੂਨ ਦਾ ਭਰਿਆ ਪਿਆਲਾ ਮੇਰੇ ਸਾਹਮਣੇ ਪੇਸ਼ ਕਰ ਤੇ ਇਸ ਪਿੰਡ ਨੂੰ ਇਕ ਬੱਜਰ ਗੁਨਾਹ ਤੋਂ ਮੁਕਤ ਕਰ।'

ਗੂੰਗਾ ਰਹਿਮਾਨ ਕਿਧਰੋਂ ਆ ਪਰਗਟ ਹੋਇਆ। ਤਮਾਸ਼ਬੀਨਾਂ ਦੀ ਭੀੜ ਨੂੰ ਚੀਰ ਉਹ ਸੱਥ ਦੇ ਵਿਚਕਾਰ ਆ ਖਲੋਤਾ ਤੇ ਸਿਰ ਬੱਧੇ ਸਾਫ਼ੇ ਨੂੰ ਲਾਹ ਕੇ ਆਪਣੇ ਗਲ਼ ਵਿਚ ਪਾ ਕੇ ਹੱਥ ਜੋੜ ਕੇ ਮੇਮਣੇ ਵਾਂਗ ਮਿਆਂਕਣ ਲੱਗਾ। ਫਿਰ ਉਹ ਪੂਰਾ ਮੂੰਹ ਖੋਲ੍ਹ ਜ਼ੋਰ ਜ਼ੋਰ ਦੀ ਸਾਹ ਲੈਣ ਲੱਗਾ ਤੇ ਕੁਝ ਬੇਅਰਥ ਆਵਾਜ਼ਾਂ ਕੱਢਣ ਲੱਗਾ। ਉਹਨੇ ਪੂਰੇ ਤਾਣ ਬਾਹਵਾਂ ਹਿਲਾਈਆਂ, ਸਿਰ ਝਟਕਿਆ ਤੇ ਊਲ ਜਲੂਲ ਇਸ਼ਾਰੇ ਕੀਤੇ। ਉਹਦੀਆਂ ਹਰਕਤਾਂ ਨੂੰ ਸਮਝਣਾ ਕਿਸੇ ਦੇ ਵੱਸ ਦਾ ਰੋਗ ਨਹੀਂ ਸੀ। ਚੌਧਰੀ ਸਾਹਿਬ ਦਾ ਮੱਥਾ ਕ੍ਰੋਧਿਤ ਹੋ ਗਿਆ ਤੇ ਉਹਨਾਂ ਆਪਣੇ ਨੌਜਵਾਨਾਂ ਨੂੰ ਇਸ਼ਾਰਾ ਕੀਤਾ ਕਿ ਉਹ ਇਸ ਪਾਗਲ ਨੂੰ ਧੂਹ ਕੇ ਸੱਥ ਤੋਂ ਦੂਰ ਲੈ ਜਾਣ।

ਕਾਸਿਮ ਤੇ ਉਸਦੇ ਦੋਵੇਂ ਭਰਾ ਕੰਬ ਰਹੇ ਸਨ। ਮੌਲਵੀ ਜਮਾਲੁਦੀਨ ਦੇ ਹੱਥ 'ਚ ਘੁੰਮ ਰਹੀ ਤਸਬੀ ਰੁਕ ਗਈ। ਉਹਨਾਂ ਬੁਝੀਆਂ ਤੇ ਉਦਾਸ ਅੱਖਾਂ ਨਾਲ ਗਹਿਰੇ ਸੁਰਖ਼ ਹੋ ਰਹੇ ਆਸਮਾਨ ਵੱਲ ਦੇਖਿਆ ਤੇ ਰੱਬ ਅੱਗੇ ਅਰਜ਼ੋਈ ਵਜੋਂ ਬੋਲੇ, 'ਯਾ ਅੱਲ੍ਹਾ ਰਹਿਮ......' ਤੇ ਸਹਿਜ ਨਾਲ ਉਠ ਖਲੋਤੇ। ਚੌਧਰੀ ਸ਼ੇਰ ਖਾਂ ਨੇ ਵੀ ਕੁਰਸੀ ਦੀਆਂ ਬਾਹੀਆਂ ਤੇ ਜ਼ੋਰ ਪਾਇਆ ਤੇ ਸੱਥ ਤੋਂ ਨਿਕਲ ਤੁਰੇ। ਚੌਂਕੀਦਾਰ ਮਿਹਰਬਾਨ ਦਾਸ ਕੁਰਸੀ ਚੁੱਕ ਉਹਨਾਂ ਦੇ ਮਗਰ ਤੁਰ ਪਿਆ। ਲੋਕ ਵੀ ਬੰਦ ਮੂੰਹਾਂ ਤੇ ਜੜ ਹੋਈਆਂ ਸੋਚਾਂ ਨਾਲ ਖਿੰਡਣ ਲੱਗੇ। ਵਿੰਹਦਿਆਂ-ਵਿੰਹਦਿਆਂ ਸੱਥ ਖਾਲੀ ਹੋ ਗਈ ਤੇ ਤੌੜਾਂ ਗਲੀਆਂ 'ਚ ਅਵਾਰਾ ਘੁੰਮਣ ਵਾਲੇ ਕੁੱਤਿਆਂ ਨੇ ਉੱਤੇ ਆ ਡੇਰਾ ਜਮਾਇਆ।

ਗਹਿਰਾ ਸੁਰਖ ਗੁਬਾਰ ਝੱਖੜ ਬਣ ਪਿੰਡ ਦੇ ਸਿਰ ਉੱਤੋਂ ਵਗ ਤੁਰਿਆ। ਸੂਰਜ ਡੁੱਬਣ ਦੇ ਨਾਲ ਹੀ ਘੁੱਪ ਹਨੇ੍ਰਾ ਛਾ ਗਿਆ। ਕਾਸਮ ਦੇ ਘਰ ਦਾ ਵਿਹੜਾ ਪਹਿਲਾਂ ਕਦੇ ਵੀ ਏਨਾ ਵੀਰਾਨ ਨਹੀਂ ਸੀ ਹੋਇਆ। ਗਹਿਰੀ ਹੁੰਦੀ ਰਾਤ ਦਾ ਮੰਜ਼ਰ ਨਸੀਬੋ ਦੀਆਂ ਅੱਖਾਂ 'ਚ ਉਤਰਦਾ ਰਿਹਾ। ਬੁੱਢੇ ਬੋਹੜ ਵੱਲੋਂ ਆਉਂਦੀ ਕੁੱਤਿਆਂ ਦੀ ਰੋਂਦੂ ਆਵਾਜ਼ ਰੁਕ ਗਈ ਸੀ।

ਰਾਤ ਪਤਾ ਨਹੀਂ ਕਿੰਨੀ ਕੁ ਲੰਘ ਗਈ ਸੀ ਜਦੋਂ ਕਾਸਮ ਘਰ ਦਾ ਕਿਵਾੜ ਖੋਲ੍ਹ ਬਾਹਰ ਗਲੀ ਵਿਚ ਨਿਕਲਿਆ। ਇਕ ਹੱਥ ਨਾਲ ਘੁੱਟ ਕੇ ਉਹਨੇ ਨਸੀਬੋ ਦੀ ਕਲਾਈ ਫੜੀ ਹੋਈ ਸੀ ਤੇ ਦੂਜੇ ਵਿਚ ਪੁਰਾਣਾ ਖੁੰਢਾ ਦਰਾਟ ਸੀ। ਤਦੇ ਹਨੇ੍ਰੀ ਦੇ ਤਿੱਖੇ ਬੁੱਲ੍ਹੇ ਨਾਲ ਧਰੇਕ ਦਾ ਟਾਹਣ ਟੁੱਟ ਕੇ ਤਣੇ ਨਾਲ ਲਟਕ ਗਿਆ। ਨੂਰਦੀਨ ਤੇ ਅੱਲ੍ਹਾਦਿੱਤਾ ਆਪਣੀਆਂ ਬੀਵੀਆਂ ਸਮੇਤ ਬੁੱਤ ਬਣੇ ਖਲੋਤੇ ਰਹੇ। ਸਹਿਮੀ ਪਿੰਕੀ ਆਪਣੀ ਐਮਾਂ ਨਾਲ ਚਿੰਬੜੀ ਹਉਕੇ ਭਰ ਰਹੀ ਸੀ। ਰਾਤ ਤੀਜੇ ਪਹਿਰ ਨੂੰ ਪਾਰ ਕਰ ਗਈ ਪਰ ਕਾਸਮ ਘਰ ਨਾ ਪਰਤਿਆ। ਉਡੀਕ-ਉਡੀਕ ਨੂਰਦੀਨ ਤੇ ਅੱਲਾਦਿੱਤਾ ਡਾਂਗਾਂ ਫੜ ਘਰੋਂ ਨਿਕਲੇ। ਸਾਰੀ ਜੂਹ ਉਹਨਾਂ ਛਾਣ ਮਾਰੀ। ਦਿਨ ਦਾ ਘੁਸਮੁਸਾ ਹੋਣ ਤੇ ਆ ਗਿਆ। ਹਾਲੇ ਤੱਕ ਕਿਸੇ ਵੀ ਹਾਲੀ ਨੇ ਬਾਹਰ ਨਿਕਲਣ ਦੀ ਪਹਿਲ ਨਹੀਂ ਸੀ ਕੀਤੀ। ਪਿੰਡ ਉੱਤੇ ਮੌਤ ਦਾ ਸਾਇਆ ਮੰਡਰਾ ਰਿਹਾ ਸੀ। ਸੂਰਜ ਚੜ੍ਹਨ ਤੇ ਅੱਲ੍ਹਾ ਦਿੱਤੇ ਨੇ ਆ ਕੇ ਖ਼ਬਰ ਦਿੱਤੀ ਕਿ ਕਾਸਮ ਦੀ ਲਾਸ਼ ਸ਼ਹੀਦਾਂ ਦੇ ਟਿੱਲੇ ਪਿੱਛੇ ਪਈ ਹੈ ਤੇ ਨਸੀਬੋ ਦਾ ਕੋਈ ਪਤਾ ਥਹੁ ਨਹੀਂ। ਵਾਹੋ ਦਾਹੀ ਭੱਜੇ ਆਉਂਦੇ ਨੂਰਦੀਨ ਨੇ ਚੜ੍ਹੇ ਸਾਹੀਂ ਦੱਸਿਆ ਕਿ ਚੌਧਰੀ ਸ਼ੇਰ ਖਾਂ ਦੀ ਹਵੇਲੀ ਦੀ ਸਭ ਤੋਂ ਉਪਰਲੀ ਮਮਟੀ ਗਾਇਬ ਹੈ। ਲੋਕਾਂ ਦਾ ਝੁਰਮਟ ਜਦੋਂ ਘਰਾਂ 'ਚੋਂ ਨਿਕਲ ਸੱਥ ਵੱਲ ਤੁਰਿਆ ਤਾਂ ਉਹਨਾਂ ਵੇਖਿਆ ਬੁੱਢੇ ਬੋਹੜ ਦੀਆਂ ਸਿਖ਼ਰਲੀਆਂ ਟਾਹਣਾਂ ਤੇ ਕਈ ਗਿਰਝਾਂ ਆ ਬੈਠੀਆਂ ਸਨ, ਜੋ ਚੁੰਝਾਂ ਖੋਹਲ ਖੋਹਲ ਅਜੀਬੋ ਗਰੀਬ ਆਵਾਜ਼ਾਂ ਕੱਢ ਰਹੀਆਂ ਸਨ। ਐਨ ਉਸੇ ਵੇਲੇ ਗੂੰਗੇ ਰਹਿਮਾਨ ਕਿਸੇ ਪਾਸਿਓਂ ਆ ਪ੍ਰਗਟ ਹੋਇਆ ਸੀ ਤੇ ਉਹਨੇ ਸੱਥ ਦੇ ਵਿਚਕਾਰ ਖਲੋ ਪੂਰੇ ਤਾਣ ਚੀਕ ਮਾਰੀ, ਜਿਸਨੂੰ ਪਹਿਲੀ ਵਾਰ ਪਿੰਡ ਦੇ ਲੋਕਾਂ ਨੇ ਧਿਆਨ ਨਾਲ ਸੁਣਿਆ ਸੀ।

(-61, ਫਰੈਂਡਜ਼ ਕਾਲੋਨੀ, [illegible])



ਵਾਘਿਓਂ ਪਾਰ

# ਇੱਕ ਕੁੜੀ ਦੀ ਕਹਾਣੀ

ਨਾਦਰ ਅਲੀ

ਮੀਰ ਪੁਰੋਂ ਮੈਂ ਅਕਸਰ ਭਿੰਬਰ ਜਾਨਾ। ਹਰ ਵਾਰੀ ਉਹਾ ਗਰਮੀਆਂ ਵਿਚ ਛੇ-ਸੱਤ ਵਜੇ ਤੇ ਸਰਦੀਆਂ ਵਿਚ ਨੌਂ-ਦਸ ਵਜੇ ਦੀ ਬੱਸ 'ਤੇ। ਗੱਲ ਮੈਂ ਸਾਰੇ ਰਾਹ ਕਿਸੇ ਨਾਲ ਨਹੀਂ ਕਰਨੀ। ਡਰਾਈਵਰ ਕਲੀਂਡਰ ਸਾਰੇ ਵਾਕਫ਼ ਹੁੰਦੇ। ਰਹਿੰਦਿਆਂ ਵਿਚੋਂ ਕੋਈ ਹੱਟੀ ਕਦੇ ਆਇਆ ਹੋਵੇ ਤੇ ਉਸ ਅਲੇਕ ਸਲੇਕ ਕਰ ਲੈਣੀ। ਵਰ੍ਹੇ ਦੂਏ ਕੋਈ ਅਜਿਹਾ ਵੀ ਮਿਲ ਪਿਆ, ਜਿਸ ਮੇਰੀ ਕੋਈ ਸ਼ੈਅ ਪੜ੍ਹੀ ਹੋਣੀ। ਉਸ ਜ਼ਰਾ ਉਚੇਰੀ ਅਲੇਕ ਸਲੇਕ ਕਰਨੀ। "ਵੱਲ ਓ ਦਾਨਸ਼ ਸਾਹਿਬ" ਜੇ ਇਹ ਤਖ਼ੱਲਸ ਦੀ ਪੂਛਲ ਨਾ ਹੁੰਦੀ ਤੇ ਸ਼ਾਇਰ ਸ਼ੁਹਦਾ ਕੀ ਕਰਦਾ। ਆਹਦੇ, ਵੱਲ਼ ਓ ਦਾਨਿਸ਼ ਸਾਹਿਬ ਤੇ ਮੁੜ ਪੰਜਾਬੀ ਦੀ ਸ਼ਾਇਰੀ ਤੇ ਕੋਈ ਵਿਰਲਾ ਈ ਜਾਣ ਦਾ ਹੋਸੀ। ਕੋਈ ਯੂਨੀਵਰਸਿਟੀ ਦਾ ਇਕ ਅੱਧ ਪਿਛਲਿਆਂ ਵੀਹ ਵਰ੍ਹਿਆਂ ਵਿਚ ਮਿਲਿਆ ਤੇ ਓਸ, "ਪ੍ਰੋਫੈਸਰ ਸਾਹਿਬ ਵਲ ਓ" ਕਹਿਣਾ। ਕਿੱਥੇ ਦੀ ਪ੍ਰੋਫੈਸਰੀ ਤੇ ਕਿੱਥੇ ਦੀ ਸ਼ਾਇਰੀ। ਅਸਲ ਗੱਲ ਤੇ ਇਹ ਆਹੀ ਪਈ ਮੀਰ ਪੁਰ ਦੇ ਸੁਨਿਆਰਿਆਂ ਦੀ ਹੋਰ ਬੋਲੀ ਹੋਈ ਤੇ ਲੋਕਾਂ ਦੀ ਹੋਰ। ਮੁਹਾੜਾ ਤੁਹਾਡਾ ਸੁਨਿਆਰਿਆਂ ਨੂੰ ਆਂਵਦਾ ਤੇ ਹੋਸੀ ਪੰਰ ਵਡਿਆਈ ਅਸਾਡੀ ਜਿਹਲਮ ਗੁਜਰਾਤ ਦੀ ਬੋਲੀ ਵੀ ਆਹੀ, ਮੈਂ ਸੁਨਿਆਰਾ ਕੰਮ ਤੇ ਨਾ ਸਿਖਿਆ ਪਰ ਬੋਲੀ ਉਹਾ ਰਹੀ। ਏਸ ਲਈ ਮੀਰ ਪੁਰ ਵਿਚ ਮੈਨੂੰ ਸ਼ਾਇਰ ਦੇ ਤੌਰ 'ਤੇ ਵੀ ਘੱਟ ਲੋਕੀਂ ਜਾਣਦੇ ਆਹੇ ਤੇ ਬੱਸ ਵਿਚ ਮੈਂ ਗੱਲ ਘੱਟ ਕਰਨੀ ਤੇ ਤੱਕਣਾ ਬਾਹਲਾ।

ਮੈਂ ਮਹਿਤਾਬ ਦੀ ਲਾਲ ਕਮੀਜ਼ ਪਹਿਲੋਂ ਡਿੱਠੀ। ਮੁੜ ਇਹ ਪਈ ਬੱਚੀ ਦੀ ਲਾਸ਼ ਏ। "ਗੱਡੀ ਰੋਕ" ਮੈਂ ਡਰਾਈਵਰ ਦੀ ਬਾਂਹ 'ਤੇ ਹੱਥ ਰੱਖ ਕੇ ਆਖਿਆ।

""ਊ ਕੂੰ , ਬੀ.ਜੀ.।" ਇਕ ਔਰਤ ਪਿਛੋਂ ਬੋਲੀ ਜਿਵੇਂ ਪਹਾੜਨ ਆਹਦੀਆਂ ਨੇ।

"ਲੋਟੀ! ਧਾੜ।" ਦੂਈ ਔਰਤ ਦੀ ਆਵਾਜ਼ ਆਈ।

ਵੇਖੋ ਪਈ, ਸਾਰੀ ਬੱਸ ਮਰਦਾਂ ਨਾਲ ਭਰੀ ਆਹੀ। ਇਕ ਮੈਂ ਲਾਸ਼ ਡਿੱਠੀ ਤੇ ਇਕ ਇਹਨਾਂ ਦੋਹਾਂ ਔਰਤਾਂ। ਪਰ ਫੈਸਲੇ ਤੇ ਮਰਦਾਂ ਈ ਕਰਨੇ ਹੁੰਦੇ ਨੇ।

"ਓਏ ਬੱਸ ਕਾਹਨੂੰ ਖੜ੍ਹੀ ਹੋਈ ਹੈ?" ਇਕ ਮਰਦ ਬੋਲਿਆ।

"ਉਏ ਭਾਈਆ, ਅੱਜ ਕਿਧਰੇ ਪਚਾਸੇਂ ਵੀ ਅਸੀਂ ਕੀ?" ਦੂਜਾ ਮਰਦ ਬੋਲਿਆ।

"ਲਾਸ਼ ਏ। ਲਾਸ਼ ਏ।" ਬੱਸ ਸਾਰੀ ਜੂੰ ਇਕੱਲੀ ਬੋਲੀ, ਕਿਸੇ ਮਾਰ ਕੇ ਸੱਟ ਛੋੜੀ ਹੋਸੀ।" ਇਕ ਆਵਾਜ਼ ਆਈ।

"ਕੀ ਜ਼ਮਾਨਾ ਆ ਗਿਆ ਏ?" ਦੂਜਾ ਕੋਈ ਬੋਲਿਆ।

ਮੈਂ ਈ ਪਹਿਲੋਂ ਲੱਥਾਂ ਤੇ ਭੱਜ ਕੇ ਲਾਸ਼ ਅੱਲ ਗਿਆ। ਮੈਂ ਇਹ ਸਬੱਬੀ ਡਿੱਠਾ ਪਏ ਅਜੇ ਸਾਹ ਆਹਾ। ਮਾੜੀ ਜਿਹੀ ਚਾਰ ਪੰਜ ਵਰ੍ਹਿਆਂ ਦੀ ਸਾਂਵਲੇ ਰੰਗ ਦੀ ਬੱਚੀ ਆਹੀ। ਸਾਹ ਅਸਲੋਂ ਬੇ-ਮਲੂਮ। ਤੇ ਮਾਸਾ ਕੁ ਲਹੂ ਮੱਥੇ 'ਤੇ। ਪਰ ਉਹ ਤੇ ਤਦ ਸੀ ਜਦ ਮਹਿਤਾਬ ਇਕ ਓਪਰੀ ਲਾਸ਼ ਸੀ। ਮੁੜ ਕੇ ਉਹ ਹੋਰ ਮਪਲੂਰ ਬਣ ਗਈ ਤੇ ਅਗਲੇ ਚਾਰ ਵਰ੍ਹਿਆਂ ਵਿਚ ਮੇਰੀ ਜਾਨ ਈ ਜਾਨ ਬਣ ਗਈ।

"ਬੱਚੀ ਅਜੇ ਸਾਹ ਲੈ ਰਹੀ ਏ।" ਮੈਂ ਡਰਾਈਵਰ ਨੂੰ ਆਖਿਆ।

"ਮੁੜ ਕੀ ਕਰੀਏ ਸੂ?" ਕੋਈ ਬੱਸ ਵਿੱਚੋਂ ਬੋਲਿਆ।

ਮੈਂ ਡਰਾਈਵਰ ਨੂੰ ਕਿਹਾ, "ਬੱਸ ਵਾਪਸ ਮੀਰ ਪੁਰ ਲੈ ਚੱਲੋ ਤੇ ਸੀ, ਐੱਮ.ਐੱਚ. ਸਿੱਧਾ ਚੱਲ।"

"ਦਾਨਸ਼ ਸਾਹਿਬ, ਬਹੂੰ ਸਵਾਲ ਜਵਾਬ ਕਰਨਾ ਪੋਸੀ।" ਮਾੜਾ ਜਿਹਾ ਡਰਾਈਵਰ ਨੇ ਵੀ ਕਿਹਾ। ਪਰ ਮੀਰ ਪੁਰ ਪੰਜ ਮੀਲ ਈ ਸੀ। "ਮੈਂ ਜ਼ਿੰਮੇਵਾਰ ਹੋਸਾ, ਮੈਨੂੰ ਤੇ ਬੱਚੀ ਨੂੰ ਲਾਹ ਕੇ ਬੱਸ ਲੈ ਜਾਇਓ।"

"ਤੁਸਾਂ ਨੇ ਕਿਸੇ ਵਾਕਫ਼ ਦੀ ਬੱਸੀ ਹੋਸੀ?" ਮੁੜ ਇਕ ਪਹਾੜੀਆ ਬੋਲਿਆ।

"ਨਹੀਂ ਰਾਜਾ ਸਾਹਿਬ! ਇਨਸਾਨ ਦੀ ਬੱਚੀ ਸਹੀ ਹੋਂਦੀ ਏ।" ਮੈਂ ਔਖਾ ਬੋਲਿਆ। "ਬਾਜੀ ਇਨਸਾਨੀ ਫਰਜ਼ ਵੀ ਬਣਦਾ ਏ, ਅਸਾਂ ਨਾ" ਰਾਜਾ ਸਾਹਿਬ ਨੇ ਫੱਟ ਪਾਸਾ ਪਰਤਾਇਆ।

ਥਾਣੇ ਪਹੁੰਚੇ ਤੇ ਅਫਸਰ ਜਾਣੂ ਕਰਕੇ ਮਸਲਾ ਕੋਈ ਨਾ ਬਣਿਆ। ਬੱਚੀ ਨੂੰ ਅਗਲੇ ਦਿਨ ਹੋਸ਼ ਆ

ਗਈ, ਪਰ ਏਥੋਂ ਹੀ ਕਹਾਣੀ ਸ਼ੁਰੂ ਹੁੰਦੀ ਏ।

"ਬੱਚੇ ਕੀ ਹੋਇਆ ਸੀ?" ਮੈਂ ਸਿਰ 'ਤੇ ਹੱਥ ਫੇਰ ਕੇ ਪੁੱਛਿਆ। ਬੱਚੀ ਹੱਥ ਲਾਵਣ ਨਾਲ ਤ੍ਰਬਕੀ, "ਗਿਰ ਗਈ ਥੀ।" ਉਸ ਪਹਿਲੀ ਵਾਰ ਗੱਲ ਕੀਤੀ। ਮੈਂ ਸਮਝਿਆ ਬੱਚੀ ਦਹਿਸ਼ਤ ਨਾਲ ਡਰੀ ਹੋਈ ਏ। ਅਜੇ ਪੁੱਛ-ਪੜਤਾਲ ਨਾ ਕਰੀਏ। ਬੱਚੀ ਪਾਣੀ ਪੀਤਾ। ਦਵਾਈ ਵੀ ਬੜੇ ਆਰਾਮ ਨਾਲ ਲੈ ਲਈ। ਟੀਕਾ ਲਾਇਆ ਵੀ ਜਦ ਨਾ ਹਿੱਲੀ ਤਾਂ ਮੈਨੂੰ ਸਮਝ ਆਈ ਕਿੰਨੀ ਕੁ ਦਹਿਸ਼ਤ ਸੀ।

"ਕਿਆ ਖਾਏਗੀ ਮੇਰੀ ਬੱਚੀ?" ਮੈਂ ਮੂੰਹ ਚੁੰਮ ਕੇ ਬੜੇ ਸਹਿਜੇ ਨਾਲ ਪੁੱਛਿਆ।

"ਖਾਣਾ" ਉਸ ਦੂਜਾ ਕਲਮਾ ਬੋਲਿਆ।

"ਸ਼ੁਕਰ ਅਲਹਮਦ ਲਿਲਾ।" ਮੇਰੀ ਬੀਵੀ ਆਖਿਆ ਤੇ ਸੂਪ ਅੱਗੇ ਕੀਤਾ। ਮੈਂ ਹੁਣ ਇਕ ਅਜਬ ਚੀਜ਼ ਡਿੱਠੀ। ਬੱਚੀ ਹਮੀਦਾ ਕੋਲੋਂ ਨਹੀਂ ਸੀ ਤਰਿਹਦੀ। ਮੇਰੇ ਤੇ ਡਾਕਟਰ ਹਲੀਮ ਦੇ ਹੱਥ ਲਾਇਆਂ ਡਰਦੀ ਸੀ। ਹਮੀਦਾ ਨੇ ਝੋਲੀ ਵਿਚ ਬਿਠਾ ਕੇ ਰੋਟੀ ਖਵਾਈ। ਜੋ ਦੇਈਏ ਉਸ ਖਾ ਲੈਣਾ। ਕਰਨਲ ਹਲੀਮ ਬਹੁ ਸਿਆਣਾ ਡਾਕਟਰ ਏ, ਉਸ ਮੇਰੇ ਨਾਲ ਪੂਰਾ ਇਤਫਾਕ ਕੀਤਾ, ਪਈ ਬੱਚੀ ਨੂੰ ਪੁੱਛੇ ਕੁਝ ਨਾ, ਪਰ ਇਕ ਫਿਕਰ ਆਹੀ, ਪਈ ਘਰ ਆਲਿਆਂ ਨੂੰ ਫਿਕਰ ਹੋਸੀ।

"ਬੱਚੇ ਕੈਸੇ ਗਿਰੀ?"

"ਕਾਰ ਸੇ।" ਤੇ ਬੱਚੀ ਨੂੰ ਜੂੰ ਹੁੱਜਕਾ ਲੱਗਾ। ਕਰਨਲ ਸਾਹਿਬ ਮੇਰਾ ਹੱਥ ਦਬਾਇਆ ਤੇ ਮੈਂ ਮੁੜ ਚੁੱਪ ਹੋ ਗਿਆ।

"ਨਾਂ ਕੀ ਏ, ਮੇਰੇ ਬੱਚੀ ਦਾ?" ਹੁਣ ਹਮੀਦਾ ਪੁੱਛਿਆ, "ਮਹਿਤਾਬ।" ਤੇ ਬੱਚੀ ਡਰ ਕੇ ਹਮੀਦਾ ਦੀ ਛਾਤੀ ਨਾਲ ਲੱਗ ਗਈ।

"ਕਿਸ ਦੀ ਬੇਟੀ ਏਂ?" ਹਮੀਦਾ ਪਿਆਰ ਨਾਲ ਘੁੱਟ ਕੇ ਪੁੱਛਿਆ।

"ਅੰਮੀ ਕੀ?" ਬੱਚੀ ਹੌਲੀ ਜਿਹੀ ਬੋਲੀ।

"ਅੱਬੂ ਦੀ ਨਹੀਂ?" ਹਮੀਦਾ ਹੱਸ ਕੇ ਕਿਹਾ।

"ਨਹੀਂ।" ਬੱਚੀ ਨੇ ਕਹਿ ਕੇ ਸਾਰੀ ਕਹਾਣੀ ਸੁਣਾ ਛੋੜੀ।

ਪਰ ਇਸ ਕਹਾਣੀ ਉੱਤੇ ਚਾਰ ਵਰ੍ਹੇ ਲੱਗੇ ਖੁੱਲਦਿਆਂ।

"ਕਹਾਂ ਜਾ ਰਹੇ ਥੇ?" ਮੈਂ ਝੱਟ ਠਹਿਰ ਕੇ ਪੁੱਛਿਆ।

"ਗਰਾਂ" ਉਸ ਪੋਲਾ ਜਿਹਾ ਆਖਿਆ।

"ਕੌਨ ਸਾ ਗਰਾਂ?" ਮੈਂ ਝੱਬਦੀ ਪੁੱਛਿਆ।

"ਨਾਨੂਕਾ" ਉਸ ਕਿਹਾ ਤੇ ਉਸਦੇ ਅੱਥਰੂ ਵਗ ਤੁਰੇ।

"ਗਾਓਂ ਕਾ ਨਾਮ ਕਿਆ ਹੈ?" ਮੈਂ ਕਿਹਾ, ਸ਼ਾਇਦ ਕੋਈ ਸਿਰਾ ਲੱਭ ਜਾਵੇ।

"ਮੁਝੇ ਨਹੀਂ ਪਤਾ।" ਉਸ ਔਖਦ ਬਣਾ ਛੋੜੀ।

"ਕਹਾਂ ਸੇ ਆ ਰਹੇ ਥੇ?" ਮੈਂ ਮੁੜ ਯਤਨ ਕੀਤਾ।

"ਇੰਗਲੈਂਡ ਸੇ।" ਉਸ ਔਖ ਵਧਾ ਦਿੱਤੀ।

"ਅੰਗ੍ਰੇਜ਼ੀ ਆਤੀ ਹੈ?" ਹਮੀਦਾ ਪੁੱਛਿਆ।

"ਯੈੱਸ" ਉਸ ਅੰਗ੍ਰੇਜ਼ਾਂ-ਹਾਰ ਕਿਹਾ।

ਪਰ ਗੱਲ ਅਗਲੇ ਇੱਕ ਮਹੀਨੇ ਤੀਕ ਏਸ ਤੋਂ ਅੱਗੇ ਨਾ ਵਧੀ, ਬੱਚੀ ਦਹਿਸ਼ਤ-ਜ਼ਦਾ ਸੀ। ਇਸ ਤੇ ਸਮਝ ਆ ਗਈ, ਪਰ ਬੁਝਾਰਤ ਬਣ ਗਈ। ਪੁਲਸ ਵੀ ਇਕ ਅੱਧਾ ਜ਼ੋਰ ਲਾਇਆ। ਅਸੀਂ ਅਖ਼ਬਾਰ ਵਿਚ ਤਸਵੀਰ ਦਿੱਤੀ। "ਬੱਚੀ, ਉਮਰ ਤਕਰੀਬਨ ਪੰਜ ਸਾਲ, ਰੰਗ ਸਾਂਵਲਾ। ਅੰਗ੍ਰੇਜ਼ੀ ਉਰਦੂ ਬੋਲਤੀ ਹੈ। ਮਾਂ-ਬਾਪ ਦਾ ਨਾਮ ਬਤਾਨੇ ਸੇ ਕਾਸਰ ਹੈ ਯਾ ਡਰਤੀ ਹੈ।"

ਕੋਈ ਖ਼ਬਰ ਨਾ ਆਈ। ਉਸ ਦਿਨ ਦਾ ਤੇ ਹਫ਼ਤੇ ਦੇ ਪਿੱਛੋਂ ਦੇ ਜਹਾਜ਼ ਤੇ ਨਾਂ ਚੈੱਕ ਕਰਵਾਏ। ਕੋਈ ਮਹਿਤਾਬ ਨਾਂ ਦੀ ਬੱਚੀ ਮੁਸਾਫਿਰ ਨਹੀਂ ਸੀ। ਮੁੜ ਪੀ.ਆਈ.ਏ. ਨੂੰ ਸਾਰੀ ਗੱਲ ਦੀ ਚਿੱਠੀ ਪਾਈ। ਮਹੀਨੇ ਬਾਅਦ ਮੁੜ ਉਹਾ ਜਵਾਬ ਕਿ ਮਹਿਤਾਬ ਨਾਂ ਦੀ ਕੋਈ ਬੱਚੀ ਇੰਗਲੈਂਡ ਤੋਂ ਯਾ ਪਿੰਡੀ ਲਾਹੌਰ ਵਾਲੇ ਜਹਾਜ਼ਾਂ ਤੇ ਨਹੀਂ ਸੀ ਆਈ।



ਜਿਵੇਂ ਕਹਾਣੀਆਂ ਜੀਵਨ ਵਿਚੋਂ ਬਣਦੀਆਂ ਨੇ। ਇੰਜ ਹੀ ਜੀਵਨ ਵੀ ਅਜਬ-ਅਜਬ ਕਹਾਣੀਆਂ ਨਾਲ ਬਣਦਾ ਏ। "ਬੁੱਢੇ ਬੇ-ਔਲਾਦ ਸ਼ਾਇਰ ਨੂੰ ਖੁਦਾ ਨੇ ਬੱਚੀ ਚਾ ਦਿੱਤੀ।" ਬੱਚੀ ਨੇ ਸੁਨਿਆਰਿਆਂ ਦੇ ਘਰ ਭਾਗ ਲਾ ਛੋੜੇ। ਬੱਚੀ ਦੇ ਅਸਮਾਨ ਤੋਂ ਡਿੱਗਣ ਦੀ ਤੇ ਪਰੀ ਜਾਤ ਹੋਣ ਦੀ ਕਸਰ ਰਹਿ ਗਈ ਸੀ। ਪਰ ਉਹ ਬੱਚੀ ਆਹੀ ਕੋਈ ਹੋਰ ਜਹਾਨ ਦੀ ਮਖਲੂਕ। ਉਸ ਕੁੜੀਆਂ ਨਾਲ ਤੇ ਮੇਰੀ ਬੀਵੀ ਨਾਲ ਰੱਜ ਹੱਸਣਾ ਖੇਡਣਾ ਪਰ ਮਰਦਾਂ ਦੇ ਨੇੜੇ ਨਾ ਜਾਣਾ ਤੇ ਦੁਨੀਆ ਜਹਾਨ ਦੀ ਗੱਲ ਪੁੱਛ ਲਓ। ਮਾਂ-ਬਾਪ ਦੇ ਨਾਂ ਤੇ ਜਿੰਦਰਾ। ਫਿਕਰ ਮੈਨੂੰ ਇਹ ਨਹੀਂ ਸੀ ਪਈ ਮਾਂ-ਬਾਪ ਨਹੀਂ ਲੱਭੇ, ਸਗੋਂ ਹੁਣ ਇਹ ਸੀ ਕਿ ਕੋਈ ਜ਼ਾਲਮ ਇਹ ਦਾਅਵਾ ਕਰ ਕੇ ਖੋਹ ਨਾ ਲਵੇ। ਮੁੜ ਇਹ ਪਈ ਕੋਈ ਕਿਧਰੇ ਕਿਸੇ ਮਾਂ ਦਾ ਮੇਰੇ ਹਾਰ ਦਿਲ ਨਾ ਦੁਖਦਾ ਹੋਵੇ, ਮਹਿਤਾਬ ਦੇ ਆਵਣ ਨਾਲ ਮੇਰੇ ਵਾਲਦ ਮਰਹੂਮ ਸਾਹਿਬ ਦੀਨ ਸੁਨਿਆਰ ਦੇ ਘਰ ਦੌਲਤ ਦਾ ਅਸਲੋਂ ਮੀਂਹ ਵਰਨ ਲੱਗ ਪਿਆ। ਮੀਂਹ ਤੇ ਮੀਰਪੁਰ ਦੌਲਤਾਂ ਵਸਾਇਆ। ਪਰ ਸਾਹਿਬ ਦੀਨ ਤੇ ਸੋਨੇ ਦੇ ਜਾਣੂ ਈ ਬੜੇ ਸਨ। ਮੇਰੇ ਤਿੰਨਾਂ ਭਰਾਵਾਂ ਜਿਹਾ ਨਾ ਕੋਈ ਕਾਰੀਗਰ ਸੀ ਤੇ ਨਾ ਸੋਨੇ ਦਾ ਵਪਾਰੀ। ਨੱਬੇ ਦੇ ਬਾਅਦ ਜੂੰ ਡਾਲਰਾਂ ਤੇ ਸੋਨੇ ਦਾ ਹੜ੍ਹ ਆ ਗਿਆ। ਉਨ੍ਹਾਂ ਮੇਰੀ ਪ੍ਰੋਫੈਸਰੀ ਤੇ ਦਸ ਵਰ੍ਹੇ ਪਹਿਲਾਂ ਛੁਡਾ ਦਿੱਤੀ। ਮੈਂ ਵੱਡਾ ਭਰਾ ਸਾਂ ਤੇ ਪੜ੍ਹਿਆ ਲਿਖਿਆ। ਕਿਧਰੇ ਗੱਲਬਾਤ ਦੀ ਲੋੜ ਹੁੰਦੀ ਏ।" ਭਾਈ ਜੀ ਕੋਠੀ ਰਹੋ, ਦਰਿਆ ਤੇ ਸੈਰ ਕਰ ਤੇ ਸ਼ਾਇਰੀ ਕਰੋ।" ਮੇਰੇ ਭਰਾਵਾਂ ਕਿਹਾ, ਸੱਚੀ ਗੱਲ ਇਹ ਹੈ ਪਈ, ਇਸਲਾਮਾਬਾਦ ਤੋਂ ਮੈ ਵੀ ਬਹੁਤ ਤੰਗ ਸਾਂ ਤੇ ਆਜ਼ਾਦ ਕਸ਼ਮੀਰ ਦਾ ਕਰ ਕੇ ਲਾਹੌਰ ਕੋਈ ਨਹੀਂ ਸੀ ਟੋਰਦਾ।

ਪਰ ਮੀਰਪੁਰ ਤੋਂ ਅਗਲਾ ਸ਼ਹਿਰ ਤੇ ਬਰੈੱਡ ਫੋਲਡ ਹੋਇਆ। ਭਤੀਜੇ-ਭਤੀਜੀਆਂ ਇੰਗਲੈਂਡ ਕੂਕਦੇ ਆਹੇ। ਮੇਰਿਆਂ ਦੋਹਾਂ ਨਿੱਕਿਆਂ ਭਰਾਵਾਂ ਕੋਲ ਸ਼ਹਿਰੀਅਤ ਹੈ ਸੀ, ਜਦ ਅੱਬਾ ਜੀ ਸੰਨ ਪੰਜਾਹ ਵਿਚ ਗਏ, ਇਕ ਮੈਂ ਕਦੇ ਨਹੀਂ ਸੀ ਗਿਆ।

ਮਹਿਤਾਬ ਨਾਲ ਕੋਠੀ ਦੀ ਰੌਣਕ ਹੋ ਗਈ। ਸ਼ਰੀਫ਼ ਮੇਰੇ ਵਿਚਕਾਰਲੇ ਭਰਾ ਨੇ ਬਰੈੱਡ ਫੋਲਡ ਦਾਨਸ਼ ਜਿਊਲਰਜ਼ ਖੋਲ੍ਹ ਲਿਆ ਸੀ। ਹਨੀਫ਼ ਵੀ ਹੁਣ ਨੱਸ ਗਿਆ। "ਭਾਈ ਜੀ, ਤੁਹਾਡਾ ਬੱਚੀ ਨਾਲ ਦਿਲ ਲੱਗਾ ਏ। ਸ਼ਾਇਰੀ ਕਰੋ। ਪੈਸਾ ਵੀ ਮਹਿਤਾਬ ਦੇ ਆਣ ਨਾਲ ਦੁੱਗਣਾ ਹੋ ਗਿਆ ਏ। ਤੁਸੀਂ ਏਥੇ ਖੁਸ਼, ਅਸੀਂ ਉੱਥੇ ਖੁਸ਼ "ਹਨੀਫ਼ੇ" ਆਖਿਆ।

ਪਰ ਮਹਿਤਾਬ ਦੀ ਬੁਝਾਰਤ ਹੀ ਹੁਣ ਮੇਰੀ ਜੀਵਨ ਦੀ ਕਹਾਣੀ ਬਣ ਗਈ, ਮੈਂ ਸੋਚਿਆ, ਵਲੈਤ ਜਾ ਕੇ ਖਬਰੇ, ਕੋਈ ਸਿਰਾ ਲੱਭੇ ਏਸ ਕਹਾਣੀ ਦਾ। ਭਰਾ ਨੇ ਅਤੇ ਅੱਗੇ ਉਡੀਕਦੇ ਆਹੇ। ਮੈਂ ਬੱਚੀ ਨੂੰ ਅਦਾਲਤ ਵਿਚ ਲਾਵਾਰਸ ਕਰ ਕੇ ਪਾਲਕ ਧੀ ਬਣਾ ਲਿਆ। ਹੁਣ ਭਾਈਆਂ ਦਾ ਕਰੋੜਾਂ ਦਾ ਕਾਰੋਬਾਰ ਸੀ। ਵੀਜ਼ਾ ਸਾਰੇ ਟੱਬਰ ਦਾ ਆ ਗਿਆ। ਛੱਬੀ ਅਪ੍ਰੈਲ ਦੇ ਲੱਭਣ ਦੇ ਦਿਨ, ਸੰਨ ਸਤਾਨਵੇਂ ਵਿਚ ਮੈਂ ਵਲੈਤ ਟੁਰ ਗਿਆ। ਅਸਲ ਵਿਚ ਸਤਾਨਵੇਂ ਵਿਚ ਪੀਪਲਜ਼ ਪਾਰਟੀ ਦਾ ਭੱਠਾ ਬੈਠਣ ਨਾਲ ਹੁਣ ਦਿਲ ਵੀ ਨਹੀਂ ਸੀ ਲੱਗਦਾ।

ਇਕ ਸਾਲ ਵਲੈਤ ਜਾ ਕੇ ਵਕਤ ਲੰਘਾਇਆ, ਪਤਾ ਨਾ ਲੱਗਾ। ਕੁਝ ਮੈਂ ਬੱਚੀ ਨੂੰ ਅੰਗ੍ਰੇਜ਼ ਇਲਾਕੇ ਤੋਂ ਬਾਹਰ ਨਾ ਆਵਣ ਦਿੱਤਾ। ਅੰਗ੍ਰੇਜ਼ ਬੱਚਿਆਂ ਨਾਲ ਉਹ ਖੁਸ਼ ਰਹਿੰਦੀ ਸੀ ਤੇ ਬੱਚੇ ਪੁੱਛ ਗਿੱਛ ਨਹੀਂ ਸੀ ਕਰਦੇ। ਉਸ ਮੈਨੂੰ ਅੱਬੂ ਤੇ ਹਮੀਦਾ ਨੂੰ ਅੰਮਾ ਬਣਾ ਲਿਆ। ਪਰ ਦਿਲ ਨਹੀਂ ਸੀ ਮੰਨਦਾ। ਪੰਜ ਸਾਲ ਦਾ ਬੱਚਾ ਐਡਾ ਪੀਡਾ ਹੋ ਸਕਦਾ ਏ। ਤੇ ਏਹੋ ਮੇਰੇ ਦਿਲ ਵਿਚ ਗੰਢ ਆਹੀ, ਜਿਹੜੀ ਬਹੁਤ ਤੰਗ ਕਰਦੀ ਸੀ, ਬੱਚੀ ਖੁੱਲ੍ਹੇਗੀ ਨਹੀਂ ਤੇ ਕਿੰਝ ਹਯਾਤੀ ਗੁਜ਼ਾਰੇਗੀ, ਮੈਂ ਰੋਜ਼ ਦੀ ਡਾਇਰੀ ਲਿਖਣੀ, ਇਕ-ਇਕ ਗੱਲ ਬੱਚੀ ਦੀ ਲਿਖਣੀ, ਪਰ ਉਸ ਖੁਰਾ ਨਾ ਫੜਾਇਆ।

ਮੈਂ ਸਾਲ ਬਾਅਦ ਬੱਚੀ ਦੇ ਸਾਰੇ ਮੈਡੀਕਲ ਕਰਵਾਏ ਤੇ ਇਕ ਬੜੇ ਮਹਿੰਗੇ ਸਕੂਲ ਵਿਚ ਦਾਖਲ ਕਰਵਾਇਆ। ਜਿੱਥੇ ਕੋਈ ਦੇਸੀ ਬੱਚਾ ਕਦੇ ਨਹੀਂ ਗਿਆ। ਉਸ ਦਾ ਹਮੇਸ਼ਾ ਪਹਿਲਾਂ ਨੰਬਰ ਆਵਣਾ।

ਦਸਵੀਂ ਸਦੀ ਲੰਘ ਗਈ ਪਰ ਭੇਤ ਇਹ ਸਦੀਆਂ ਦਾ ਜੂੰ ਖੁੱਲਦਾ ਨਹੀਂ ਸੀ। ਸਦੀ ਚੜ੍ਹ ਪਈ। ਜੂੰ ਜੁਗ ਨਾਲ ਜੱਗ ਬਦਲ ਵੈਸੀ।

ਨਿਊਯਾਰਕ ਲੰਡਨ ਵੱਡੇ ਜਸ਼ਨ ਇਕਵੀਂ ਸਦੀ ਦੇ ਹੋਏ। ਆਲਮੀ ਪੰਜਾਬੀ ਮੁਸ਼ਾਇਰਾ ਸਿੱਖਾਂ ਕਰਵਾਇਆ। ਮੈਂ ਹੁਣ ਵੱਡਾ ਸ਼ਾਇਰ ਸਾਂ। ਦੋ ਨੁਸਖੇ, ਚੰਨ ਨਰੇ ਵਿਹੜੇ ਦਾ, ਚੰਨ ਬੂਹੇ ਦਾ ਕਿਸੇ ਨਾ ਡਿੱਠਾ ਪਾਕਿਸਤਾਨ ਵਿਚ ਛਪ ਚੁੱਕੇ ਸਨ। ਸ਼ਾਇਰੀ ਨੂੰ ਵਤਰਦੇ ਤੇ ਮੇਰੇ ਵਿਹੜੇ ਦਾ ਚੰਨ ਮਹਿਤਾਬ ਲਾਇਆ।

ਪਰ ਚੰਨ ਤੋਂ ਗ੍ਰਹਿਣ ਨਾ ਲੱਥਾ।

ਦੂਜਾ ਮਸ਼ਾਇਰਾ ਅਲਬਰਟ ਹਾਲ ਹੋਇਆ। ਮੌਸਮੀ ਸ਼ਾਇਰਾਂ ਦੇ ਇਲਾਵਾ ਵੀ ਬੜੇ ਲੋਕ ਆਏ। ਇਕ ਬੈਠਕ ਸੋਚਿਆ ਘਰ ਵੀ ਕਰ ਲਵਾਂ। ਘਰ ਦੀ ਬੈਠਕ ਸ਼ਾਇਰਾਂ ਨੂੰ ਸ਼ਰਾਬ ਵੀ ਡਾਹੁਣੀ ਪਾਉਂਦੀ ਏ। ਤੇ ਚੋਖੀ ਪੀ ਕੇ ਮੁਸ਼ਾਇਰੇ ਸੱਚ ਦੇ ਕੱਚ ਬਣ ਜਾਂਦੇ ਹਨ। ਕੋਈ ਪੁਰਾਣੇ ਫ਼ਿਲਮੀ ਗਾਵਣ ਗਾਣ ਲੱਗ ਪੈਂਦੇ ਹਨ ਤੇ ਕੋਈ ਉੱਚੀ ਉੱਚੀ ਮਾਹੀਏ। ਸ਼ਾਇਰਾਂ ਕੰਜਰਾਂ ਬੇਸੁਰਿਆਂ ਦੀ ਵੇਲੇ ਸਿਰ ਕਿਸੇ ਮਨੇ ਹੋਂਦੀ ਤੇ ਕਿਉਂ ਸ਼ਾਇਰ ਬਣਦੇ, ਦੋ ਚਾਰ ਸ਼ਾਇਰ ਲੰਮੇ ਵੀ ਪੈ ਗਏ, ਇਹਨਾਂ ਵਿਚ ਇਕ 'ਆਜ਼ਾਦ ਕਸ਼ਮੀਰ' ਦਾ ਸ਼ਾਇਰ 'ਇਕਬਾਲ ਸਾਨੀ' ਵੀ ਆਇਆ। ਇਕਬਾਲ ਉਹਦਾ ਨਾਂ ਤੇ ਸਾਨੀ ਤਖੱਲਸ ਸੀ। ਚੋਖੀ ਸ਼ਾਇਰੀ ਨਾਅਰੇਬਾਜ਼ੀ ਤੇ ਪਹਾੜ ਢਾਵਣ ਤੇ ਅਰਸ਼ ਹਿਲਾਵਣ ਦੀ ਆਹੀ।

ਹਮੀਦਾ ਤੇ ਮਹਿਤਾਬ ਰਾਤੀਂ ਤੇ ਬੈਠਕ ਵਿਚ ਨਾ ਆਈਆਂ, ਪਰ ਵੱਡੇ ਵੇਲੇ ਇਹਨਾਂ ਮੁਰਦਿਆਂ ਨੂੰ ਖੀਰ ਖਵਾਵਣ ਤੇ ਚਾਹ ਪਿਲਾਵਣ ਆਈਆਂ। ਮੈਨੂੰ ਅਚਨਚੇਤ ਇਕ ਬੱਚੀ ਦੀ ਚੀਖ ਦੀ ਆਵਾਜ਼ ਆਈ। ਮੈਂ ਦੌੜਿਆ ਤੇ ਮਹਿਤਾਬ ਰੋ ਰਹੀ ਤੇ ਥਰ-ਥਰ ਕੰਬਦੀ ਸੀ। ਮੇਰੇ ਨਾਲ ਆ ਲੱਗੀ। "ਅੱਬੂ, ਅੱਬੂ" ਉਹਨੇ ਇਕਬਾਲ ਸਾਨੀ ਦੇ ਕਮਰੇ ਅੱਲ ਇਸ਼ਾਰਾ ਕੀਤਾ। ਪਲ ਵਿਚ ਜਿਵੇਂ ਮੈਨੂੰ ਚੌਦਾਂ ਤਬਕ ਰੌਸ਼ਨ ਹੋ ਗਏ। ਸਾਰੀ ਕਹਾਣੀ ਮਹਿਤਾਬ ਦੀ ਤੇ ਸਾਰੀਆਂ ਨਜ਼ਮਾਂ ਇਕਬਾਲ ਦੀਆਂ ਪਿਛਲੀ ਸਭ ਆਲੀਆਂ ਹੁਣ ਸਮਝ ਆਈਆਂ। "ਮੈਨੂੰ ਜੀਵਨ ਬਹੁਤਾ ਲੋੜੀਂਦਾ। ਮੈਂ ਪਾ ਲਿਆ ਭੇਤ ਮਰੋੜੀ ਦਾ। ਮੈਂ ਪਾ ਲਿਆ ਭੇਤ ਮਰੋੜੀ ਦਾ।" ਦਾ ਅਸਥਾਈ ਸੀ।

ਪਰਸੇ ਮੇਰੀ ਪਸ਼ੇਮਾਨੀ ਦਾ, ਜਦ ਮੋਤੀ ਬਣ ਕੇ ਵਹਿਣ ਲੱਗਾ।
ਇਹ ਮੋਤੀ ਸੁੱਚੇ ਮੋਤੀ ਨੇ, ਰੱਬ ਸੱਚਾ ਆਪੇ ਕਹਿਣ ਲੱਗਾ।

ਇਹ ਇਕ ਨਜ਼ਮ ਤੇ ਸਹਾਮੀ ਤਰਜਮਾ ਸੀ ਇਲਾਮਾ ਇਕਬਾਲ ਦਾ। ਮੈਂ ਬੱਚੀ ਨੂੰ ਕੁੱਛੜ ਲਾਇਆ ਤੇ ਜੂੰ ਇਕ ਗੱਲ ਟੁਰਦੀ ਲੱਗੀ ਆਂਵਦੀ ਸੀ। ਅੰਦਰ ਜਾ ਕੇ ਮੈਂ ਠੁੱਡਾ ਮਾਰਿਆ ਇਕਬਾਲ ਸਾਨੀ ਨੂੰ। "ਉੱਠ ਮਾਂ ਪਾੜ੍ਹਾ! ਮੈਂ ਤੈਨੂੰ ਦੱਸਾਂ ਭੇਤ ਮਰੋੜੀ ਦਾ। ਤੂੰ ਚਾਰ ਵਰ੍ਹੇ ਪਹਿਲੋਂ ਇਹ ਬੱਚੀ ਦਾ ਕਤਲ ਕੀਤਾ ਸੀ।?" ਪਰ ਕੋਈ ਹੋਰ ਬੰਦਾ ਹੁੰਦਾ ਤਾਂ ਖ਼ਬਰੇ ਡਰਦਾ ਤ੍ਰਹਿੰਦਾ। ਓਸ ਉੱਠ ਕੇ ਚਾਹ ਦਾ ਘੁੱਟ ਭਰਿਆ। "ਇਹ ਤੁਸਾਂ ਕਿੱਥੋਂ ਲੱਭੀ ਏ? ਤੁਸੀਂ ਮੇਰੀ ਜ਼ਿੰਦਗੀ ਬਾਰੇ ਜਾਣਦੇ ਨਹੀਂ। ਸੋ ਦਖਲ ਨਾ ਦਿਓ।" "ਬਾਲਿਆ! ਤੈਨੂੰ ਮੈਂ ਓਥੇ ਮਾਰਸਾ ਜਿੱਥੇ ਪਾਣੀ ਨਾ ਮੰਗਸੇ। ਤੂੰ ਮੈਨੂੰ ਨਹੀਂ ਜਾਣਦਾ। ਮੈਂ ਤੇਰੀ ਰਗ-ਰਗ ਜਾਣਦਾ ਆਂ।" "ਤੁਹਾਡੀ ਸ਼ਾਇਰੀ ਵਿਚ ਤੇ ਮੇਰੀ ਸ਼ਾਇਰੀ ਵਿਚ ਵੀ ਫਰਕ ਏ" ਉਹ ਹੱਸਿਆ।

ਮੈਂ ਕਿਹਾ, "ਮੈਂ ਪੁਲਸ ਵਿਚ ਕੇਸ ਦਿੰਦਾ ਜੇ ਬੱਚੀ ਨੂੰ ਕੁਝ ਫਾਇਦਾ ਹੋਂਦਾ।" ਬੱਚੀ ਦੀ ਮਾਂ ਨੂੰ ਬੁਲਵਾਇਆ ਤੇ ਸਾਰਾ ਭੇਤ ਖੁੱਲਾ। ਇਕਬਾਲ ਤੀਵੀਂ ਕੋਲੋਂ ਪੋਂਦ ਜਾਨ ਛੁਡਾਉਣਾ ਚਾਹੁੰਦਾ ਸੀ। ਬੱਚੀ ਗਲੇ ਪੈ ਗਈ। ਓਸ ਖ਼ੂਨ ਦਾ ਮਨਸੂਬਾ ਬਣਾਇਆ। ਬੱਚੀ ਦੇ ਟਿਕਟ ਤੇ ਨਾਂ ਹੋਰ ਲਿਖਾਇਆ। ਬੱਚੀਆਂ ਬੱਚੇ ਜੇ ਕੁੜੀਆਂ ਹੋਣ ਤੇ ਖਬਰੇ ਨਾਂ ਵੀ ਕੋਈ ਪੜ੍ਹਦਾ ਨਹੀਂ।

ਉਹਦਾ ਕਤਲ ਦਾ ਮਨਸੂਬਾ ਸੀ ਤਾਂ ਜੋ ਆ ਕੇ ਦੂਜੀ ਬੁੱਢੀ ਕਰ ਲਵੇ। ਪਰ ਮਹਿਤਾਬ ਦੀ ਮਾਂ ਨਹੀਂ ਛੱਡਦੀ। ਓਸ ਇੰਗਲਿਸਤਾਨ ਆ ਕੇ ਦੱਸਿਆ ਪਈ ਕੁੜੀ ਨੂੰ ਪਹਾੜੀ ਤੋਂ ਸੁੱਟ ਆਇਆ ਏ ਤੇ ਅਸਾਂ ਵੀ ਮਾਰ ਦੇਸੀ ਜੇ ਓਸ ਜ਼ੁਬਾਨ ਖੋਲੀ। ਉਸ ਨੂੰ ਲੈ ਕੇ ਸਕਾਟਲੈਂਡ ਚਲਾ ਗਿਆ। ਸਾਲ ਅਮਰੀਕਾ ਵੀ ਰਿਹਾ। ਪਰ ਮਿਹਰਾਂ ਰੋਦੀਂ ਈ ਰਹੀ। ਰੋ-ਰੋ ਕੇ ਓਸ ਅੱਖੀਆਂ ਪਈਆਂ ਲੂਹੀਆਂ ਓਸ ਦਿਨ ਚੜ੍ਹਿਆਂ ਰੋਣਾ ਤੇ ਰਾਤੀਂ ਪੈਂਦਿਆਂ ਰੋਣਾ। ਮਿਹਰਾਂ ਕੋਲੋਂ ਬਾਲੇ ਦੀ ਜਾਨ ਨਾ ਛੁੱਟੀ। ਪਰ ਸ਼ਾਇਰੀ ਲੱਗੀ ਰਹੀ।

ਮਿਹਰਾਂ ਆਈ ਤੇ ਬੱਚੀ ਸਿਞਾਣ ਘਿੱਦਾਂ। ਮੈਂ ਤਿੰਨ ਮਹੀਨੇ ਘਰ ਰੱਖਿਆ ਤੇ ਸੁੱਕਿਆ ਰੁੱਖ ਹਰਾ ਹੋ ਗਿਆ। ਮਿਹਰਾਂ ਜਵਾਨ ਹੋ ਗਈ ਤੇ ਬਾਲਾ ਵੀ ਕੁਝ-ਕੁਝ ਬੰਦਾ ਬਣ ਕੇ ਰਹਿਣ ਲੱਗ ਪਿਆ। ਮਿਹਰਾਂ ਦੀ ਮੁੜ ਬੱਚੀ ਬੱਚਾ ਹੋਣ ਵਾਲਾ ਸੀ।

ਮੈਂ ਏਸ ਸ਼ਰਤ ਤੇ ਬੱਚੀ ਮੋੜੀ, ਪਈ ਕਾਗਜ਼ਾਂ ਵਿਚ ਮੇਰੀ ਬੱਚੀ ਹੀ ਰਹਿਸੀ।

ਇਕ ਹੋਰ ਬੱਚੀ ਮਿਹਰਾਂ ਦੇ ਹੋਈ ਤੇ ਮਹਿਤਾਬ ਰੋਣ ਲੱਗ ਪਈ। ਮੈਂ ਉਹਨੂੰ ਓਸੇ ਸਕੂਲ ਰੱਖਿਆ। ਉਹ ਮੈਨੂੰ ਹੁਣ ਦਾਦਾ ਕਹਿੰਦੀ ਏ, ਪਰ ਮੈਂ ਅਕਸਰ ਸੋਚਨਾ, ਹੈ ਵੀ ਕੋਈ ਰਿਸ਼ਤਾ ਮਰਦ ਤੇ ਔਰਤ ਦਾ। •



# ਤਲਾਸ਼

ਗੁਰਦਿਆਲ ਪੱਲ੍ਹਾ

ਮਾਂ ਦੀ ਕੁੱਖ ਤੋਂ ਲੈ ਕੇ
ਮੜ੍ਹੀਆਂ ਤੱਕ
ਫੈਲੀ ਹੋਈ ਹੈ ਇਹ ਜ਼ਿੰਦਗੀ
ਕਿੰਨਾ ਵੱਡਾ ਸਫ਼ਰ ਹੈ ਇਹ
ਆਪਣੇ-ਆਪ ਵਿਚ ਸਮੇਂ ਦਾ ਚੱਕਰ
ਘੜੀਆਂ ਦਾ, ਪਲਾਂ ਦਾ ਸਾਲਾਂ ਦਾ
ਚਿੰਤਾ ਵਿਚ ਚਿਖਾ ਹੈ ਸੜਦੀ

ਲਟ-ਲਟ ਬਲਦੀ
ਮੋਮ ਵਾਂਗ ਪਿਘਲ-ਪਿਘਲ ਕੇ
ਕੁਝ ਪਲਾਂ ਵਿਚ ਹੀ
ਖਾਕ ਦਰ ਖਾਕ ਹੋ ਜਾਂਦੀ
ਲਟ-ਲਟ ਬਲਦੀ ਅੱਗ ਦੇ ਨਾਲ
ਅਸੀਂ ਵੀ ਸੇਕਦੇ ਰਹੇ
ਅੱਖਾਂ ਵਿਚ ਤਰ ਰਹੇ ਸੁਪਨੇ
ਪਿਘਲਦੀ ਮੋਮ ਵਿਚ ਪਿਘਲਦੇ ਰਹੇ
ਜ਼ਿਹਨ ਵਿਚ ਪੱਥਰ ਹੋਏ ਫ਼ਿਕਰ

ਕੁਝ ਖਿਆਲਾਂ ਦੇ ਬੂਟੇ ਪੁੰਗਰ ਆਏ
ਮੋਹ ਭਰੀ ਕਿਣ-ਮਿਣ ਤੋਂ ਬਾਅਦ
ਤੇ ਜ਼ਿੰਦਗੀ ਬਣ ਗਈ ਸਹਾਰਾ
ਪਾਪ ਪੁੰਨ ਤੋਂ ਡਰਦੇ ਲੋਕਾਂ ਲਈ
ਜੋ ਅਕਸਰ ਨਹੀਂ ਹੁੰਦੇ
ਆਪਣੇ ਹੀ ਆਸ-ਪਾਸ ਜਾਂ ਦੂਰ-ਦੁਰਾਡੇ
ਅਤੇ ਮਹਿਕ ਵਫ਼ਾ ਦੇ ਝੂਠੇ ਵਾਅਦੇ।

ਸਫ਼ਰ ਸ਼ੁਰੂ ਹੁੰਦਾ ਹੈ ਇਕ ਹੋਰ
ਜਿਸਮ ਤੋਂ ਰੂਹ ਤੱਕ
ਮਮਤਾ ਤੋਂ ਮੁਕਤੀ ਤੱਕ
ਕਰਜ਼ ਤੋਂ ਉਸ ਰਾਹੀ ਤੱਕ
ਨਿਰਵਾਣ ਤੋਂ ਬਨਵਾਸ ਤੱਕ

ਰੂਹ ਨੂੰ ਮਣਸ ਕੇ ਫ਼ਰਜਾਂ ਦੀ ਗਊ ਅੱਗੇ
ਤੁਰ ਪੈਣਾ ਤੇ ਤੁਰੇ ਜਾਣਾ
ਅਤੇ ਆਪਣੀ ਹੀ ਪ੍ਰਕਿਰਮਾ ਕਰਦੇ
ਬ੍ਰਹਿਮੰਡ ਵਿਚ ਭਟਕਦੇ ਰਹਿਣਾ
ਆਪਣੀ ਹੀ ਚਾਲੇ ਤੁਰੇ ਰਹਿਣਾ
ਅਣਚਾਹੀ ਕਿਸੇ ਚਾਹਤ ਦੇ ਵਾਂਗ

ਕਿੰਨੀ ਭਿਆਨਕ ਹੈ
ਆਉਣ ਤੇ ਜਾਣ ਦੇ ਸਫ਼ਰ ਦੀ ਤਲਾਸ਼
ਮਾਂ ਦੀ ਕੁੱਖ ਤੋਂ ਲੈ ਕੇ
ਮੜ੍ਹੀਆਂ ਤੱਕ
ਬੜਾ ਕੁਝ ਧੜਕਦਾ ਹੋਵੇਗਾ
ਜੀਵਨ ਬੂੰਦ ਗਰਭ ਦੀ ਧੜਕਣ
ਧੰਨ ਹੋਏ ਤਨ ਤੇ ਮਨ
ਜਨਮ ਪੀੜਾਂ ਤੇ ਜਣੇਪਾ ਲੇਰਾਂ
ਸੀਨੇ ਅੰਦਰ ਸਮੁੰਦਰੀ ਲਹਿਰਾਂ
ਮੱਥੇ ਟਿਕਾ ਤੇਜ਼ ਤੜਾਗੀ
ਸੁੱਤੀ ਕਿਸਮਤ ਫਿਰ ਤੋਂ ਜਾਗੀ
ਮਾਂ ਦੀ ਮਮਤਾ ਲਾਡ ਪਿਉ ਦਾ
ਲੋਰੀਆਂ ਹੁੰਗਾਰੇ ਅਤੇ ਬਾਤਾਂ
ਮਾਂ ਦੇ ਸੀਨੇ ਗੁਜ਼ਾਰੀਆਂ ਰਾਤਾਂ
ਮੰਜੀ ਪਏ ਉੱਖੜੇ ਸਾਹ
ਪੈੜਾਂ ਲੱਭਦੇ ਬਿਖੜੇ ਰਾਹ

ਇਹ ਤਾਂ ਹੈ
ਮੋਹ ਨਾਲ ਭਰਿਆ ਸੱਚ
ਜੀਵਨ ਇਕ ਅਨੋਖਾ ਸੱਚ
ਅੱਥਰੂ ਅਤੇ ਹਉਕੇ ਦੀ ਗਾਥਾ
ਜਾਂ ਫਿਰ
ਜੀਉਂਦੇ ਹੋਣ ਦੀ ਹੋਰ ਅਭਿਲਾਸ਼ਾ।

## ਸੋਗੀ ਖ਼ਬਰ

*ਅਦਾਰਾ ਚਿਰਾਗ਼ ਡਾ. ਕੇਸਰ ਸਿੰਘ ਕੇਸਰ ਦੀ ਦੁਖਦਾਈ ਤੇ ਬੇਵਕਤ ਮੌਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਉਨ੍ਹਾਂ ਦੇ ਪਰਿਵਾਰ ਦੇ ਦਰਦ ਵਿਚ ਸ਼ਾਮਿਲ ਹੁੰਦਾ ਹੈ। ਡਾ. ਸਾਹਿਬ ਗੰਭੀਰ ਚਿੰਤਕ, ਸੁਲਝੇ ਹੋਏ ਆਲੋਚਕ, ਹਰਮਨ ਪਿਆਰੇ ਅਧਿਆਪਕ ਤੇ ਪੁਰ-ਖ਼ਲੂਸ ਇਨਸਾਨ ਸਨ। ਉਹਨਾਂ ਦੀ ਗ਼ੈਰ ਹਾਜ਼ਰੀ ਦੇਰ ਤੀਕ ਮਹਿਸੂਸ ਹੁੰਦੀ ਰਹੇਗੀ।*

*ਸੰਪਾਦਕੀ ਮੰਡਲ*

# ਨਜ਼ਮਾਂ / ਮਲਵਿੰਦਰ

## ਇਹ ਉਲਾਹਮਾ ਨਹੀਂ

ਤੁਸੀਂ ਅਵਸਥਾ ਦੇ ਸਹਿਜ ਹੋਣ ਦੀ
ਉਡੀਕ 'ਚ ਚੁੱਪ ਹੋ
ਸਾਡੀ ਖਾਮੋਸ਼ੀ
ਅੰਦਰ ਤਿੜਕ ਗਏ ਵਿਸ਼ਵਾਸ ਨੂੰ
ਸਾਂਭਣ ਦੇ ਆਹਰ 'ਚ ਹੈ।

ਹੌਲੀ ਹੌਲੀ
ਇੰਨਾ ਸਹਿਜ ਹੋ ਜਾਣਾ ਹੈ ਇਹ ਵਰਤਾਰਾ
ਕਿ ਖਾਮੋਸ਼ੀ ਸੁਭਾਅ ਸਾਡੇ ਦਾ
ਅੰਗ ਬਣ ਜਾਣੀ ਹੈ
ਤੁਹਾਡੀ ਉਡੀਕ
ਉਡੀਕ ਉਡੀਕ ਚੁੱਪ ਹੋ ਜਾਣੀ ਹੈ
ਯਤਨ ਸਿਰਫ਼
ਉਨ੍ਹਾਂ ਹਾਲਤਾਂ ਨੂੰ ਵਰਜਣਾ ਰਹਿ ਜਾਣਾ ਹੈ
ਜਦ ਭਾਵੁਕਤਾ ਦੇ ਵਹਿਣ 'ਚ
ਨਫ਼ਰਤ ਦੇ ਦਬਾਅ ਹੇਠ
ਈਰਖਾ ਦੇ ਡੰਗੇ
ਪਤੀਲਿਉਂ ਭੁੜਕ ਬਾਹਰ ਆ ਗਏ ਸਾਂ
ਉਂਝ ਸਾਡੀ ਖਾਮੋਸ਼ੀ ਤੋੜਨ ਲਈ
ਤੁਸੀਂ ਆਪਣੀ ਉਡੀਕ ਅਤੇ ਸਮਰੱਥਾ 'ਤੇ
ਕਦੀ ਸ਼ੱਕ ਨਾ ਕਰਨਾ।

## ਰੱਬ

ਲਿਬਾਸ
ਹਥਿਆਰ
ਦਹਿਸ਼ਤ ਬਣੀ
ਧਾਰਮਿਕਤਾ 'ਚ ਨਜ਼ਰ ਬੰਦ ਰਹਿ ਕੇ
ਸਹਿਜ ਨਹੀਂ ਹੁੰਦਾ
ਰੱਬ ਨੂੰ ਮਿਲਣਾ

ਪ੍ਰਕਿਰਤੀ ਦੇ ਰਹੱਸ 'ਚ
ਦੋਵੇਂ ਵੱਸਦੇ ਹਨ
ਰੱਬ ਤੇ ਕਵਿਤਾ

ਟੁੱਟ ਰਹੀ ਸਮਾਜਿਕਤਾ
ਗੰਧ ਮਾਰਦੇ ਨਿਜ਼ਾਮ
ਤੇ ਮੈਲੇ ਰਿਸ਼ਤਿਆਂ 'ਚ
ਸੂਲੀ ਚੜ੍ਹਿਆ ਹਰ ਛਿਣ
ਰੱਬ ਹੈ।

# ਅਣਜੰਮੀ ਧੀ ਦਾ ਤਰਲਾ

ਕੁਲਤਾਰ ਸਿੰਘ ਕੁਲਤਾਰ

ਮੈਂ ਹਾਂ ਤੇਰੀ ਬਚੜੀ ਅੰਮੀਏ,
ਮੈਨੂੰ ਕੁੱਖ ਵਿਚ ਮਾਰ ਨਾ ਮਾਏਂ,
ਤੂੰ ਵੀ ਮਾਂ ਦੀ ਜਾਈ।
ਮੇਰੇ ਬਾਬਲ ਨੂੰ ਸਮਝਾਈਂ,
ਧੀ ਹੋਵੇ ਜਾਂ ਪੁੱਤ ਹੋਵੇ,
ਕੋਈ ਫ਼ਰਕ ਨਾ ਰਾਈ।
ਉਹ ਵੀ ਮਾਂ ਦਾ ਜਾਇਆ,
ਤੂੰ ਵੀ ਮਾਂ ਦੀ ਜਾਈ।
ਸੁਬ੍ਹਾ ਸਵੇਰੇ ਹਰ ਦਿਨ ਚਿੜੀਆਂ ਚਹਿਕਦੀਆਂ,
ਗੁਲਜ਼ਾਰਾਂ ਬਿਨ ਫੁੱਲਾਂ ਕਦੇ ਨਾ ਮਹਿਕਦੀਆਂ।
ਮੈਂ ਹਾਂ ਫੁੱਲ ਉਸ ਫੁਲਵਾੜੀ ਦਾ,
ਜਿਸ ਵੰਡ ਕੇ ਮਹਿਕ ਚੁਫੇਰੇ,
ਦੁਨੀਆਂ ਮਹਿਕਾਈ
ਤੂੰ ਵੀ ਮਾਂ..........
ਅੰਮੜੀ ਦੇ ਬਿਨ ਪੁੱਤਰ ਕਦੇ ਨਾ ਜੰਮਦੇ ਨੇ,
ਜੜ੍ਹ ਬਿਨ ਰੁੱਖ ਨਾ ਧਰਤੀ ਉਪਰ ਉਗਦੇ ਨੇ।
ਮੈਂ ਹਾਂ ਜੜ੍ਹ ਉਸ ਰੁੱਖ ਦੀ ਮਾਏਂ,
ਜਿਹਨੂੰ ਲੱਗਣੇ ਮਿੱਠੜੇ ਮੇਵੇ,
ਨਾ ਸਮਝ ਪਰਾਈ।
ਤੂੰ ਵੀ ਮਾਂ ...........
ਵਿਹੜਾ ਧੀਆਂ ਬਿਨ ਸੁੰਨਾ ਹੋ ਕੇ ਰਹਿ ਜਾਂਦਾ,
ਲੋਅ ਬਿਨ ਦੀਵਾ ਠੀਕਰ ਬਣ ਕੇ ਰਹਿ ਜਾਂਦਾ।
ਮੈਂ ਹਾਂ ਲਾਟ ਉਸੇ ਦੀਪਕ ਦੀ,
ਜਿਸ ਬਲ ਕੇ ਚਾਨਣ ਵੰਡਣਾ,
ਕਰਨੀ ਰੁਸ਼ਨਾਈ।
ਤੂੰ ਵੀ ਮਾਂ ...........
ਬਾਬਲ ਬਣ ਉਸ ਦੁਨੀਆਂ ਨਵੀਂ ਵਸਾਉਣੀ ਏਂ,
ਤੇਰੇ ਪੁੱਤ ਨੇ ਵੀ ਘਰ ਮਹਿਕ ਲਿਆਉਣੀ ਏ।
ਇੱਟਾਂ ਪੱਥਰ ਹੀ ਰਹਿੰਦੇ,
ਨਾਰੀ ਬਿਨ ਘਰ ਨਾ ਬਣਦੇ,
ਜਾਣੇ ਲੋਕਾਈ।
ਤੂੰ ਵੀ ਮਾਂ .........
ਉਹ ਵੀ ਮਾਂ ਦਾ ਜਾਇਆ।
ਤੂੰ ਵੀ ਮਾਂ ਦੀ ਜਾਈ। •





# ਸੁਪਨਿਆਂ ਦਾ ਕਤਲ

ਜਸਵੀਰ ਕਲਸੀ

ਉਹਨਾਂ ਨੂੰ ਵੇਖਣ ਤੋਂ ਪਹਿਲਾਂ, ਘਟਨਾ ਬਾਰੇ ਸੁਣ ਕੇ ਹੀ ਘਰ ਦੀਆਂ ਔਰਤਾਂ ਨੇ ਆਪਣੀਆਂ-ਆਪਣੀਆਂ ਛਾਤੀਆਂ ਨੂੰ ਦੁਹੱਥੜਾਂ ਨਾਲ ਵਲੂੰਧਰ ਲਿਆ ਸੀ ਤੇ ਦੰਦਲਾਂ ਪੈ ਰਹੀਆਂ ਸਨ। ਘਟਨਾ ਬਾਰੇ ਸੁਣ ਕੇ ਸਾਰਾ ਪਿੰਡ ਹੀ ਤ੍ਰਾਸ-ਤ੍ਰਾਸ ਕਰਦਾ ਹੋਇਆ, ਉਹਨਾਂ ਨੂੰ ਵੇਖਣ ਲਈ ਭੱਜ ਤੁਰਿਆ ਸੀ।

ਜਿਸ ਟਰੈਕਟਰ-ਟਰਾਲੀ 'ਤੇ ਉਹ ਸੁਬਾ-ਸਵੇਰੇ ਗਏ ਸਨ, ਹੱਸਦੇ ਹੋਏ, ਗੱਲਾਂ ਕਰਦੇ ਹੋਏ, ਵਿਉਂਤਬੰਦੀਆਂ ਕਰਦੇ ਹੋਏ, ਪਿੰਡ ਤੋਂ ਸ਼ਹਿਰ ਨੂੰ ਗਏ ਸਨ, ਉਸੇ ਟਰੈਕਟਰ-ਟਰਾਲੀ ਉੱਤੇ ਹੀ ਉਹਨਾਂ ਦੀਆਂ ਲਾਸ਼ਾਂ ਪਿੰਡ ਨੂੰ ਮੁੜੀਆਂ ਸਨ। ਸ਼ਮਸ਼ਾਨ ਘਾਟ ਪਹੁੰਚੀਆਂ ਲਾਸ਼ਾਂ ਦੇ ਆਲੇ-ਦੁਆਲੇ ਸਾਰਾ ਪਿੰਡ ਇਕੱਠਾ ਹੋਇਆ ਖੜ੍ਹਾ ਸੀ। ਉਹਨਾਂ ਵੱਲ ਵੇਖ ਰਿਹਾ ਸੀ। ਇਕੱਠੇ ਜੰਮੇ ਤਾਂ ਨਹੀਂ ਸਨ, ਪਰ ਇਕੱਠੇ ਮਾਰੇ ਗਏ ਸਨ, ਦਾ ਸਵਾਲ ਸ਼ਮਸ਼ਾਨ ਘਰ ਵਿਚ ਗੂੰਜ ਰਿਹਾ ਸੀ। ਵੱਖ-ਵੱਖ ਧਰਮ ਤੇ ਵੱਖ-ਵੱਖ ਜਾਤ-ਪਾਤ ਦੇ ਹੁੰਦਿਆਂ ਉਹਨਾਂ ਦਾ ਸਿਵਾ ਇਕੱਠਾ ਹੀ ਬਲਿਆ ਸੀ ਤੇ ਫਿਰ ਉਹਨਾਂ ਦੇ ਮਾਰੇ ਜਾਣ ਬਾਰੇ, ਪਿੰਡ ਦੀ ਸੱਥ ਵਿਚ ਲੋਕ ਗੱਲਾਂ ਸਾਂਝੀਆਂ ਕਰਨ ਵਿਚ ਰੁੱਝ ਗਏ ਸਨ। ਸਸਕਾਰ ਤੋਂ ਦੂਜੇ ਦਿਨ ਹੀ ਸੱਥ ਵਿਚ ਇਕ ਨੇ ਬੜੀ ਉਤਸੁਕਤਾ ਨਾਲ ਕਿਹਾ ਸੀ, "ਬਈ, ਜੀਤ ਸਿਹੁ ਤਾਂ ਆ ਮਿਸਤਰੀ ਕੈਲੇ ਤੇ ਭਈਏ ਨੂੰ ਨਾਲ ਲੈ ਕੇ ਸ਼ਹਿਰੋਂ ਸਾਮਾਨ ਲੈਣ ਗਏ ਸੀ। ਉਹਨਾਂ ਨੂੰ ਮੁੜਦਿਆਂ ਹੀ ਕੀਹਨੇ ਮਾਰਤਾ ਬਈ? ਇਹ ਹੋਇਆ ਕਿਵੇਂ !!?"

ਖੁੰਢ 'ਤੇ ਬੈਠਿਆਂ ਵਿਚੋਂ ਇਕ ਬੋਲਿਆ, "ਸੁਣਿਆ ਈ ਐ ਕਿ ਆਂਹਦੇ ਨੇ ਸਾਮਾਨ ਲੈਂਦਿਆਂ ਨੂੰ ਛੈਅਰ (ਸ਼ਹਿਰ) ਈ ਨ੍ਹੇਰਾ ਹੋ ਗਿਆ ਸੀ। ਨ੍ਹੇਰੇ ਈ ਪਿੰਡ ਨੂੰ ਤੁਰੇ ਸਨ ਤੇ ਆਪਣੇ ਆ ਸੇਮ ਦੇ ਪੁਲ 'ਤੇ ਈ ਭਾਣਾ ਵਾਪਰਿਐ। ਕੌਣ ਸਨ ਗੋਲੀਆਂ ਮਾਰਨ ਵਾਲੇ, ਏਹ ਤਾਂ ਉਤਲਾ ਈ ਜਾਣੇ ਸੱਚਾ-ਪਾਤਿਸ਼ਾਹ। ਆਪਾਂ ਨੂੰ ਤਾਂ ਬਈ ਏਨਾ ਕੁ ਈ ਪਤਾ ਲੱਗਿਐ।"

ਉੱਤਰ ਦੇਣ ਵਾਲਾ ਜਦ ਬੋਲ ਰਿਹਾ ਸੀ ਤਾਂ ਆਲੇ-ਦੁਆਲੇ ਇਕ ਖ਼ਾਮੋਸ਼ੀ ਸੀ। ਚੁੱਪ-ਚਾਂ ਸੀ ਤੇ ਉੱਤਰ ਦੇਣ ਵਾਲੇ ਨੇ ਆਪਣੀ ਗੱਲ ਖ਼ਤਮ ਕਰਕੇ ਇਕ ਹਉਕਾ ਭਰਿਆ ਸੀ। ਵਾਹਿਗੁਰੂ-ਵਾਹਿਗੁਰੂ ਕਹਿ ਕੇ ਚੁੱਪ ਹੋਇਆ ਸੀ ਤੇ ਕਿੰਨਾ ਚਿਰ ਚੁੱਪ ਹੀ ਛਾਈ ਰਹੀ ਸੀ। ਕੁਝ ਸਮੇਂ ਬਾਅਦ ਜਾ ਕੇ ਜੱਗਾ ਬੋਲਿਆ ਸੀ, "ਅੱਠੀਂ ਨੌਈਂ ਸਾਲੀਂ ਆਇਆ ਸੀ ਜੀਤ। ਬੰਦਾ ਜਿੰਨਾ ਚਿਰ ਮਰਜ਼ੀ ਪ੍ਰਦੇਸ ਰਹੇ, ਅਖ਼ੀਰ ਨੂੰ ਆਪਣੇ ਘਰ ਨੂੰ, ਪਿੰਡ ਨੂੰ ਮੁੜਦਾ ਈ ਮੁੜਦੈ। ਤੇ ਆ ਏਥੇ ਆ ਕੇ ਘਰ ਬਣਾਉਂਦਾ-ਬਣਾਉਂਦਾ ਸਭ ਕੁਝ ਛੱਡ ਗਿਆ ਏਥੇ ਈ। ਬੰਦੇ ਦਾ ਕੀ ਪਤਾ ਏ, ਕਦੋਂ ਭਾਣਾ ਬੀਤ ਜਾਣਾ ਹੁੰਦਾ ਏ। ਪਰ ਇਹਨਾਂ ਨੂੰ ਜੇਹੋ-ਜੇਹੀ ਮੌਤ ਮਿਲੀ ਹੈ, ਏਹੋ ਜਿਹੀ ਤਾਂ ਕਿਸੇ ਵੈਰੀ-ਦੁਸ਼ਮਣ ਨੂੰ ਵੀ ਕਦੇ ਨਾ ਮਿਲੇ। ਗੋਲੀਆਂ ਦੀ ਮੌਤ ਮਾਰੇ ਗਏ ਵਿਚਾਰੇ। ਤੇ ਉਹ ਵੀ 'ਕੱਠੇ ਚਾਰ। ਮੌਤ ਤਾਂ ਇਕ ਈ, ਪਿੰਡ ਨੂੰ ਸੋਗੀ ਬਣਾ ਕੇ ਰੱਖ ਦਿੰਦੀ ਏ ..... "ਅਨਿਆਈ ਮੌਤ।"

ਬੈਠਿਆਂ ਵਿਚੋਂ ਕਿਸੇ ਇਕ ਹੋਰ ਨੇ ਕਿਹਾ, "ਆ ਹਾਲਾਤ ਵੀ ਤਾਂ ਅੱਜ ਕੱਲ੍ਹ ਬਹੁਤ ਮਾੜੇ ਨੇ।"

ਬੋਲਣ ਵਾਲੇ ਦੇ ਕੋਲ ਹੀ ਬੈਠਾ ਸੱਜਣ ਸਿੰਘ, ਯਾਰਾਂ ਬੇਲੀਆਂ ਦਾ ਸੱਜਣ ਪਿਆਰਾ ਵੀ ਬੋਲ ਪਿਆ ਆਪਣੀ ਘੱਗਿਆਈ ਆਵਾਜ਼ ਵਿਚ। ਉਸ ਕਿਹਾ ਸੀ, "ਓ ਭਈਆ ਵਿਚਾਰਾ ਪ੍ਰਦੇਸੀ। ਮਜ਼ੂਰੀ ਕਰਨ ਆਇਆ ਹੋਇਆ ਸੀ। ਉਸਦੀ ਮੌਤ ਦੀ ਖਬਰ ਸੁਣ ਕੇ ਤਾਂ ਉਸਦੇ ਮਾਪੇ ਥਾਏਂ ਹੀ ਬੇਹੋਸ਼ ਹੋ ਗਏ ਹੋਣਗੇ। ਫੌਜੀ ਜਵਾਨ ਦੀ ਸ਼ਹੀਦੀ ਸੁਣ ਕੇ ਵੀ ਮਾਪੇ ਭੁੱਬੀਂ ਰੋ ਪੈਂਦੇ ਨੇ। ਜਵਾਨ ਨੇ ਤੋ ਦੇਸ਼ ਕੇ ਲਿਏ ਬਹਾਦਰੀ ਵਿਖਾਈ ਹੋਤੀ ਐ। ਦੇਸ਼ ਕੋ ਟੂਟਨੇ ਸੇ ਬਚਾਤਾ ਹੂਆ ਸ਼ਹੀਦ ਹੋਤਾ ਹੈ। ਇਹ ਭਈਆ! ਇਹ ਤਾਂ ਛੋਟੀ ਉਮਰੇ ਹੀ ਕਮਾਈ ਕਰਨ ਆਇਆ ਹੋਇਆ ਸੀ। ਭਰ-ਜੁਆਨ ਗੱਭਰੂ ਸੀ। ਕਿੱਥੇ ਜੰਮਿਆ-ਪਲਿਆ ਤੇ ਕਿੱਥੇ ਆ ਕੇ ਮਰਿਆ। ਯਹ ਵੀ ਫੌਜੀ ਜਵਾਨ ਕੇ ਮਾਫ਼ਕ ਹੀ ਕਿਹਾ ਜਾ ਸਕਤਾ ਹੈ। ਯਹ ਭਈਆ ਘਰ ਦੀ ਕਬੀਲਦਾਰੀ ਦੀ ਗਾਡੀ ਕੋ ਚਲਤਾ ਰਖਨੇ ਕੇ ਲੀਏ ਪੈਸੇ ਕਮਾਉਣ ਆਇਆ ਥਾ।"

ਤੇ ਫਿਰ ਸੱਜਣ ਸਿੰਘ ਨੇ ਜੀਤ ਸਿੰਘ ਦੀ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ। "ਅਜੀਤ ਤਾਂ ਨਿੱਕਾ ਹੁੰਦਾ ਈ ਆਪਣੇ ਪਿਤਾ ਜੀ ਸੇ ਲੜ ਕਰ ਘਰੋਂ ਨਿਕਲ ਗਿਆ ਸੀ। ਖ਼ਬਰੇ ਕਿਹੜੇ-ਕਿਹੜੇ ਥਾਂ ਧੱਕੇ

ਖਾਧੇ ਮੁੰਡੇ ਨੇ। ਮਸਾਂ ਕਿਧਰੇ ਸੈਟਲ ਹੋਇਆ ਥਾ।"

ਕੁਝ ਚਿਰ ਰੁਕ ਕੇ ਸੱਜਣ ਸਿੰਘ ਦੱਸ ਰਿਹਾ ਸੀ, "ਜਦੋਂ ਵੀ ਜੀਤ ਦੀ ਚਿੱਠੀ ਆਈ, ਪੜ੍ਹਨੀ ਤੋਂ ਉਸਮੇ ਲਿਖਾ ਹੋਤਾ ਥਾ, ਮੈਂ ਬਹੁਤ ਸੌਖਾ ਆਂ। ਮੁਝੇ ਤਕਲੀਫ਼ ਨਾ ਕੋਈ। ਨਾ ਮੱਛਰ, ਨਾ ਮੱਖੀ। ਸੁਰਗ ਏ ਸੁਰਗ। ਪੈਸੇ ਵੀ ਬੋਤ (ਬਹੁਤ) ਆ। ਜੀਤ ਵੀ ਪੈਸੇ ਕਮਾਨੇ ਗਿਆ ਥਾ। ਇਧਰ ਖੇਤੀ ਵਿਚੋਂ ਕੁਝ ਨਹੀਂ ਸੀ ਬਚ ਰਿਹਾ। ਜੀਤ ਦੀ ਮਾਂ ਨੇ ਮੈਥੋਂ ਚਿੱਠੀ ਪੜ੍ਹਾਉਣੀ ਔਰ ਸੁਣਨੀ। ਔਰ ਰੋਈ ਜਾਂਦੀ ਸੀ। ਕਭੀ-ਕਭੀ ਹੰਝੂ ਪੂੰਝਦੀ-ਪੂੰਝਦੀ ਨੇ ਹੱਸ ਪੈਣਾ। ਹਰਨਾਮੀ ਬੁੜੀ ਬਹੁਤ ਚੰਗੀ ਐ।"

ਜੀਤ ਸਿੰਘ ਦੀ ਕਹਾਣੀ ਸੇਵਾ ਮੁਕਤ ਫੌਜੀ ਸੱਜਣ ਸਿੰਘ ਦੇ ਮੂੰਹੋਂ ਸੁਣ ਕੇ ਸਭ ਦੇ ਸਭ ਖਾਮੋਸ਼ ਸਨ। ਦੰਦ ਨਾਲ ਦੰਦ ਜੁੜੇ ਸਨ।

ਜੱਗੋ ਨੇ ਕਿਹਾ ਸੀ, "ਜੀਤ ਦੀ ਵਹੁਟੀ ਦਾ ਵਿਰਲਾਪ ਕੋਹੜਾ ਸੁਣ ਹੁੰਦਾ ਏ। ਹਲੇ ਕਿੰਨਾ ਕੁ ਚਿਰ ਹੋਇਆ ਸੀ ਉਸਨੂੰ ਸੁਹਾਗਣ ਬਣੀ ਨੂੰ। ਤੇ ਆ ਹੁਣ ਝੱਟਪੱਟ ਵਿਚ ਹੀ ਵਿਧਵਾ ਵੀ ਹੋ ਗਈ ਏ। ਐਹੋ ਜੇਹੀ ਸੱਟ ਤਾਂ ਬੰਦੇ ਨੂੰ ਸੂਤ ਕੇ ਰੱਖ ਦਿੰਦੀ ਏ।"

ਜੀਤ ਦੇ ਘਰ ਚੀਕ-ਚਿਹਾੜਾ ਪਿਆ ਸੀ। ਰੋਣ-ਪਿੱਟਣ ਸੀ। ਘਰ ਦਾ ਕਮਾਊ ਪੁੱਤ ਮਾਰਿਆ ਗਿਆ ਸੀ। ਜੀਤ ਦੀ ਮਾਂ ਹਰਨਾਮੀ ਲੰਮੇ-ਲੰਮੇ ਵੈਣ ਪਾ ਰਹੀ ਸੀ। ਭੁੱਬਾਂ ਮਾਰ ਰੋਈ ਜਾਂਦੀ ਸੀ। "ਵੇ, ਕੂੰਜ ਵਰਗੀ ਛੱਡ ਕੇ ਕਿੱਧਰ ਤੁਰ ਗਿਆ ਪੁੱਤਾ? ਵੇ, ਮੈਂ ਤਾਂ ਪੋਤੇ ਦਾ ਮੂੰਹ ਵੇਖਣ ਲਈ ਤਰਸਦੀ ਆਂ। ਵੇ, ਤੂੰ ਕਿਸੇ ਦਾ ਕੀ ਵਿਗਾੜਿਆ ਸੀ? ਵੇ, ਤੈਨੂੰ ਨਿਹੱਕੇ ਨੂੰ ਦੁਸ਼ਟਾਂ ਨੇ ਗੋਲੀਆਂ ਨਾਲ ਭੁੰਨ ਦਿੱਤੈ। ਵੇ, ਤੂੰ ਤਾਂ ਮੇਰਾ ਲਾਇਕ ਸ਼ੇਰ-ਬੱਗਾ ਸੀ।"

ਚੁੱਪ ਕਰਾਉਣ ਦਾ ਯਤਨ ਕਰਦੀਆਂ ਉਸਨੂੰ ਹੌਸਲਾ ਦੇਂਦੀਆਂ ਸਨ। ਜੀਤ ਦੀ ਵਹੁਟੀ ਨੂੰ ਹਰਨਾਮੀ ਦੇ ਮੁਹਰਿਉਂ ਪਾਸੇ ਲੈ ਗਈਆਂ ਸਨ। ਵਹੁਟੀ ਤਾਂ ਹਾਲੇ ਤੱਕ ਬੇਹੋਸ਼ ਹੀ ਪਈ ਸੀ। ਇੱਕ ਔਰਤ, ਉਸਦੇ ਮੂੰਹ ਵਿਚ ਚਮਚੇ ਨਾਲ ਪਾਣੀ ਪਾ ਰਹੀ ਸੀ। ਡਾਕਟਰ ਵੀ ਆ ਗਿਆ ਸੀ। ਉਸਨੇ ਟੀਕੇ ਲਈ ਪਾਣੀ ਨੂੰ ਗਰਮ ਕਰਵਾਇਆ ਸੀ।

ਕਰਨੈਲ ਸਿੰਘ ਮਿਸਤਰੀ ਦੇ ਘਰ ਵੀ ਰੋਣ-ਪਿੱਟਣ ਸੀ। ਪਿੱਟ ਸਿਆਪਾ ਸੀ। ਕਰਨੈਲ ਸਿੰਘ ਮਿਸਤਰੀ ਨੇ ਜੀਤ ਦੇ ਘਰ ਦੀ ਉਸਾਰੀ ਦਾ ਕੰਮ ਚਲਾਇਆ ਹੋਇਆ ਸੀ। ਸ਼ਹਿਰ ਗਏ ਸਨ ਸਾਮਾਨ ਲੈਣ ਲਈ। ਵਾਪਸ ਮੁੜਦੇ ਹਨ੍ਹੇਰੇ ਵਿਚ, ਸੇਮ ਦੇ ਪੁਲ ਉੱਤੇ ਹੀ ਗੋਲੀਆਂ ਦੇ ਮੀਂਹ ਵਿਚ ਘਿਰ ਗਏ ਸਨ।

ਕਰਨੈਲ ਸਿੰਘ ਦੇ ਮਾਂ-ਪਿਉ ਕਈ ਸਾਲ ਪਹਿਲਾਂ ਹੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਉਹਨਾਂ ਤੋਂ ਬਾਅਦ ਕਰਨੈਲ ਸਿੰਘ ਨੇ ਆਪਣੇ ਭਰਾਵਾਂ ਤੋਂ ਅੱਡ ਹੋ ਕੇ ਪਿੰਡ ਦੀ ਬਾਹਰਲੀ ਗਲੀ 'ਤੇ ਆਪਣਾ ਵੱਖਰਾ ਘਰ ਬਣਾ ਲਿਆ ਸੀ। ਕਰਨੈਲ ਸਿੰਘ ਮਿਸਤਰੀ ਆਪਣੇ ਤੋਂ ਦੋ ਛੋਟੇ ਭਰਾਵਾਂ ਨਾਲੋਂ ਚੰਗਾ ਮੰਨਿਆ ਹੋਇਆ ਸੀ। ਸਾਰਾ ਪਿੰਡ ਕਰਨੈਲ ਸਿੰਘ ਮਿਸਤਰੀ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਸੀ। ਜਦ ਕਿ ਉਸਤੋਂ ਛੋਟਿਆਂ ਨੂੰ ਆਕੜਖੋਰ ਕਿਹਾ ਜਾਂਦਾ ਸੀ। ਕਰਨੈਲ ਸਿੰਘ ਦੀ ਇਕ ਮਸ਼ਹੂਰੀ ਇਹ ਵੀ ਸੀ ਕਿ "ਬਈ , ਬੜਾ ਨਿਬੇੜਦਾ ਏ ਕੰਮ ਨੂੰ ਕੈਲਾ ਮਿਸਤਰੀ।"

ਕਰਨੈਲ ਸਿੰਘ ਦੀ ਮੌਤ ਨਾਲ, ਤਿੰਨ ਬੱਚੇ ਪਿਉ ਬਾਹਰੇ ਹੋ ਗਏ ਸਨ। ਪਤੀ ਦਾ ਹੱਥ ਸਿਰ ਤੋਂ ਉਠ ਜਾਣ 'ਤੇ ਪਤਨੀ ਵਿਧਵਾ ਬਣ ਗਈ ਸੀ। ਔਰਤਾਂ ਵਿਚਕਾਰ ਬੈਠੀ ਹੋਈ ਉਹ ਦੁਹੱਥੜ 'ਤੇ ਦੁਹੱਥੜ ਮਾਰ ਰਹੀ ਸੀ। ਉਸਦੇ ਵੈਣ ਉੱਚੀ ਸੁਰ ਵਿਚ ਸਨ, "ਵੇ ਮੇਰੇ ਸਿਰ ਦਿਆਂ ਸਾਈਆਂ ਵੇ...... । ਮੇਰੇ ਸਿਰ ਦੀ ਛਾਂ ਵੇ ...... । ਮੈਨੂੰ ਦੱਸ ਜਾ, ਹੁਣ ਮੈਂ ਕਿਸ ਤੋਂ ਪੈਸੇ ਮੰਗਾਂਗੀ? ਤੂੰ ਮੈਨੂੰ ਵੀ ਨਾਲ ਈ ਲੈ ਜਾਂਦਾ ਡੁੱਬੜਿਆ ....... ।"

ਕੁਝ ਕੁ ਸਮਾਂ ਚੁੱਪ ਹੋਈ ਸੀ। ਫਿਰ ਕਹਿ ਰਹੀ ਸੀ, "ਵੇ, ਮੈਨੂੰ ਦੱਸ ਜਾ, ਹੁਣ ਮੈਂ ਕੱਲੀ-ਕਾਰੀ ਆ ਜੁਆਕਾਂ ਨੂੰ ਕਿਵੇਂ ਪਾਲਾਂ-ਪੋਸਾਂਗੀ? ਤੂੰ ਤੇ ਆਂਹਦਾ ਸੀ, ਮੁੰਡੇ ਨੂੰ ਪੜ੍ਹਾਉਣੈ ਏ। ਅਪਸਰ ਬਣਾਉਣੈ ਏ। ਮੈਨੂੰ ਦੱਸ? ਦੱਸ! ਮੈਂ ਹੁਣ ਕਿਵੇਂ ਪੜ੍ਹਾਵਾਂਗੀ? ਹਾਏ ........... ।"

ਵੱਡੀਆਂ ਦੋਨੋਂ ਕੁੜੀਆਂ ਅਤੇ ਤੀਜਾ ਮੁੰਡਾ ਸੀ। ਮਾਂ ਦੇ ਦੁਆਲੇ ਫਿਰਦੇ ਸਨ। ਰੀ-ਰੀ ਕਰਦੇ ਸਨ। ਕਈ ਔਰਤਾਂ ਉਹਨਾਂ ਨੂੰ ਚੁੱਪ ਕਰਨ ਲਈ ਕਹਿ ਰਹੀਆਂ ਸਨ।

ਬੰਦਿਆਂ ਦੇ ਇਕੱਠ ਵਿਚ, ਕਰਨੈਲ ਸਿੰਘ ਮਿਸਤਰੀ ਦੀਆਂ ਗੱਲਾਂ ਦੀ ਚਰਚਾ ਛਿੜੀ ਹੋਈ ਸੀ। ਕਿਸੇ ਬਜ਼ੁਰਗ ਦਾ ਬੋਲ ਸੀ, "ਯਾਰ, ਉਹਦੇ ਵਰਗਾ ਸਿਆਣਾ ਮਿਸਤਰੀ ਆਪਾਂ ਨੂੰ ਨਈਓਂ ਮਿਲਣਾ ਹੁਣ



ਕਿੱਧਰੋਂ? ਉਹ ਤਾਂ ਬੜਾ ਸਕੀਮੀ ਸੀ ਤੇ ਕੰਮ ਕਰਵਾਉਣ ਵਾਲੇ ਨੂੰ ਚੰਗੀ ਮੱਤ ਦਿੰਦਾ ਸੀ। ਵਿਉਂਤਬੰਦੀ ਦਾ ਬੜਾ ਹਿਸਾਬੀ-ਕਿਤਾਬੀ ਸੀ।"

ਉੱਤਰ ਵਿਚ ਦੂਸਰੇ ਨੇ ਕਿਹਾ ਸੀ, "ਬਈ ਇੱਕ ਗੱਲ ਏ, ਮੈਨੂੰ ਉਸਦੀ ਇਕ ਗੱਲ ਚੇਤੇ ਆਈ ਏ, ਇਹ ਭੁੱਲਣੀ ਵੀ ਨਈਂਗੀ ਕਿਤੇ। ਉਹ ਇਹ ਗੱਲ ਐ ਕਿ ਕੈਲਾ ਆਖਦਾ ਹੁੰਦਾ ਸੀ, "ਬਈ ਜਿਹੜਾ ਆਪਣੇ ਅਸਲੇ ਦਾ ਮਿਸਤਰੀ ਹੁੰਦਾ ਏ, ਉਹ ਕਿਸੇ ਦੀ ਧੀ-ਭੈਣ ਵੱਲ ਮਾੜੀ ਨਿਗ੍ਹਾ ਕਦੇ ਵੀ ਨਈਂ ਝਾਕੂਗਾ। ਘਰ-ਘਰ ਕੰਮ ਕਰਨਾ ਹੁੰਦਾ ਏ। ਜੇ ਕੋਈ ਮਾੜੀ ਨਿਗ੍ਹਾ ਝਾਕੂਗਾ ਤਾਂ ਅੱਗੋਂ ਛਿੱਤਰ ਲਾਹ ਲਵੇ। ਸੌ ਪਿੱਛੇ ਇਕ ਗਿਣੇ।"

ਹੁੰਗਾਰਾ ਭਰਦਿਆਂ ਤੇ ਪ੍ਰੋੜਤਾ ਕਰਨ ਵਜੋਂ ਕਿਸੇ ਨੇ ਨਾਲ ਲੱਗਵਾਂ ਹੀ ਕਹਿ ਦਿੱਤਾ ਸੀ, "ਬਈ ਗੱਲ ਤਾਂ ਉਹਦੀ ਸੋਲ੍ਹਾਂ ਆਨੇ ਸਹੀ ਏ। ਮਿਸਤਰੀ ਦਾ ਕਿੱਤਾ ਈ ਐਹੋ ਜਿਹਾ ਏ। ਉਸਦਾ ਰੁਜ਼ਗਾਰ ਈ ਉਸਦੇ ਚਾਲ-ਚਲਣ ਸਿਰ ਹੁੰਦਾ ਏ।"

ਸੱਜਣ ਸਿੰਘ ਫੌਜੀ ਨੇ ਆਉਣ ਸਾਰ ਹੀ ਬੋਲ ਕੱਢਿਆ, "ਕੀ ਗੱਲ ਕਰੀਏ, ਜ਼ੁਬਾਨ ਦਾ ਸੁਆਦ ਈ ਬਦਲਿਆ ਪਿਆ ਏ। ਰੋਟੀ ਤਾਂ ਉੱਕਾ ਹੀ ਸਵਾਦ ਨਈਂਗੀ ਲੱਗਦੀ। ਭੁੱਖ ਈ ਮਰ ਗਈ ਏ। ਪਿੰਡ ਵਿਚ ਤਾਂ ਕਹਿਰ ਝੁੱਲ ਗਿਆ ਏ ਕਹਿਰ। ਕੱਠੇ ਚਾਰ ਮਾਰ ਤੇ ਦੁਸ਼ਟਾਂ ਨੇ। ਏਹ ਲੁੱਟ-ਖੋਹ ਵਾਲੇ ਈ ਹੋਣੇ ਨੇ? ਜੀਤ ਕੋਲ ਰੁਪਿਆ ਸੀ। ਸੋਨੇ ਦੇ ਗਹਿਣੇ ਸਨ। ਟਰੈਕਟਰ-ਟਰਾਲੀ 'ਤੇ ਆ ਰਹੇ ਸਨ। ਰੁਪਿਆ ਤੇ ਸੋਨਾ ਤਾਂ ਲੈ ਈ ਗਏ ਨੇ। ਤੇ ਉਹ ਵਿਚਾਰਾ ਦਰਵੇਸ਼! ਟਰੈਕਟਰ ਟਰਾਲੀ ਵਾਲਾ ਮਾਸਟਰ ਨਾਜਰ ਸਿਉਂ। ਉਹ ਵੀ ਮਾਰਿਆ ਗਿਆ। ਪਿੱਛੇ ਧੀਆਂ ਦਾ ਧਨ ਛੱਡ ਗਿਆ। ਜੱਗ ਵੀ ਸੀਰ ਪਾਉਣ ਲਈ ਉਸ ਨੂੰ ਮੁੰਡੇ ਦਾ ਜਨਮ ਨਾ ਨਸੀਬ ਹੋਇਆ। ਪੜ੍ਹਿਆ-ਲਿਖਿਆ ਸੀ। ਦਵਾਈਆਂ-ਬੂਟੀਆਂ ਵੀ ਬਥੇਰੀਆਂ ਲਈਆਂ ਉਹਨੇ ਤਾਂ। ਸਾਧਾਂ ਦੇ ਡੇਰਿਆਂ ਉੱਤੇ ਵੀ ਮੱਥੇ ਰਗੜੇ ਸੀ।" ਸੱਜਣ ਸਿੰਘ ਲਗਾਤਾਰ ਬੋਲ ਰਿਹਾ ਸੀ। ਉਸਦੇ ਚੁੱਪ ਹੋਣ ਤੋਂ ਮਗਰੋਂ ਹੀ ਕਿਸੇ ਦੂਜੇ ਨੇ ਸ਼ੁਰੂ ਕਰ ਦਿੱਤੀ ਸੀ। "ਯਾਰ, ਜੀਤ ਕਿੰਨਾ ਚਿਰ ਪ੍ਰਦੇਸੀਂ ਰੁਲਦਾ ਰਿਹਾ ਏ। ਮੁੰਡਾ ਬੜਾ ਸਾਊ ਸੀ। ਹਰ ਵਕਤ ਈ ਚਾਚਾ ਜੀ, ਚਾਚਾ ਜੀ, ਕਰਦਾ ਸੀ। ਤੇ ਅੱਜਕੱਲ ਦੀ ਔਲਾਦ ਵੇਖ ਲਓ? ਆ ਮੇਰੇ ਪੋਤੇ ਈ ਨਈਂਗੇ ਮਾਣ ਕਿਧਰੇ। ਸੁੱਖ ਨਾਲ ਗੱਭਰੂ ਜੁਆਨ ਨੇ। ਬਸ, ਨਸ਼ੇ ਦੀ ਪੁੱਠੀ ਵੈਬਤ ਪਈ ਏ ਉਨ੍ਹਾਂ ਨੂੰ। ਡੰਗਰਾਂ ਨੂੰ ਕੱਖ ਪਾਉਣ ਲਈ ਕਿੱਧਰੇ ਨੂੰਹ ਕਹਿ ਦੇਂਦੀ ਏ ਤਾਂ ਅੱਗੋਂ ਲੜਣ ਨੂੰ ਆਉਂਦੇ ਨੇ। ਵਿਹਲੜ ਕਿਸੇ ਥਾਂ ਦੇ। ਆ ਅਸੀਂ ਤਾਂ ਹਾਲੇ ਵੀ ਵੇਹਲੇ ਨਹੀਂ ਬੈਠਦੇ ਕਿਧਰੇ।"

ਇਹ ਸੀਰਾ ਵਿਹਲੜ ਬੋਲ ਰਿਹਾ ਸੀ।

ਆਥਣ ਦੇ ਸਮੇਂ ਸੱਥ ਵਿਚ ਮਾਰੇ ਗਏ ਬੰਦਿਆਂ ਬਾਰੇ ਗੱਲਾਂ ਸਾਂਝੀਆਂ ਹੋ ਰਹੀਆਂ ਸਨ। ਕੋਈ ਦੱਸ ਰਿਹਾ ਸੀ ਕਿ ਜੀਤ ਨੇ ਬਾਹਰਲੇ ਮੁਲਕ ਵਿਚੋਂ ਬਹੁਤ ਰੁਪਏ ਭੇਜੇ ਸਨ। ਉਸਦੇ ਪਿਉ ਮੱਖਣ ਸਿੰਘ ਨੇ ਖੇਤ ਖਰੀਦ ਲਏ ਸਨ। ਮੋਟਰਾਂ ਲਵਾ ਲਈਆਂ ਸਨ। ਘਰ ਵੀ ਪੱਕਾ ਛੱਤ ਲਿਆ ਸੀ। ਦੱਸਣ ਵਾਲੇ ਨੇ ਇਹ ਵੀ ਦੱਸਿਆ ਕਿ ਜਿਸ ਦਿਨ ਜੀਤ ਬਾਹਰੋਂ ਆਇਆ ਸੀ ਤੇ ਨਵੀਂ ਕੋਠੀ ਪਾਉਣ ਦੀ ਸੋਚ ਰਿਹਾ ਸੀ ਤਾਂ ਉਸ ਦਿਨ ਤੋਂ ਹੀ ਉਹਨਾਂ ਘਰ ਲੜਾਈ ਸ਼ੁਰੂ ਹੋ ਗਈ ਸੀ। ਜੀਤ ਦੀ ਮਾਂ ਹਰਨਾਮੀ ਰੋਕਦੀ ਸੀ ਕਿ ਕੋਠੀ ਨਾ ਪਾ।

ਵਿਚਕਾਰ ਹੀ ਰੁਲਦੂ ਬੋਲਿਆ ਸੀ, "ਬਾਈ ਸਿੰਹਾਂ, ਜੀਤ ਨੇ ਤਾਂ ਵਿਆਹ ਈ ਬਲਾ ਵਧੀਆ ਕਰਾਇਆ ਸੀ। ਬਲਾ ਕਾਰਾਂ ਸਨ। ਫਿਲਮ ਵੀ ਬਣਾਈ ਸੀ। ਮੈਂ ਵੀ ਜੰਞ ਗਿਆ ਸਾਂ।"

ਰੁਲਦੂ ਛੜੇ ਦੀ ਗੱਲ ਵੱਲ ਕਿਸੇ ਵੀ ਧਿਆਨ ਨਾ ਦਿੱਤਾ। ਸਾਰੇ ਉੱਠ ਖੜ੍ਹੇ ਸਨ। ਹਨ੍ਹੇਰਾ ਹੋਣਾ ਸ਼ੁਰੂ ਹੋ ਗਿਆ ਸੀ। ਸੂਰਜ ਤਾਂ ਕਦੋਂ ਦਾ ਡੁੱਬ ਚੁੱਕਾ ਸੀ। ਗੁਰਦਵਾਰੇ ਦੇ ਸਪੀਕਰ ਦੀ ਮੱਧਮ ਆਵਾਜ਼ ਸੀ।

ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਗੁਰਦਵਾਰਾ ਸਾਹਿਬ ਵਿਖੇ ਇਕ ਸਾਂਝਾ ਸਧਾਰਨ ਪਾਠ ਸ਼ੁਰੂ ਕਰਵਾ ਦਿੱਤਾ ਗਿਆ ਸੀ। ਦੇਗ਼ ਲੈ ਕੇ ਸਭ ਆਪੋ-ਆਪਣੇ ਘਰਾਂ ਨੂੰ ਤੁਰ ਪਏ ਸਨ।

ਆਥਣ ਦੇ ਸਮੇਂ ਗੁਰਦਵਾਰੇ ਅੰਦਰ ਆਏ ਬੈਠੇ ਲੋਕ, ਪਾਠ ਸੁਣ ਰਹੇ ਸਨ। ਕਈ ਉਠ ਕੇ ਜਾ ਰਹੇ ਸਨ। ਕਈ ਆ ਵੀ ਰਹੇ ਸਨ। ਗੱਲਾਂ ਦੇ ਗਾਲੜੀ ਪਿੱਛੇ ਬੈਠੇ ਹੋਏ ਗੱਲਾਂ ਵਿਚ ਮਸਤ ਸਨ। ਕਿਸੇ ਨੇ ਪ੍ਰਸ਼ਨ ਕਰ ਦਿੱਤਾ ਸੀ, "ਨਾਜਰ ਮਾਸਟਰ ਦੀ ਵੱਡੀ ਕੁੜੀ ਕੈਵੀਂ ਵਿਚ ਪੜ੍ਹਦੀ ਏ?"

"ਉਹ ਤਾਂ ਛੈਅਰ (ਸ਼ਹਿਰ) ਪੜ੍ਹਨ ਜਾਂਦੀ ਏ।"

"ਉਹ ਤਾਂ ਡਾਕਟਰਨੀ ਦਾ ਕੋਰਸ ਕਰਦੀ ਏ।"

ਫਿਰ ਜੱਗਾ ਬੋਲ ਰਿਹਾ ਸੀ, "ਮਾਸਟਰ ਦੱਸਦਾ ਹੁੰਦਾ ਸੀ, ਬਈ ਵੱਡੀ ਕੁੜੀ ਨੂੰ ਡਾਕਟਰਨੀ ਬਣਾਉਣਾ ਏ।"

ਗੱਲਾਂ ਵਾਲਿਆਂ ਦੀ ਆਵਾਜ਼ ਉੱਚੀ ਹੋ ਜਾਂਦੀ ਸੀ। ਪਾਠ ਕਰਦੇ ਗ੍ਰੰਥੀ ਸਿੰਘ ਦਾ ਧਿਆਨ ਉਖੜ ਜਾਂਦਾ ਸੀ। ਗ੍ਰੰਥੀ ਸਿੰਘ ਆਪਣੇ ਮੂੰਹ 'ਤੇ ਉਂਗਲ ਰੱਖ ਸਮਝਾਉਣ ਦਾ ਯਤਨ ਕਰਦਾ ਸੀ। ਭਾਵ ਨਾ ਬੋਲੋ। ਕੁਝ ਚਿਰ ਚੁੱਪ ਵਰਤ ਜਾਂਦੀ, ਪਰ ਫਿਰ ਉਹੀ ਉੱਚੀ-ਉੱਚੀ ਆਵਾਜ਼ ਸ਼ੁਰੂ ਹੋ ਜਾਂਦੀ ਸੀ।

"ਬਈ, ਪੁਲਸ ਆਈ ਸੀ?"

"ਪੁਲਸ ਵਾਲਿਆਂ ਨਾਲ ਕਿਵੇਂ ਨਿਬੜੀ?" ਕਿਸੇ ਹੋਰ ਨੇ ਵੀ ਕਹਿ ਦਿੱਤਾ ਸੀ।

ਪ੍ਰਸ਼ਨਾਂ ਦਾ ਉੱਤਰ ਦੇਣ ਵਾਲਾ ਸਹਿਜ-ਸਹਿਜ ਬੋਲ ਰਿਹਾ ਸੀ, "ਉਨ੍ਹਾਂ ਵੀ ਆਪਣਾ ਫਰਜ਼ ਪੂਰਾ ਕਰਨਾ ਏ। ਕਿਸੇ ਨਾਲ ਦੁਸ਼ਮਣੀ ਬਾਰੇ ਪੁੱਛਦੇ ਸੀ। ਪਰ ਤੁਹਾਨੂੰ ਵੀ ਪਤਾ ਏ, ਜੀਤ ਤਾਂ ਬਾਹਰ ਰਿਹਾ ਕਈ ਵਰ੍ਹੇ। ਨਾਜ਼ਰ ਮਾਸਟਰ ਤੇ ਮਿਸਤਰੀ ਕੈਲੇ ਦਾ ਕੀ ਮੁੱਲ? ਜਵਾਂ ਗਊ ਵਰਗੇ। ਤੇ ਉਹ ਭਈਆ ਤਾਂ ਸੀ ਵਿਚਾਰਾ ਪ੍ਰਦੇਸੀ ਬੰਦਾ। ਢਿੱਡ ਦੀ ਖਾਤਰ ਆਇਆ ਸੀ।"

ਦੱਸਣ ਵਾਲੇ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਬਲਬ ਦੇ ਚਾਨਣ ਵਿਚ ਅੱਖਾਂ ਵਿਚਲਾ ਪਾਣੀ ਚਮਕ ਰਿਹਾ ਸੀ। ਤੇ ਕਿੰਨਾ ਹੀ ਚਿਰ ਚੁੱਪ ਫੈਲ ਗਈ ਸੀ। ਤੇ ਫਿਰ ਜੱਗੇ ਨੇ ਨਾਜ਼ਰ ਮਾਸਟਰ ਦੀਆਂ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। "ਮਾਸਟਰ ਆਂਹਦਾ ਹੁੰਦਾ ਸੀ, ਮੇਰਾ ਸਾਰਾ ਪਿੰਡ ਪੜ੍ਹ-ਲਿਖ ਜਾਵੇ ਤਾਂ ਏ ਗੱਲ। ਅਨਪੜ੍ਹਾਂ ਦੀ ਕਾਹਦੀ ਜੂਨ ਹੁੰਦੀ ਐ? ਜਿੱਥੇ ਮਰਜ਼ੀ ਅੰਗੂਠਾ ਲਵਾ ਲਓ। ਤੇ ਮਾਸਟਰ, ਆ ਨਸ਼ਿਆਂ ਦੇ ਵੀ ਬੜਾ ਬਰਖ਼ਿਲਾਫ ਸੀ। ਆਂਹਦਾ ਸੀ, ਨਸ਼ਾ ਕਰਨ ਵਾਲਾ ਵੀ ਕੋਈ ਬੰਦਾ ਹੁੰਦਾ ਏ। ਸਾਰਾ ਦਿਨ ਤਾਂ ਆ ਮਜ਼ਦੂਰ ਬੰਦੇ ਹੱਡ ਤੁੜਵਾਉਂਦੇ ਨੇ ਤੇ ਆਥਣ ਨੂੰ ਪੀ ਕੇ ਟੀ.ਟੀ. ਬਣ ਜਾਂਦੇ। ਵੱਡੇ ਨਾਢੂ ਖਾਂ? ਨਾਲੀਆਂ ਦੇ ਗੰਦ ਵਿਚ ਡਿਗਦੇ ਨੇ। ਰੂੜੀਆਂ 'ਤੇ ਪਏ ਰਹਿੰਦੇ ਨੇ। ਕੀ ਜੂਨ ਏ? ਨਾ ਆਪਣੀ ਸੁਧ-ਬੁਧ ਤੇ ਨਾ ਹੀ ਘਰ ਵਾਲਿਆਂ ਦੀ ਰਹਿਣ ਦੇਂਦੇ ਨੇ।"

ਜੱਗੇ ਦੀ ਗੱਲ ਨੂੰ ਧਿਆਨ ਨਾਲ ਸੁਣ ਰਹੇ ਬੂਟੇ ਲੁਹਾਰ ਨੇ ਮਨ ਆਈ ਗੱਲ ਮੌਕਾ ਮਿਲਣ 'ਤੇ ਸੁਣਾ ਦਿੱਤੀ ਸੀ। "ਹੋਰ! ਆਪਾਂ ਤਾਂ, ਦੋ ਤੇਰੇ ਦੀ ਦੋ ਤੇਰੇ ਦੀ, ਭਰ-ਭਰ ਗਿਲਾਸ ਪੀ ਈ ਜਾਨੇ ਆਂ। ਫਿਰ ਤਾਂ ਰੋਟੀ ਖਾ ਲਈ, ਖਾ ਲਈ। ਨਈਂ ਖਾਧੀ ਤਾਂ ਨਈਂ ਖਾਧੀ।"

ਗੱਲਾਂ ਚਲਦੀਆਂ ਵਿਚੋਂ ਇਕ ਦਿਨ ਬੂਟੇ ਲੁਹਾਰ ਵੱਲੋਂ ਕਿਹਾ ਜਾ ਰਿਹਾ ਸੀ, "ਆ ਜੇਹੜੇ ਵੇਹਲੜ ਸੀ ਤੇ ਦੂਜੇ ਆ ਪੜ੍ਹੇ-ਲਿਖੇ ਮੁੰਡੇ। ਇਹ ਸਭ ਈ ਲਹਿਰ ਵਿਚ ਵੜੇ ਹੋਏ ਨੇ। ਸਭ ਪਾਸੇ ਮਾਰ-ਮਰਈਆ ਈ ਹੋਈ ਜਾਂਦਾ ਏ। ਕਿਤੇ ਮੋਨਿਆਂ ਨੂੰ ਮਾਰ ਤੇ। ਕਿਤੇ ਸਿੱਖਾਂ ਨੂੰ ਮਾਰ ਤੇ। ਕੋਈ ਵੀ ਐ, ਮਰਦੇ ਨੇ ਮਾਵਾਂ ਦੇ ਪੁੱਤ। ਸੁਹਾਗਣਾਂ ਦੇ ਸੁਹਾਗ। ਬੱਚਿਆਂ ਦੇ ਪਿਉ, ਚਾਚੇ, ਤਾਏ। ਭੈਣਾਂ,ਵੀਰਾਂ ਦੇ ਭਰਾ।"

"ਤਾਂ ਹੋਰ ਤਾਂ ਹੋਰ, ਆ ਜੇਹੜੇ ਮਰੜੇ ਜੱਟ ਸੀ, ਆ ਆਪਣੇ ਗੁਆਂਢੀ ਪਿੰਡ ਵਿਚੋਂ ਵੀ ਦੋ-ਤਿੰਨ ਘਰਾਂ ਦੇ ਮਰੜੇ ਜੱਟਾਂ ਦੇ ਮੁੰਡੇ ਵੀ ਮੌਕਾ ਤਾੜ ਕੇ ਲੁੱਟਾਂ-ਖੋਹਾਂ ਤੇ ਹੋਏ ਨੇ। ਆ ਕਚਹਿਰੀਆਂ ਵਿਚ ਗੱਲਾਂ ਚੱਲਦੀਆਂ ਸੀ। ਆਂਹਦੇ, ਜੱਟਾਂ ਦੇ ਇਹੋ ਜੇਹੇ ਘਰਾਂ ਨੇ ਆਪਣੀ ਤੋਰੀ-ਫੁਲਕਾ ਚਲਾਉਣ ਖਾਤਰ ਈ ਕੀਤੈ। ਮਰਦਾ ਬੰਦਾ ਕੀ ਕਰੇ? ਇਹ ਮਰੜੇ ਜੱਟ, ਥੋੜ੍ਹੀ ਜ਼ਮੀਨ ਵਿਚੋਂ ਕੀ-ਕੀ ਕੱਢਣ? ਉਹ ਗੱਲ ਐ ਗੰਜੀ ਕੀ ਨਿਚੋੜੇ ਤੇ ਕੀ ਵਾਹੇ।" ਸੱਜਣ ਫੌਜੀ ਦੂਰ ਤੱਕ ਦੀਆਂ ਖਬਰਾਂ ਸਾਂਝੀਆਂ ਕਰ ਰਿਹਾ ਸੀ।

ਸਹਿਜ-ਪਾਠ ਦੇ ਦਿਨਾਂ ਦੌਰਾਨ ਗੁਰਦਵਾਰਾ ਸਾਹਿਬ ਵਿਖੇ, ਸੱਥ ਵਿਚ ਅਤੇ ਘਰ-ਘਰ ਇਹੋ ਜਿਹੀਆਂ ਗੱਲਾਂ ਸਨ। ਪੰਜਾਬ ਵਿਚ ਬਣੇ ਹੋਏ ਦਹਿਸ਼ਤ ਦੇ ਮਾਹੌਲ ਅਧੀਨ ਪੁਲਿਸ ਦੀਆਂ ਗੱਡੀਆਂ ਵੀ ਘੂਕਦੀਆਂ ਫਿਰਦੀਆਂ ਨਜ਼ਰ ਆਉਂਦੀਆਂ ਰਹਿੰਦੀਆਂ ਸਨ। ਸੀ.ਆਰ.ਪੀ ਅਤੇ ਫੌਜ ਵੀ ਅਮਨ ਚੈਨ ਲਈ ਸਰਕਾਰ ਵਲੋਂ ਲਗਾਈ ਗਈ ਸੀ। ਕਰਫਿਊ ਲੱਗਦੇ ਸਨ। ਅਖ਼ਬਾਰਾਂ ਵਿਚ ਨਹੱਕੇ ਮਾਰੇ ਜਾਣ ਦੀਆਂ, ਅੱਤਵਾਦੀਆਂ ਦੇ ਮਾਰੇ ਜਾਣ ਦੇ ਮੁਕਾਬਲੇ ਜਿਸ ਵਿਚ ਪੁਲੀਸ ਵਾਲੇ ਮਾਰੇ ਜਾਂਦੇ ਸਨ, ਖ਼ਬਰਾਂ ਨਾਲ ਪੰਨੇ ਭਰੇ ਹੁੰਦੇ ਸਨ। ਟੀ.ਵੀ. ਰੇਡੀਓ 'ਤੇ ਵੀ ਇਹੋ ਜਿਹੀਆਂ ਖ਼ਬਰਾਂ ਸਨ। ਲੋਕ ਸੂਰਜ ਡੁੱਬਣ ਤੋਂ ਪਹਿਲਾਂ ਹੀ ਘਰਾਂ ਵਿਚ ਵੜ



ਜਾਂਦ ਸਨ।

ਬੇ-ਕਸੂਰ ਮਾਰੇ ਗਏ ਚਾਰ ਮਨੁੱਖਾਂ ਦੇ ਨਮਿਤ ਸਹਿਜ-ਪਾਠ ਦੀ ਸਮਾਪਤੀ ਵਾਲੇ ਦਿਨ ਸਾਰਾ ਪਿੰਡ ਹੀ ਗੁਰਦਵਾਰਾ ਸਾਹਿਬ ਵਿਖੇ ਸੀ। ਪਿੰਡ ਦੀ ਭਾਈਚਾਰਕ ਸਾਂਝ ਦਾ ਇਕੱਠ, ਬਾਹਰਲਿਆਂ ਨੂੰ ਵੇਖਿਆ ਨਜ਼ਰ ਆਉਂਦਾ ਸੀ। ਕੰਮਕਾਰ ਵਿਚ ਹੱਥ ਵਟਾਉਣ ਵਾਲੇ ਭੱਜ-ਭੱਜ ਕੇ ਕੰਮ ਕਰ ਰਹੇ ਸਨ।

ਹਥਿਆਰਾਂ ਦੀਆਂ ਗੋਲੀਆਂ ਨਾਲ ਮਾਰੇ ਗਏ ਮਨੁੱਖਾਂ ਦੇ ਪਰਿਵਾਰ ਵਾਲੇ ਗੁਰਦਵਾਰਾ ਸਾਹਿਬ ਬੈਠੇ ਹੋਏ ਸਨ। ਉਹਨਾਂ ਦੇ ਆਲੇ-ਦੁਆਲੇ ਲੋਕਾਂ ਦਾ ਇਕੱਠ ਸੀ। ਤੇ ਵਿਚ-ਵਿਚ ਉਹਨਾਂ ਦਾ ਪਰਿਵਾਰਕ ਸਾਂਝ-ਸੰਬੰਧੀ, ਮਿੱਤਰ, ਹਮਦਰਦੀ ਵਾਲੇ ਹੌਸਲਾ ਰੱਖਣ, ਦੁੱਖ ਵਿਚ ਸ਼ਰੀਕ ਹੋਣ ਅਤੇ ਦਹਿਸ਼ਤ ਭਰੇ ਮਾਹੌਲ ਦੀਆਂ ਘਟਨਾਵਾਂ ਬਾਰੇ, ਅਜਿਹੇ ਕਈ ਵਿਸ਼ਿਆਂ ਉੱਤੇ ਗੱਲਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਸਨ। ਪਰਿਵਾਰ ਦੇ ਮੈਂਬਰਾਂ ਦੀਆਂ ਅੱਖਾਂ ਵਿਚੋਂ ਝਰਨੇ ਤਰ੍ਹਾਂ ਪਾਣੀ ਵਹਿਣ ਲੱਗਦਾ ਸੀ। ਕਈ ਦਿਨਾਂ ਤੋਂ ਰੋਣ ਕਰਕੇ ਅੱਖਾਂ ਦਾ ਨਰਮ ਮਾਸ ਸੁੱਜ ਗਿਆ ਸੀ। ਚਿਹਰੇ ਉਦਾਸੇ, ਕੁਮਲਾਏ ਹੋਏ ਬਣੇ ਸਨ।

ਅਰਦਾਸ ਵਿਚ ਬੋਲ ਸਨ, "ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਥਾਂ ਦੇਣਾ ਸੱਚੇ ਪਾਤਸ਼ਾਹ! ਮਗਰਲੇ ਪਰਿਵਾਰ ਨੂੰ ਜਿਉਣ ਦਾ ਬਲ ਬਖਸ਼ਣਾ........।"

ਸਹਿਜ ਪਾਠ ਦੀ ਸਮਾਪਤੀ 'ਤੇ ਲੰਗਰ ਤਿਆਰ ਸੀ। ਪਿੰਡ ਦਾ ਇਕੱਠ ਸੀ। ਬੱਚਿਆਂ ਦਾ ਚੀਕ-ਚਿਹਾੜਾ ਸੀ। ਅਜਿਹੇ ਮਾਹੌਲ ਵਿਚ ਹੀ ਸਪੀਕਰ ਦੀ ਆਵਾਜ਼ ਗੂੰਜੀ ਸੀ। ਲੋਕਾਂ ਦੇ ਕੰਨਾਂ ਨਾਲ ਬੋਲ ਟਕਰਾਉਣ ਲੱਗੇ ਸਨ, "ਜੇ ਇੰਝ ਹੀ ਘਾਣ ਹੁੰਦੇ ਰਹੇ ਤਾਂ ਕੀ ਬਣੂੰ? ਸਮਾਜ ਦੀ ਗਿਰਾਵਟ ਨੂੰ ਆਪਣੀਆਂ ਲੋੜਾਂ ਨੂੰ ਠੀਕ ਕਰਨ ਦੀ ਲੋੜ ਏ ....। ਚੇਤੰਨ ਹੋ ਕੇ ਸਮਾਜ ਦੇ ਭਲੇ ਲਈ, ਹਰੇਕ ਦੇ ਭਲੇ ਲਈ ਸੋਚਣ ਦੀ ਲੋੜ ਹੈ ਅੱਜ.....।"

ਅਜਿਹੇ ਬੋਲ ਗੂੰਜ ਰਹੇ ਸਨ। ਤੇ ਲੋਕ, ਲੋਕ ਖਾਣ-ਪੀਣ ਵਿਚ ਰੁੱਝੇ ਹੋਏ ਸਨ। ਕੁਝ ਸੁਣ ਰਹੇ ਹੋਣਗੇ। ਫਿਰ ਇਕ ਗੜਕਵਾਂ ਬੋਲ ਸੀ, "ਸਾਡਾ ਵੀ ਖ਼ੂਨ ਖੌਲ ਰਿਹਾ ਏ। ਅਸੀਂ ਵੇਖ ਰਹੇ ਆਂ ਕਿ ਕਿਵੇਂ ਦਿਨ-ਦਿਹਾੜੇ ਲੁੱਟਾਂ ਖੋਹਾਂ ਤੇ ਨਿਰਦੋਸ਼ਿਆਂ ਦੇ ਕਤਲ ਹੋ ਰਹੇ ਹਨ। ਇਸ ਨੂੰ ਰੋਕਣਾ ਬਣਦਾ ਏ......। ਰੋਕਣਾ ਜ਼ਰੂਰੀ ਏ ...........?"

ਇਸ ਨੌਜਵਾਨ ਦੀ ਮੀਚੀ ਮੁੱਠੀ ਵਾਲੀ ਬਾਂਹ, ਉਸਦੇ ਆਪਣੇ ਸਿਰ ਤੋਂ ਉਪਰ ਵੱਲ ਜਾਂਦੀ ਸੀ। ਸਿਆਣੇ ਬਜ਼ੁਰਗਾਂ ਨੇ ਉਸਨੂੰ ਬੋਲਣ ਤੋਂ ਰੋਕ ਦਿੱਤਾ ਸੀ। ਉਹ ਰੁਕ ਵੀ ਗਿਆ ਸੀ। ਦੇਗ਼ ਵਰਤੀ ਜਾ ਚੁੱਕੀ ਸੀ। ਲੰਗਰ ਦਾ ਕੰਮ ਸ਼ੁਰੂ ਸੀ। ਭਈਏ ਵੀ ਗੁਰਦਵਾਰਾ ਸਾਹਿਬ ਵਿਖੇ ਹਾਜ਼ਰ ਸਨ। ਪਿੰਡ ਵਾਲਿਆਂ ਨੇ ਉਹਨਾਂ ਨੂੰ ਕੱਪੜਾ, ਕਣਕ ਆਦਿ ਦਿੱਤਾ ਸੀ। ਉਹ ਲੰਗਰ ਛਕਣ ਤੋਂ ਬਾਅਦ ਤੁਰ ਪਏ ਸਨ। ਉਹ ਆਪਣੇ ਸਾਥੀ ਦੇ ਫੁੱਲ ਲੈ ਕੇ ਆਪਣੇ ਦੇਸ਼ ਵੱਲ ਰਵਾਨਾ ਹੋਏ ਸਨ। ਉਹਨਾਂ ਦੀਆਂ ਅੱਖਾਂ ਵਿਚੋਂ ਪਰਲ-ਪਰਲ ਕਰਦੇ ਹੰਝੂ ਵਹਿ ਰਹੇ ਸਨ।

ਜੀਤ ਦੀ ਮਾਂ ਹਰਨਾਮੀ ਗੁਰਦਵਾਰਾ ਸਾਹਿਬ ਤੋਂ ਬਾਹਰ ਆ, ਗਲੀ ਵਿਚ ਤੁਰੀ ਆਉਂਦੀ, ਉੱਚੀ-ਉੱਚੀ ਵੈਣ ਪਾਉਣ ਲੱਗ ਗਈ ਸੀ, " ... ਵੇ ਪੁੱਤਾ, ਤੂੰ ਸ਼ਹਿਰ ਐਨਾ ਹਨ੍ਹੇਰਾ ਕਿਉਂ ਕੀਤਾ ਸੀ। ਵੇ ਮੇਰਿਆ ਜਿਉਣ ਜੋਗਿਆ ਤੇਰੀ ਥਾਂ ਮੈਂ ਤੁਰ ਜਾਂਦੀ। ਤੈਂ ਤਾਂ ਹਾਲੇ ਜੁਆਨੀਆਂ ਮਾਨਣੀਆਂ ਸੀ। ਵੇ ਪੁੱਤਾਂ, ਤੇਰੀ ਰੀਝ ਸੀ ਕਿ ਮੈਂ ਤਾਂ ਪਿੰਡ ਵਿਚ ਸਭ ਤੋਂ ਉੱਚਾ ਚੁਬਾਰਾ ਬਣਾਉਣੈ। ਬੰਗਲਾ ਬਣਾ ਦੇਣਾ ਏ ਘਰ ਨੂੰ। ਵੇ ਤੂੰ ਤਾਂ ਸੁੰਨ-ਮਸੁੰਨ ਕਰਕੇ ਤੁਰ ਗਿਆ ਵੇ ਪੁੱਤਾ। ਤੇਰੇ ਬਿਨਾਂ ਘਰ ਭਾਂ-ਭਾਂ ਕਰਨ ਲੱਗ ਪਿਆ ਏ.......।"

ਹਰਨਾਮੀ, ਚੁੱਪ ਕਰਵਾਉਣ 'ਤੇ ਚੁੱਪ ਨਹੀਂ ਹੋਈ ਸੀ। ਸਗੋਂ ਹੋਰ ਉੱਚੀ ਉੱਚੀ ਰੋਣ ਲੱਗ ਗਈ ਸੀ। ਵੈਣ ਪਾਉਣ ਲੱਗ ਗਈ ਸੀ। ਜੀਤ ਦੀ ਵਹੁਟੀ ਦੇ ਮਾਪੇ ਆਏ ਸਨ। ਆਥਣ ਨੂੰ ਜਾਣ ਲੱਗੇ, ਉਹ ਉਸਨੂੰ ਆਪਣੇ ਨਾਲ ਹੀ ਲੈ ਗਏ ਸਨ। ਤੇ ਘਰ ਵਿਚ ਉਸਦੇ ਬਿਨਾਂ ਰੌਣਕ ਹੀ ਘਟ ਗਈ ਸੀ। ਹਰਨਾਮੀ ਨੂੰ ਤੱਤਾ-ਠੰਢਾ ਦੇਣ ਲਈ, ਦੇਖਭਾਲ ਕਰਨ ਲਈ, ਜੀਤ ਦੀਆਂ ਭੈਣਾਂ ਆਈਆਂ ਹੋਈਆਂ ਸਨ। ਵੇਖਣ ਵਾਲਿਆਂ ਨੂੰ ਜੀਤ ਦੀ ਵਹੁਟੀ ਦਾ ਲਿਆਂਦਾ ਦਾਜ ਕੋਈ ਭੂਤ-ਪ੍ਰੇਤ ਲੱਗ ਰਿਹਾ ਸੀ। ਜਦਕਿ ਇਹ ਸਾਰਾ ਦਾਜ, ਹਰਨਾਮੀਂ ਨੇ ਮੰਗ ਕੇ ਲਿਆ ਸੀ। ਉਸ ਦਾ ਜੀਤ ਵਲੈਤ ਵਿਚੋਂ ਆਇਆ ਸੀ ਤੇ ਦਾਜ ਦੇਣ ਵਾਲਿਆਂ ਨੇ ਵੀ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੱਤੀ। ਵੱਧ ਤੋਂ ਵੱਧ ਨਿੱਕੜ-ਸੁੱਕੜ ਦਿੱਤਾ ਸੀ।

ਸਹਿਜ ਪਾਠ ਦੀ ਸਮਾਪਤੀ ਤੋਂ ਬਾਅਦ ਹੀ ਇਹ ਤੈਅ ਹੋ ਗਿਆ ਸੀ ਕਿ ਮਹੀਨੇ ਕੁ ਤੱਕ ਜੀਤ ਦੀ ਵਹੁਟੀ ਨੂੰ ਜੀਤ ਤੋਂ ਛੋਟੇ ਮੀਤ ਨਾਲ ਤੋਰ ਦਿੱਤਾ ਜਾਵੇਗਾ। ਜੀਤ ਦੇ ਵਿਆਹ ਸਮੇਂ, ਜਦ ਵਹੁਟੀ ਵਿਆਹ ਕੇ ਲਿਆਂਦੀ ਸੀ ਤਾਂ ਉਸੇ ਦਿਨ ਹੀ ਆਂਢਣਾਂ-ਗੁਆਢਣਾਂ ਵਿਚ ਦੰਦ ਕਥਾ ਸ਼ੁਰੂ ਹੋਈ ਸੀ ........"ਨੀ ਬਲਾ ਸੋਹਣੀ ਏ, ਜੀਤ ਦੀ ਵਹੁਟੀ। ਤਿੱਖਿ-ਤਿੱਖਿ ਨੱਕ 'ਤੇ ਕੋਕਾ ਤੇ ਨੱਥ ਦਾ ਬਲਾ ਸੋਹਣੀ ਲੱਗਦੀ ਏ......।"

"........ਰੰਗ ਵੀ ਤਾਂ ਗੋਰਾ-ਗੋਰਾ ਪਿਆ ਏ। ਹੱਥ ਲਾਇਆਂ ਮੈਲੀ ਹੋ ਜੂ ਗੀ।"

".....ਕੁੜੇ ਹਰਨਾਮੀ ਦੇ ਤਾਂ ਭਾਗ ਖੁੱਲ੍ਹਗੇ। ਓਧਰ ਮੁੰਡੇ ਨੇ ਬਾਹਰੋਂ ਬਥੇਰਾ ਕੁਝ ਲਿਆਂਦਾ ਏ, ਤੇ ਏਧਰ ਕੁੜੀ ਵਾਲਿਆਂ ਵੀ ਤਾਂ ਘਰ ਭਰ ਦਿੱਤਾ ਏ। ਹਰਨਾਮੀ ਤਾਂ ਹੁਣ ਹਰਨਾਮ ਕੁਰਨੀ ਬਣੀ ਫਿਰਦੀ ਏ। ਹੁਣ ਤਾਂ ਮਸਾਂ ਤੁਰਦੀ ਏ ਮਟਕ ਮਟਕ ....।"

ਇਹੋ ਜਿਹੀਆਂ ਨੇ ਵਿਆਹ ਤੋਂ ਕੁਝ ਚਿਰ ਪਿੱਛੋਂ ਇਕ ਦਿਨ ਹਰਨਾਮੀ ਨੂੰ ਪੁੱਛਿਆ ਸੀ, "ਕੁੜੇ ਹਰਨਾਮ ਕੁਰੇ, ਕੀ ਹੋਇਆ ਏ? ਨੂੰਹ ਕੇਹੜੀ ਗੱਲੋਂ ਰੁੱਸ ਗਈ ਤੇਰੀ?"

"ਕਾਹਦੀ ਗੱਲ ਏ ਭੈਣੋਂ?" ਹਰਨਾਮੀ ਦੇ ਬੋਲਣ ਨਾਲ ਹੀ ਚਿਹਰੇ ਉੱਤੇ ਤਣਾਅ ਆ ਗਿਆ ਸੀ। "ਜਿੱਦਣ ਦੀ ਆਈ ਏ, ਬਸ! ਮੁੰਡਾ ਈ ਨਿੱਤ ਲਈ ਫਿਰਦਾ ਏ ਏਹਨੂੰ ਤਾਂ। ਜੇ ਮੈਂ ਪੁੱਛਿਆ ਤਾਂ ਅੱਗੋਂ ਆਂਹਦਾ, "ਅਸੀਂ ਸੈਲ ਕਰਦੇ ਆਂ।"ਵੱਡੇ ਸੈਲਾਂ ਪਿੱਟੇ। ਮਾਂ ਦੇ ਨਹੁੰਆਂ ਵਿਚ ਤਾਂ ਉਵੇਂ ਦੀ ਉਵੇਂ ਸੁਆਹ ਫਸੀ ਰਹਿੰਦੀ ਏ, ਭਾਂਡੇ ਮਾਂਜਦਿਆਂ। ਦੱਸ? ਨੂੰਹ ਲਿਆ ਕੇ ਮੈਨੂੰ ਕੀ ਫਾਇਆ ਹੋਇਆ?"

ਆਂਢਣਾਂ ਗੁਆਂਢਣਾਂ ਵਿਚ ਇਸ ਘਰ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਘਰ ਦੀ ਲੜਾਈ ਸੀ। ਜੀਤ ਨੇ ਨਵੇਂ ਥਾਂ 'ਤੇ ਵੱਖਰਾ ਰਹਿਣ ਦੀ ਸਕੀਮ ਨਾਲ ਕੋਠੀ ਉਸਾਰਣ ਦਾ ਕੰਮ ਵਿਚ ਲਿਆ ਗਿਆ ਸੀ। ਪਰ, ਵਿਚ ਵਿਚਾਲੇ ਆਈ ਮੌਤ ਨੇ ਅਧੂਰੀ ਕੋਠੀ ਡਰਾਉਣਾ ਢਾਰਾ ਬਣਾ ਕੇ ਰੱਖ ਦਿੱਤੀ ਸੀ।

ਸੱਥ ਵਿਚ ਮਾਰੇ ਗਏ ਮਨੁੱਖਾਂ ਦੀ ਜ਼ਿੰਦਗੀ ਦੇ ਪੰਨਿਆਂ ਨੂੰ ਫਰੋਲਣ ਵਾਲੇ, ਜਾਣ-ਪਛਾਣ ਵਾਲੇ ਲੋਕ ਸਨ। ਮੂੰਹ-ਜ਼ੁਬਾਨੀ ਇਤਿਹਾਸ ਬਣਾ ਰਹੇ ਸਨ। ਗੁਰਦਵਾਰਾ ਸਾਹਿਬ ਵਿਖੇ ਅੰਤਿਮ ਅਰਦਾਸ ਤੋਂ ਬਾਅਦ ਵੀ ਇਤਿਹਾਸ ਦੇ ਪੰਨੇ ਫਰੋਲੇ ਜਾ ਰਹੇ ਸਨ। ਜ਼ੁਬਾਨੀ ਲਿਖੇ ਜਾ ਰਹੇ ਸਨ। ਅੰਤਿਮ ਅਰਦਾਸ ਤੋਂ ਦੂਜੇ ਦਿਨ ਹੀ ਸੱਥ ਵਿਚ ਜੱਗਾ ਬੋਲ ਰਿਹਾ ਸੀ। "ਨਾਜ਼ਰ ਮਾਸਟਰ ਬਹੁਤ ਸਿਆਣਾ ਬੰਦਾ ਸੀ। ਇਕ ਵਾਰ ਦੀ ਗੱਲ ਐ, ਮੈਂ ਸੁਣਾਉਣੈਂ। ਬੜਾ ਚਿਰ ਹੋ ਗਿਆ ਏ ਇਉਂ ਲੱਗਦੈ। ਪਿੰਡ ਵਿਚ ਮਰਦਮਸ਼ੁਮਾਰੀ ਵਾਲੇ ਆਏ ਸੀ। ਉਹਨਾਂ ਨੇ ਮੈਨੂੰ ਨਾਲ ਲੈ ਲਿਆ, ਤੇ ਅਸੀਂ ਨਾਜ਼ਰ ਮਾਸਟਰ ਦੇ ਘਰ ਗਏ। ਮਾਸਟਰ ਨੇ ਪਹਿਲਾਂ ਪਾਣੀ ਪਿਲਾਇਆ, ਫਿਰ ਚਾਹ। ਤੇ ਫਿਰ ਆਰਾਮ ਨਾਲ ਮੰਜੇ 'ਤੇ ਚੌਂਕੜਾ ਮਾਰ ਬੈਠ ਕੇ ਬੋਲਿਆ, "ਬਈ ਬੰਦਾ ਉਹੀ ਏ, ਜਿਹੜਾ ਸੱਚ ਬੋਲਦਾ ਏ। ਈਮਾਨਦਾਰ ਏ। ਕਿਸੇ ਨਾਲ ਲੜਾਈ ਨਹੀਂ। ਝਗੜਾ ਨਹੀਂ। ਸਰਕਾਰ ਨੂੰ ਚਾਹੀਦਾ ਏ ਕਿ ਸਮਾਜ ਸੁਧਾਰ ਲਈ ਕੰਮ ਕਰੇ। ਲੋਕਾਂ ਦੀਆਂ ਮੁਢਲੀਆਂ ਲੋੜਾਂ, ਆ ਗੁੱਲੀ, ਕੁੱਲੀ ਅਤੇ ਜੁੱਲੀ ਦੇਵੇ। ਆ ਆਬਾਦੀ ਬਹੁਤ ਹੋਈ ਏ। ਏਹਨੂੰ ਘੱਟ ਕਰਨ ਲਈ ਲੋਕਾਂ ਨੂੰ ਜਾਗ੍ਰਿਤ ਕਰੇ। ਦੱਸੋ ਭਲਾ! ਆ ਗਿਣਤੀਆਂ-ਮਿਣਤੀਆਂ ਨਾਲ ਮਸਲੇ ਹੱਲ ਹੋ ਜਾਣਗੇ। ਸਾਡੇ ਮੁਲਕ ਨੂੰ ਤਾਂ ਆ ਅਨਪੜ੍ਹਤਾ ਈ ਖੋਰਾ ਲਾਈ ਜਾਂਦੀ ਏ।"

ਐਕਟਰ ਦੀ ਅਦਾਕਾਰੀ ਤਰ੍ਹਾਂ ਹੀ ਜੱਗੇ ਨੇ ਲੰਮਾ ਡਾਇਲਾਗ ਅਤੇ ਮਾਸਟਰ ਨਾਜ਼ਰ ਸਿੰਘ ਦਾ ਅੰਦਾਜ਼ ਪੇਸ਼ ਕਰ ਦਿੱਤਾ ਸੀ। ਸੁਨਣ ਵਾਲੇ ਜੱਗੇ ਵੱਲ ਵੇਖੀ ਜਾਂਦੇ ਸਨ। ਜੱਗਾ ਵੀ ਗੱਲ ਸੁਣਾਉਂਦਾ-ਸੁਣਾਉਂਦਾ ਮਾਸਟਰ ਨਾਜ਼ਰ ਸਿੰਘ ਹੀ ਬਣ ਗਿਆ ਸੀ। ਇਸੇ ਸਮੇਂ ਹੀ ਜੈਲੇ ਨੇ ਸਾਈਕਲ ਰੋਕ ਲਿਆ ਸੀ। ਸ਼ਰਾਬ ਦੀ ਹਵਾੜ ਸਾਰੀ ਸੱਥ ਵਿਚ ਫੈਲ ਗਈ ਸੀ।

"ਓ ਕਿਵੇਂ ਸਿਰ ਸੁੱਟੀ ਬੈਠੇ ਓ?" ਸ਼ਰਾਬੀ ਜੈਲੇ ਦੇ ਬੋਲ ਸਨ।

ਸੱਥ ਵੱਲੋਂ ਨਾ ਕੋਈ ਬੋਲਿਆ ਤਾਂ ਉਹ ਆਪ ਸ਼ੁਰੂ ਹੋ ਗਿਆ ਸੀ। "........ਕੈਲਾ ਸਾਡਾ, ਨਿੱਕੇ ਹੁੰਦੇ ਤੇ ਈ ਤੁਸੀਂ ਦੇਖਿਆ ਏ, ਜਵਾਂ ਈ ਨਈਂ ਸੀ ਕੁਸਕਦਾ। ਬਾਪੂ ਸਾਡਾ ਤਾਂ ਹਰ ਵਕਤ ਵੱਢ-ਖਾਣ ਨੂੰ ਆਉਂਦਾ ਸੀ। ਕੈਲਾ ਆਸੇ-ਪਾਸੇ ਹੋ ਜਾਂਦਾ ਸੀ। ਤੇ ਮੈਂ, ਮੈਂ ਤਾਂ ਬਾਪ ਨਾਲ ਲੜ ਪੈਂਦਾ ਸੀ। ਪਰ ਕੈਲਾ ਬੜਾ ਸਕੀਮੀ ਸੀ, ਘਰੋਂ ਬਾਹਰ ਜਾਣ ਲੱਗਿਆ ਈ, ਬੇਬੇ ਨੂੰ ਦੱਸ ਕੇ ਬਾਹਰ ਨਿਕਲਦਾ ਸੀ।"



ਬੋਲਦੇ-ਬੋਲਦੇ ਜੈਲੇ ਦਾ ਬੋਲ ਭਾਰਾ ਹੋ ਗਿਆ ਸੀ। ਤੇ ਉਹ ਚੁੱਪ ਵੀ ਹੋ ਗਿਆ ਸੀ। ਜਦ ਨਾ ਕੋਈ ਬੋਲਿਆ ਤਾਂ ਉਸ ਫਿਰ ਤੋਂ ਬੋਲਣਾ ਸ਼ੁਰੂ ਕਰ ਦਿੱਤਾ। "ਬੱਸ, ਆ ਕੁੜੀ (ਭੈਣ) ਵਿਆਹੀ ਗਈ ਤਾਂ ਸਾਡੀ ਵੀ ਐਸੀ.ਵੈਸੀ ਲੜੋ-ਲੜਾਈ ਤੇਜ਼ ਹੋ ਗਈ ਸੀ। ਕੈਲੇ ਦੇ ਘਰੋਂ ਬੜੀ ਸਾਊ ਐ, ਚੁੱਪ ਕਰ ਰਹਿੰਦੀ ਸੀ। ਜਨਾਨੀਆਂ ਦੀ ਰੋਜ਼ ਦੀ ਲੜਾਈ ਤੋਂ ਅੱਕੇ ਕੈਲੇ ਨੇ ਅੱਕ ਕੇ ਈ ਆ ਬਾਹਰਲੀ ਵੀਹੀ 'ਤੇ ਘਰ ਬਣਾਇਆ ਸੀ। ਉਂਝ ਉਹ ਆਪ ਦੂਜੇ-ਤੀਜੇ ਦਿਨ ਅੰਦਰਲੇ ਘਰ ਆ ਕੇ ਬੈਠਦਾ ਸੀ। ਬੇਬੇ ਨਾਲ ਗੱਲਾਂ ਕਰਦਾ ਰਹਿੰਦਾ ਸੀ। ਆ ਵਿਚਾਰਾ ਨਹੱਕਾ ਮਾਰਿਆ ਗਿਆ। ਹਲੇ ਆ ਜੁਆਕ ਤਾਂ ਮਸ਼ੌਰ ਨੇ।"

ਜੈਲੇ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਗ ਰਹੇ ਸਨ। ਉਲਝੇ ਵਾਲਾਂ ਦੀ ਕਰੜ-ਬਰੜੀ ਦਾੜ੍ਹੀ ਵਿਚ ਹੰਝੂ ਡਿੱਗੀ ਜਾਂਦੇ ਸਨ। ਸੱਥ ਵਾਲੇ ਪਹਿਲਾਂ ਤਰ੍ਹਾਂ ਹੀ ਚੁੱਪ ਸਨ। ਅੱਖਾਂ ਪੂੰਝਦਾ ਤੇ ਸਾਈਕਲ ਰੇੜ੍ਹਦਾ ਹੋਇਆ ਜੈਲਾ ਤੁਰ ਪਿਆ ਸੀ। ਲੋਕ ਵੀ ਤੁਰਨ ਲੱਗ ਪਏ ਸਨ। ਥੋੜ੍ਹੇ ਸਮੇਂ ਵਿਚ ਹੀ ਸੱਥ ਭਾਂ-ਭਾਂ ਕਰਨ ਲੱਗ ਪਈ ਸੀ। ਤੁਰਨ ਲੱਗਿਆਂ ਤੇ ਅਮਲੀ ਨੇ ਇਕ ਗੱਲ ਸੁਣਾ ਦਿੱਤੀ ਸੀ। ਗੱਲ ਵਿਚ ਸੁਆਦ ਵੇਖ ਸਭ ਰੁਕ ਗਏ ਸਨ। ਅਮਲੀ ਕਹਿ ਰਿਹਾ ਸੀ, "ਬਈ ਇਕ ਵਾਰ ਦੀ ਗੱਲ ਏ, ਏਹ ਕੈਲੇ ਮਿਸਤਰੀ ਨੇ ਤਾਂ ਕਮਾਲ ਈ ਕਰਾ ਤੀ ਸੀ। ਪਿੰਡ ਵਿਚ ਇਕ ਕੰਪ (ਕੈਂਪ) ਲੱਗਿਆ ਸੀ। ਕੰਪ ਵਾਲੇ ਆਖ ਰਹੇ ਸਨ ਕਿ ਨਿਆਣੇ ਘੱਟ ਜੰਮੋ। ਤੇ ਉਦੋਂ ਆ ਕੈਲੇ ਨੇ ਕਿਹਾ ਸੀ, "ਬਈ ਮੈਂ ਤਾਂ ਘੱਟ ਈ ਜੰਮੇ ਨੇ। ਇਕ ਮੁੰਡਾ ਤੇ ਦੋ ਕੁੜੀਆਂ ਈ ਨੇ ਮੇਰੀਆਂ ਤਾਂ। ਮੈਂ ਤਾਂ ਬਈ ਧਿਆਨ ਰੱਖਦਾ ਆਂ।"

ਅਮਲੀ ਦੀ ਗੱਲ ਸੁਣ ਕੇ ਸਭ ਹੱਸਦੇ-ਹੱਸਦੇ ਤੁਰੇ ਸਨ। ਤੁਰਦਿਆਂ-ਤੁਰਦਿਆਂ ਇਕ ਨੇ ਕਿਹਾ ਸੀ, "ਵਾਹ ਬਈ, ਵਾਹ! ਅਮਲੀਆ ਬੜੀ ਟਿਕਾਣੇ ਦੀ ਸੁਣਾਈ ਏ।"

ਤੇ ਅੱਗੋਂ ਮੋੜਵਾਂ ਉੱਤਰ ਅਮਲੀ ਦੇ ਦਿੱਤਾ ਸੀ, "ਏਹ ਤਾਂ ਠੀਕ ਏ, ਪਰ ਆਪਾਂ ਤਾਂ ਆਂਹਨੇ ਆਂ ਕਿ ਬਈ ਛੀ-ਸੱਤ ਨਿਆਣੇ ਹੋਣ, ਕੰਮ ਨੂੰ ਹੱਥ ਪਵਾਉਣਗੇ। ਪਰ ਕੌਣ ਸੋਚਦੈ ਕਿ ਇੱਕ ਦੋ ਦੇ ਪੋਤੜੇ ਈ ਮਸਾਂ ਧੋਏ ਜਾਂਦੇ ਨੇ। ਤੇ ਅੱਗੋਂ ਹੋਰ ਜੋੜੀਆਂ ਬਣਾਉਣ ਲਈ ਜ਼ੋਰ ਲਾਈ ਜਾਣਗੇ।"

"ਬਈ ਅਮਲੀ ਸਿਹਾਂ, ਤੇਰੇ ਕੇਹੜੇ ਲੱਤਾਂ ਨੂੰ ਚਿੰਬੜਦੇ ਨੇ। ਨਾ ਰੰਨ, ਨਾ ਕੰਨ। ਲੱਗਾ ਏ ਸਮਝਾਉਣੀਆਂ ਦੇਣ ਵੱਡਾ ਬਿਦਵਾਨ।"

ਅਜਿਹੇ ਹਾਸੇ ਮਾਖੌਲ ਵਿਚ ਤੁਰਦੇ-ਤੁਰਦੇ ਸਭ ਵਿਛੜ ਗਏ ਸਨ।

ਦੋ ਕੁ ਦਿਨਾਂ ਬਾਅਦ ਅਮਲੀ ਤੁਰਿਆ ਜਾ ਰਿਹਾ ਸੀ। ਦੁਪਹਿਰ ਢਲ ਗਈ ਸੀ। ਅਮਲੀ ਨੇ ਕਰਨੈਲ ਮਿਸਤਰੀ ਦੇ ਘਰ ਅੱਗੋਂ ਲੰਘਦਿਆਂ ਰੋਣ ਅਤੇ ਚੀਕ-ਚਿਹਾੜੇ ਦੀ ਆਵਾਜ਼ ਸੁਣ ਪੈਰ ਰੋਕ ਲਏ ਸਨ। ਉਸ ਵੇਖਿਆ, ਕਰਨੈਲ ਮਿਸਤਰੀ ਦੀ ਘਰਵਾਲੀ ਨੇ ਰੋ-ਰੋ ਕੇ ਅੱਖਾਂ ਸੁਜਾਈਆਂ ਹੋਈਆਂ ਸਨ। ਰੋਂਦੇ ਜੁਆਕ ਵੇਖੇ ਸਨ। ਵਿਹੜੇ ਵਿਚਕਾਰ, ਤੂਤ ਦੀ ਛਾਂ ਹੇਠ ਅਮਲੀ ਖੜ੍ਹਾ ਸੀ। ਮਿਸਤਰੀ ਦੀ ਘਰਵਾਲੀ ਦੇ ਬੋਲ ਕੰਨਾਂ ਨਾਲ ਟਕਰਾਉਂਦੇ ਅਮਲੀ ਸੁਣ ਰਿਹਾ ਸੀ। "ਵੇ ਮੁੰਡਿਆ ਦੇਖ ਲੈ, ਪਿਉ ਤੇਰਾ, ਕਿਵੇਂ ਸਮਝਾਉਂਦਾ ਹੁੰਦਾ ਸੀ ਤੇ ਪੜ੍ਹਾਈ ਨੂੰ ਬਹੁਤ ਚੰਗਾ ਆਖਦਾ ਹੁੰਦਾ ਸੀ। ਤੈਨੂੰ ਆਖਦਾ ਹੀ ਰਹਿੰਦਾ ਸੀ, "ਪੜ੍ਹ ਲੈ, ਪੜ੍ਹ ਲੈ! ਚੰਗਾ ਰਹੂਗਾ। ਕਿਸੇ ਛਾਂ ਵਾਲੇ ਕਿੱਤੇ ਜੋਗਾ ਹੋ ਜੇ ਗਾ। ਸਾਨੂੰ ਤਾਂ ਕਿਸੇ ਨਈਂ ਪੜ੍ਹਾਇਆ। ਅਸੀਂ ਤਾਂ ਪੜ੍ਹਾਉਂਣਐ ਆਂ ਤੈਨੂੰ ਕੀ ਪੜ੍ਹ। ਸਾਰਿਆਂ ਨੇ ਇੱਟਾਂ ਈ ਭੰਨਣੀਆਂ ਨੇ? ਪਿਉ-ਦਾਦੇ ਤਾਂ ਭੰਨਦੇ ਈ ਰਹੇ ਨੇ। ਤੂੰ ਨਾ ਭੰਨੀਂ। ਪੜ੍ਹ ਕੇ ਛਾਂ ਵਾਲੇ ਕਿੱਤੇ ਜੋਗਾ ਹੋ ਜਾ।"

ਮਿਸਤਰੀ ਦੇ ਸੁਪਨਿਆਂ ਨੂੰ ਰੋਂਦੀ ਹੋਈ ਬੋਲਦੀ ਸੁਣ ਰਹੀ ਸੀ। ਜਦ ਚੁੱਪ ਹੋਈ, ਅਮਲੀ ਬੋਲ ਪਿਆ ਸੀ, "ਕੁੜੇ ਬਸ ਕਰ! ਬਸ ਕਰ!" ਅਮਲੀ ਦੇ ਬੋਲਾਂ ਵਿਚ ਹੀ ਸਿੱਲ ਸੀ ਤੇ ਉਹ ਹੋਰ ਕੁਝ ਨਾ ਬੋਲ ਸਕਿਆ। ਅਮਲੀ ਧਰਤੀ 'ਤੇ ਹੀ ਬੈਠ ਗਿਆ ਸੀ। ਚਾਰ-ਚੁਫੇਰੇ ਚੁੱਪ ਵਰਤ ਗਈ ਸੀ। ਮੌਤ ਵਰਗੀ ਚੁੱਪ ਸੀ। ਦੁਪਹਿਰ ਢਲਣ ਕਰਕੇ ਤਪਸ਼ ਤਾਂ ਘਟ ਰਹੀ ਸੀ ਪਰ ਮਿਸਤਰੀ ਕਰਨੈਲ ਸਿੰਘ ਦੇ ਘਰ, ਘਰ-ਪਰਿਵਾਰ ਮੈਂਬਰ ਪਿੰਡ ਦਾ ਸਾਂਝਾ ਮਨੁੱਖ ਅਮਲੀ, ਜੋ ਛੜਾ ਬਣਾਇਆ ਗਿਆ ਸੀ। ਅਮਲੀ ਬਣਾਇਆ ਗਿਆ ਸੀ। ਜੋ ਮਜ਼ਾਕ ਦਾ ਪਾਤਰ ਬਣ ਗਿਆ ਸੀ। ਜੋ ਆਪਣੇ ਆਪ ਹੀ ਕੰਮਕਾਰ ਵਿਚ ਸਹਾਇਤਾ ਕਰਵਾਉਣੀ ਸ਼ੁਰੂ ਕਰ ਦਿੰਦਾ ਸੀ। ਅਮਲੀ ਦਾ ਮਿਸਤਰੀ ਕਰਨੈਲ ਨਾਲ ਵਧੇਰੇ ਪਿਆਰ ਸੀ। ਘਰ ਵਿਚ ਵੀ ਆਉਣ-ਜਾਣ ਸੀ ਤੇ ਅਚਨਚੇਤ ਡਿੱਗੀ ਬਿਜਲੀ, ਅਚਨਚੇਤ ਵਾਪਰੇ ਹਾਦਸੇ ਜਾਂ 1984 ਦੇ

ਬਾਅਦ ਪੈਦਾ ਹੋਏ ਦਹਿਸ਼ਤੀ ਮਾਹੌਲ ਦਾ ਲਾਭ ਉਠਾਉਣ ਵਾਲਿਆਂ ਦਾ ਸ਼ਿਕਾਰ ਹੋਏ, ਅਜਿਹੇ ਅਨੇਕਾਂ ਬੋਲ ਸਨ। ਅਜਿਹੇ ਅਨੇਕਾਂ ਮਨਘੜਤ ਫੈਸਲੇ ਸਨ। ਮੌਕੇ ਦਾ ਗਵਾਹ ਇਕ ਵੀ ਨਹੀਂ ਸੀ। ਅਮਲੀ ਕਰਨੈਲ ਮਿਸਤਰੀ ਦੀ ਘਰਵਾਲੀ ਅਤੇ ਬੱਚਿਆਂ ਦਾ ਰੋਣ ਚੀਕ-ਚਿਹਾੜਾ ਸੁਣ ਰੁਕ ਗਿਆ ਸੀ। ਉਹਨਾਂ ਦੇ ਘਰ ਤੂਤ ਦੀ ਛਾਂ ਥੱਲੇ ਖੜ੍ਹ ਗਿਆ ਸੀ। ਉਹ ਆਖ ਰਿਹਾ ਸੀ, "ਕੁੜੇ ਚੁੱਪ ਕਰ। ਆ ਜੁਆਕਾਂ ਨੂੰ ਚੁੱਪ ਕਰਾ। ਓਸ ਸੱਚੇ ਪਾਤਸ਼ਾਹ ਨੂੰ ਜੋ ਮੰਜ਼ੂਰ।"

ਰੋਣਾ ਬੰਦ ਹੋ ਗਿਆ ਸੀ। ਅਮਲੀ ਬੋਲ ਰਿਹਾ ਸੀ, "ਇੱਕ ਵਾਰ ਦੀ ਗੱਲ ਏ ਕੁੜੇ, ਆਪਣੇ ਮਿਸਤਰੀ ਕਰਨੈਲ ਸਿਹੁੰ ਤੋਂ ਕਿਸੇ ਨੇ ਸਾਈਕਲ ਮੰਗਿਆ। ਪਤਾ, ਅੱਗੋਂ ਆਪਣਾ ਕਰਨੈਲ ਸਿਹੁੰ ਕੀ ਬੋਲਿਆ, ਆਂਹਦਾ, ਬਈ ਲੈ ਤਾਂ ਜਾ ਬੇਸ਼ਕ ਦੀ। ਪਰ, ਇੱਕ ਗੱਲ ਐ, ਮੈਂ ਕਿਸੇ ਨੂੰ ਸਾਈਕਲ ਦੇਂਦਾ ਨਈਂਗਾ। ਲੈ ਕੇ ਜਾਣ ਵਾਲਾ ਛੇਤੀ ਮੁੜਦਾ ਨਈਂਗਾ। ਏਸ ਲਈ ਭਾਈ ਆਪਣਾ ਤਾਂ ਕੋਰਾ ਜਵਾਬ ਐ। ਗੁੱਸੇ ਰਹਿ ਜਾਂ ਰਾਜ਼ੀ।" ਇਉਂ ਭਾਈ ਕਰਨੈਲ ਸਿਹੁੰ ਤਾਂ ਦਿਲ ਦਾ ਸਾਫ਼ ਬੰਦਾ ਸੀ। ਗੱਲ, ਮੂੰਹ 'ਤੇ ਕਹਿ ਦਿੰਦਾ ਸੀ।"

ਬੀਬੋ ਨੇ ਅਮਲੀ ਦੀ ਗੱਲ ਵਿਚ ਵਾਧਾ ਕਰਦਿਆਂ ਕਹਿ ਦਿੱਤਾ ਸੀ "ਭਾਈ ਜੀ, ਓ ਤਾਂ ਐਹੋ ਜਿਹਾ ਸੀ ਕਿ ਕਈ ਵਾਰ ਤਾਂ ਹਵਾ ਕੱਢ ਕੇ ਖੜਾ ਦਿੰਦਾ ਸੀ ਸਾਈਕਲ ਨੂੰ। ਤੇ ਅਗਲੇ ਨੂੰ ਮੰਗਣ ਵਾਲੇ ਨੂੰ ਕਹਿ ਦਿੰਦਾ ਸੀ, ਏਹ ਤਾਂ ਪੰਚਰ ਆ।"

ਸਾਰੇ ਹੱਸ ਪਏ ਸਨ। ਮਿੰਨਾ-ਮਿੰਨਾ ਹਾਸਾ ਸੀ।

ਹੋਰ ਤਿੰਨ-ਚਾਰ ਦਿਨਾਂ ਬਾਅਦ ਸੱਥ ਵਿਚ ਅਮਲੀ ਪੂਰੇ ਜੋਸ਼ ਨਾਲ ਬੋਲ ਕੇ ਗੱਲਾਂ ਸੁਣਾ ਰਿਹਾ ਸੀ, "ਬਈ ਕਰਨੈਲ ਮਿਸਤਰੀ ਚਾਹੁੰਦਾ ਸੀ ਕਿ ਮੁੰਡਾ ਪੜ੍ਹ ਲਿਖ ਜਾਵੇ। ਕਿਧਰੇ ਛਾਵੇਂ ਬਹਿ ਕੇ ਕੰਮ ਕਰੇ। ਪਰ ਕਿੱਥੇ? ਓ ਤਾਂ ਹੁਣ ਸ਼ਹਿਰ ਜਾ ਲੱਕੜ ਮਿਸਤਰੀ ਨਾਲ ਕੰਮ ਸਿੱਖਣ ਦੀ ਸਲਾਹ ਕਰ ਰਿਹਾ ਏ। ਪੜ੍ਹਨਾ ਛੱਡ ਦੇਣਾ ਏ। ਕੈਲੇ ਦੀ ਘਰਵਾਲੀ ਕਹਿੰਦੀ ਹੈ ਕਿ ਫੀਸਾਂ ਕੌਣ ਭਰੂ। ਪੜ੍ਹਾਈ ਦਾ ਬੜਾ ਈ ਖਰਚਾ ਏ। ਪਿਉ-ਪੜ੍ਹਾਉਣਾ ਚਾਹੁੰਦਾ ਸੀ ਪਰ ਬਣ ਕੀ ਗਿਆ ਏ। ਦੇਖ ਲੈ ਬੰਦੇ ਦੀ ਕਿਸਮਤ?"

ਗੱਲਾਂ ਚੱਲਦੀਆਂ ਵਿਚ ਨਾਜ਼ਰ ਮਾਸਟਰ ਦੀ ਕੁੜੀ ਦਾ ਜ਼ਿਕਰ ਆ ਗਿਆ ਸੀ। ਕਹਿਣ ਵਾਲਾ ਕਹਿ ਰਿਹਾ ਸੀ, "ਬਈ, ਉਸ ਵਿਚਾਰੀ ਵੱਲ ਦੇਖ ਲੈ? ਪੜ੍ਹੀ-ਲਿਖੀ ਏ। ਉਹਨੂੰ ਵੀ ਕੋਈ ਨੌਕਰੀ ਨਈਂ ਮਿਲਦੀ ਕਿਧਰੇ।"

"ਨਾਲੇ ਆਂਹਦੇ ਨੇ, ਸਰਕਾਰੀ ਨੌਕਰੀ ਵਾਲੇ ਦੇ ਮਰਨ ਮਗਰੋਂ ਉਸਦੇ ਜੁਆਕ ਨੂੰ ਨੌਕਰੀ ਦੇ ਦੇਂਦੇ ਨੇ?"

"ਲੈ ਬਈ, ਅਮਲੀ ਬੋਲਿਆ, "ਸਾਰੇ ਜਾਣ ਵਾਲੇ ਤਾਂ ਮਰ ਗਏ। ਹੁਣ ਔਖ ਤਾਂ ਮਗਰਲਿਆਂ ਨੂੰ ਐ। ਕੈਲੇ ਮਿਸਤਰੀ ਦਾ ਮੁੰਡਾ ਦਿਹਾੜੀਆਂ ਲਾਉਣ ਜੋਗਾ ਰਹਿ ਗਿਆ। ਨਾਜ਼ਰ ਮਾਸਟਰ ਸਰਕਾਰੀ ਨੌਕਰ ਸੀ। ਉਹਦੀ ਕੁੜੀ ਵੀ ਸਰਕਾਰ ਦੇ ਮੂੰਹ ਵੱਲ ਵੇਖੀ ਜਾਂਦੀ ਏ।"

ਸੱਜਣ ਸਿੰਘ ਫੌਜੀ ਆਪਣਾ ਤਜਰਬਾ ਸਾਂਝਾ ਕਰਨ ਲੱਗਾ, "ਸਰਕਾਰ ਵੀ ਆਪਣੇ ਹਿਸਾਬ-ਕਿਤਾਬ ਨਾਲ ਕੰਮ ਕਰਦੀ ਏ। ਸਰਕਾਰ ਚਲਾਉਣੀ ਬਹੁਤ ਔਖੀ ਏ। ਕਹਿੰਦੇ ਨੇ ਆ ਨਿਹੱਕੇ ਮਾਰੇ ਜਾਣ ਵਾਲਿਆਂ ਲਈ ਸਰਕਾਰ ਕੁਝ ਮਦਦ ਦੇਂਦੀ ਏ। ਬਾਕੀ ਅਰਜ਼ੀ ਦੇਣੀ ਪਊ। ਗੇੜੇ ਮਾਰੇ ਪੈਣਗੇ। ਫਿਰ ਕਿਧਰੇ ਸੁਣਵਾਈ ਹੋਊਗੀ।"

ਝੱਟਪੱਟ ਹੀ ਅਮਲੀ ਬੋਲਿਆ, "ਬਈ ਫੌਜੀ ਪਿਆਰਿਆ, ਕੁੜੀ ਦਫ਼ਤਰਾਂ ਵਿਚ ਜਾਵੇ। ਅਰਜ਼ੀ ਦੇਵੇ। ਵੱਢੀ ਦੇਵੇ ਚਾਰ ਰੁਪੈ। ਤਾਂ ਈ ਸੁਣਵਾਈ ਹੋਊ। ਨਈਂ ਤਾਂ ਕੌਣ ਸਿਆਣ ਕੱਢਦੈ।"

ਗੱਲ ਸੁਣ ਸਭ ਹੱਸ ਪਏ ਸਨ। ਫੌਜੀ ਚੁੱਪ ਵੱਟ ਗਿਆ ਸੀ। ਅਮਲੀ ਨੇ ਫ਼ਿਰ ਬੋਲਣਾ ਸ਼ੁਰੂ ਕਰ ਦਿੱਤਾ ਸੀ, "ਹੋਰ ਕਿੰਨੇ ਮਰੀ ਜਾਣ, ਕੋਈ ਮਾਰੀ ਜਾਵੇ।"

ਰੁਕ ਕੇ ਸਭਨਾਂ ਨੂੰ ਚੁੱਪ ਵੇਖ, ਅਮਲੀ ਬੋਲ ਰਿਹਾ ਸੀ, "ਜੀਹਨੂੰ ਨਈਂ ਨੌਕਰੀ ਮਿਲਣੀ, ਉਹਨੇ ਤਾਂ ਕੋਈ ਹੋਰ ਢੋ-ਮੇਲਾ ਬਣਾਉਣੈ ਈ ਬਣਾਉਣੈ, ਪਰ ਜਿਸਨੂੰ ਨੌਕਰੀ ਮਿਲਣੀ ਚਾਹੀਦੀ ਏ, ਉਹਨੂੰ ਤਾਂ ਉਂਝ ਹੀ ਟਰਕਾਈ ਜਾਂਦੇ ਨੇ। ਦੱਸ! ਏਥੇ ਕੀ ਕਰੂਗਾ ਕੋਈ ਬੰਦਾ। ਏਥੇ ਤਾਂ ਸਾਰਾ ਤਾਣਾ ਈ ਉਲਝਿਆ ਹੋਇਆ ਏ। ਬਿਨਾਂ ਕੰਮ ਕੀਤਿਆਂ ਤੋਂ ਲੱਗਣਗੀਆਂ ਕਲਗੀਆਂ।"

ਅਮਲੀ ਬੋਲ ਰਿਹਾ ਸੀ। ਬਾਕੀ ਸਭ ਦੇ ਸਭ ਚੁੱਪ ਸਨ। •

ਪਿੰਡ ਤੇ ਡਾਕਖਾਨਾ ਧਰਮਕੋਟ (ਮੋਗਾ)





# ਅਜੂਬਿਆਂ ਦੇ ਅੰਗ-ਸੰਗ

ਪ੍ਰੋ. ਸੁਖਪਾਲ ਸਿੰਘ ਥਿੰਦ

ਟਰਾਂਟੋ ਪਹੁੰਚੇ ਤਾਂ ਇਥੇ ਅਜੀਬ ਹੀ ਨਜ਼ਾਰਾ ਮੱਥੇ ਲੱਗਾ। ਸਭ ਪਾਸੇ ਇਕ ਤਰ੍ਹਾਂ ਹਾਹਾਕਾਰ ਮਚੀ ਹੋਈ ਸੀ। ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਸਨ। ਛੋਟੇ ਚੌਕਾਂ ਵਿੱਚ ਪੁਲਿਸ ਮੁਲਾਜ਼ਮਾਂ ਦੀ ਥਾਂ ਆਮ ਲੋਕ ਟਰੈਫਿਕ ਸਿਗਨਲ ਦੇ ਰਹੇ ਸਨ। ਸਾਰੀ ਫਿਜ਼ਾ ਇਉਂ ਸਹਿਮੀ-ਸਹਿਮੀ ਜਾਪ ਰਹੀ ਸੀ ਜਿਵੇਂ ਟਰਾਂਟੋ 'ਤੇ ਹਮਲਾ ਹੋ ਗਿਆ ਹੋਵੇ। ਸੜਕਾਂ 'ਤੇ ਹੂਟਰ ਵਜਾਉਂਦਿਆਂ ਕਮਲਿਆਂ ਵਾਂਗ ਏਧਰ-ਓਧਰ ਭੱਜੀਆਂ ਫਿਰਦੀਆਂ ਪੁਲਿਸ ਟੈਕਸੀਆਂ 'ਸੱਭ ਅੱਛਾ ਨਹੀਂ' ਕਹਿੰਦੀਆਂ ਜਾਪ ਰਹੀਆਂ ਸਨ। ਬਲਕਾਰ ਨੇ ਕਾਰ ਦੇ ਰੇਡੀਓ ਦਾ ਸਵਿੱਚ ਆਨ ਕੀਤਾ। ਸੂਚਨਾ ਆ ਰਹੀ ਸੀ -

"ਬਿਜਲੀ ਸਪਲਾਈ ਫੇਲ੍ਹ ਹੋਣ ਕਾਰਨ ਪਿਛਲੇ ਤਿੰਨ ਘੰਟੇ ਤੋਂ ਸਾਰਾ ਟਰਾਂਟੋ ਜਾਮ ਪਿਆ ਹੈ। ਬਿਜਲੀ ਸਪਲਾਈ ਨੂੰ ਠੀਕ ਕਰਨ ਲਈ ਜੰਗੀ ਪੱਧਰ 'ਤੇ ਕੰਮ ਚੱਲ ਰਿਹਾ ਹੈ। ਸਭ ਨਾਗਰਿਕ ਇਸ ਸੰਕਟ ਦੀ ਘੜੀ ਪ੍ਰਸ਼ਾਸ਼ਨ ਨੂੰ ਸਹਿਯੋਗ ਕਰਨ ਤੇ ਕਿਸੇ ਕਿਸਮ ਦੀ ਘਬਰਾਹਟ ਦਾ ਸ਼ਿਕਾਰ ਨਾ ਹੋਣ।"

ਟਰਾਂਟੋ ਵਾਲਿਆਂ 1965 ਤੋਂ ਬਾਅਦ ਪਹਿਲੀ ਵਾਰ ਇਉਂ ਬਿਜਲੀ ਕੱਟ ਲੱਗਾ ਵੇਖਿਆ ਸੀ। ਹਰ ਪਾਸੇ ਘਬਰਾਹਟ ਅਤੇ ਸਹਿਮ ਤਾਰੂ ਸੀ। ਰਾਤੀਂ ਸਾਨੂੰ ਵੀ ਮਜਬੂਰਨ 'ਕੈਂਡਲ ਲਾਈਟ ਡਿਨਰ' ਕਰਨਾ ਪਿਆ। ਕਈ ਇਲਾਕਿਆਂ ਵਿਚ ਚੌਵੀ ਘੰਟੇ ਤੱਕ ਵੀ ਬਿਜਲੀ ਕੱਟ ਰਿਹਾ। ਮੀਡੀਏ ਵਿਚ ਹਰ ਪਾਸੇ ਇਹੀ ਖ਼ਬਰ ਛਾਈ ਹੋਈ ਸੀ। ਪੂਰੀ ਜੰਗ ਲੱਗਣ ਵਰਗੀ ਸਥਿਤੀ ਸੀ। ਬਹੁਤੇ ਟਰਾਂਟੋ ਵਾਸੀਆਂ ਨੇ ਰਾਤ ਘਰਾਂ ਤੋਂ ਬਾਹਰ ਖੁੱਲ੍ਹੇ ਮੈਦਾਨਾਂ ਵਿਚ ਮਿੱਤਰਾਂ-ਪੜੋਸੀਆ ਨਾਲ ਗੱਪ-ਸ਼ੱਪ ਮਾਰ ਕੇ ਗੁਜ਼ਾਰੀ। ਸਵੇਰੇ ਰੇਡੀਓ 'ਤੇ ਰਾਤ ਵਾਲੇ ਅਨੁਭਵ ਦੀਆਂ ਹੀ ਗੱਲਾਂ ਸਨ। ਇੱਕ ਬੰਦਾ ਬੋਲਿਆ-

"ਮੈਂ ਚੌਦਾਂ ਅਗਸਤ ਦੀ ਰਾਤ ਪਹਿਲੀ ਵਾਰ ਦਸ ਸਾਲਾਂ ਤੋਂ ਆਪਣੇ ਗੁਆਂਢ ਰਹਿੰਦੇ ਪੜੋਸੀ ਨਾਲ ਬੋਲਿਆ। ਅਸੀਂ ਸੰਕਟ ਦਾ ਇਹ ਸਮਾਂ ਸਾਰੀ ਰਾਤ ਘਰ ਮੂਹਰਲੀ ਪਾਰਕ ਵਿਚ ਗੱਪਾਂ ਮਾਰ ਕੇ ਬਿਤਾਇਆ।"

ਇੱਕ ਹੋਰ ਮਨਚਲੇ ਦੇ ਬੋਲ ਗੂੰਜੇ "ਸਾਰੀ ਰਾਤ ਟਰਾਂਟੋ 'ਚ ਹਰ ਪਾਸੇ ਸੰਘਣਾ ਹਨ੍ਹੇਰਾ ਛਾਇਆ ਰਿਹਾ ਹੈ। ਇਸ ਹਨ੍ਹੇਰੇ ਦਾ ਲੋਕਾਂ ਖੂਬ ਮਜਾ ਉਠਾਇਆ। ਦੇਖ ਲੈਣਾ ਨੌਂ ਮਹੀਨੇ ਬਾਅਦ ਟਰਾਂਟੋ 'ਚ 'ਬੇਬੀ ਬੂਮ' ਹੋਵੇਗਾ।"

ਇੱਕ ਅੱਧਖੜ ਉਮਰ ਦੀ ਔਰਤ ਦੇ ਸਹਿਮੇ ਬੋਲ ਉਭਰੇ-

"ਇਹ ਯੁੱਧ ਤੋਂ ਪਹਿਲਾਂ ਵਾਲੀ ਡਰਾਉਣੀ ਸ਼ਾਂਤੀ ਦਾ ਅਹਿਸਾਸ ਸੀ। ਮੈਂ ਬਹੁਤ ਡਰ ਗਈ ਸੀ। ਇਉਂ ਲੱਗਦਾ ਰਿਹਾ ਜਿਵੇਂ ਟਰਾਂਟੋ ਨੂੰ ਕਿਸੇ ਦੈਂਤ ਨੇ ਨਿਗਲ ਲਿਆ ਹੋਵੇ।"

ਟਰਾਂਟੋ ਵਾਸੀਆਂ ਲਈ ਇਸ ਤਰ੍ਹਾਂ ਬਿਜਲੀ ਦਾ ਗੁੱਲ ਹੋਣਾ ਕਿਸੇ 'ਅਜੂਬੇ' ਤੋਂ ਘੱਟ ਗੱਲ ਨਹੀਂ ਸੀ। ਇਸ ਬਾਰੇ ਲੰਮੀਆਂ ਚੌੜੀਆਂ ਬਹਿਸਾਂ ਹੋ ਰਹੀਆਂ ਸਨ ਅਤੇ ਇਹ ਅਜੇ ਲੰਮਾ ਸਮਾਂ ਚੱਲਣੀਆਂ ਸਨ। ਕੈਨੇਡਾ ਵਰਗੇ ਦੇਸ਼ ਵਿਚ ਇਉਂ ਬਿਜਲੀ ਦਾ ਗੁੱਲ ਹੋਣਾ ਤਾਂ ਮੈਨੂੰ ਵੀ ਅਜੀਬ ਲੱਗਾ ਪਰ ਇਹ ਮੇਰੇ ਲਈ ਕੋਈ ਐਡੀ ਅਹਿਮੀਅਤ ਦੀ ਗੱਲ ਨਹੀਂ ਸੀ। ਸਾਡੇ ਪੰਜਾਬ ਵਿਚ ਤਾਂ ਇਹ ਨਿੱਤ ਦੀ ਗੱਲ ਹੈ। ਮੈਂ ਤਾਂ ਇਸ ਸਭ ਦਾ ਪਹਿਲਾਂ ਹੀ ਚੰਗੀ ਤਰ੍ਹਾਂ ਆਦੀ ਸਾਂ। ਪਰ ਜਿਨ੍ਹਾਂ ਨੇ ਇਹ ਨਜ਼ਾਰਾ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਵੇਖਿਆ ਸੀ ਉਨ੍ਹਾਂ ਲਈ ਇਹ ਕਿਸੇ 'ਵੰਡਰ' ਤੋਂ ਘੱਟ ਨਹੀਂ ਸੀ। ਇਹੋ ਜਿਹੇ ਖਿਆਲਾਂ ਵਿਚ ਖੁੱਭਿਆਂ ਮੈਂ ਬਲਕਾਰ ਨੂੰ ਛੇੜਿਆ-

"ਦੇਖਿਆ ਸਾਡਾ ਕਮਾਲ, ਉਡਾਏ ਕਿ ਨ੍ਹੀਂ ਆਉਂਦਿਆਂ ਈ ਟਰਾਂਟੋ ਦੇ ਸਭ ਫਿਊਜ਼! ਅਸੀਂ ਤੁਹਾਡੇ ਵਰਗੇ ਬਣੀਏ ਨਾ ਬਣੀਏ ਤੁਹਾਨੂੰ ਆਪਣੇ ਵਰਗੇ ਜ਼ਰੂਰ ਬਣਾਵਾਂਗੇ।"

ਖੁਸ਼ ਹੋਣ ਦੀ ਬਜਾਇ ਬਲਕਾਰ ਡੂੰਘੀ ਸੋਚ ਵਿਚ ਬੋਲਿਆ-

"ਅਸੀਂ ਤੁਸੀਂ ਕੌਣ ਹੁੰਦੇ ਆਂ ਇਹ ਸਭ ਕਰਨ ਵਾਲੇ। ਸਰਮਾਏਦਾਰੀ ਆਪੇ ਸਭ ਫਿਊਜ਼ ਲਾਉਂਦੀ

ਉਡਾਉਂਦੀ ਹੈ। ਇਥੋਂ ਦੀ ਸਰਮਾਏਦਾਰ ਜੁੰਡਲੀ ਪਾਵਰ ਦਾ ਸਭ ਪ੍ਰਬੰਧ ਆਪਣੇ ਹੱਥਾਂ ਹੇਠ ਕਰਨਾ ਚਾਹੁੰਦੀ ਆ। ਉਹ ਚਾਹੁੰਦੀ ਆ ਲੋਕ ਕੱਟਾਂ ਤੋਂ ਪ੍ਰੇਸ਼ਾਨ ਹੋ ਕੇ ਆਪੇ ਕਹਿਣ ਲੱਗ ਪੈਣ ਕਿ ਇਹ ਸਭ ਪ੍ਰਾਈਵੇਟ ਹੱਥਾਂ 'ਚ ਦੇ ਦਿਓ। ਕੈਪਟਾਲਿਸਟ ਜਮਾਤ ਹਮੇਸ਼ਾ ਬੜੀਆਂ ਸੂਖਮ ਚਾਲਾਂ ਚੱਲਦੀ। ਹਰ ਗੱਲ ਨੂੰ ਅਜੂਬੇ ਵਾਂਗ ਪੇਸ਼ ਕਰਨ ਦਾ ਯਤਨ ਕਰਦੀ ਰਹਿੰਦੀ।"

ਗੱਲ ਮੁਕਾ ਬਲਕਾਰ ਆਪਣੇ ਕਮਰੇ 'ਚ ਤਿਆਰ ਹੋਣ ਚਲਾ ਗਿਆ। ਸਾਡੇ ਤਿਆਰ ਹੁੰਦਿਆਂ ਕਰਦਿਆਂ ਬਿਜਲੀ ਆ ਗਈ। ਮੈਂ ਚੁਟਕੀ ਲਈ-

"ਸਰਮਾਏਦਾਰਾਂ ਰਾਤ ਦੇ ਉਡਾਏ ਫਿਊਜ਼ ਤਾਂ ਲਾ ਦਿੱਤੇ ਲੱਗਦੇ ਆ। 'ਬਿਜਲੀ ਕੱਟ ਦਾ ਅਜੂਬਾ' ਨਿਬੜ ਗਿਆ ਲੱਗਦਾ। ਪ੍ਰੋਲਤਾਰੀਆਂ ਦਾ ਹੁਣ ਕੀ ਪ੍ਰੋਗਰਾਮ ਐ?"

ਬਲਕਾਰ ਖੁਸ਼ ਹੋ ਕੇ ਬੋਲਿਆ-

"ਪਹਿਲਾਂ ਮਜ਼ਦੂਰਾਂ ਦਾ ਉਸਰਿਆ ਅਜੂਬਾ ਸੀ.ਐੱਨ.ਟਾਵਰ ਦੇਖਦੇ ਆਂ ਤੇ ਫਿਰ ਕੁਦਰਤ ਦਾ ਸਿਰਜਿਆ ਨਿਆਗਰਾ ਫਾਲ।"

ਕਾਰ ਟਰਾਂਟੋ ਡਾਊਨ ਵੱਲ ਤੁਰ ਪਈ। ਡਾਊਨ ਟਾਊਨ ਦਾ ਇਲਾਕਾ ਕੈਨੇਡਾ ਦੇ ਹਰ ਸ਼ਹਿਰ ਵਿਚਲੀ ਸਮੁੱਚੀ ਸਰਗਰਮੀ ਦਾ ਕੇਂਦਰੀ ਧੁਰਾ ਹੁੰਦਾ ਹੈ। ਇਥੇ ਆਮ ਕਰਕੇ ਉੱਚੀਆਂ-ਉੱਚੀਆਂ ਬਹੁਮੰਜ਼ਿਲਾਂ ਇਮਾਰਤਾਂ ਹੁੰਦੀਆਂ ਹਨ। ਟਰਾਂਟੋ ਦੇ ਇਸ ਇਲਾਕੇ ਵਿਚ ਵੀ ਸੱਤਰ-ਸੱਤਰ ਮੰਜ਼ਲਾਂ ਵਾਲੀਆਂ ਇਮਾਰਤਾਂ ਬੜੀ ਸ਼ਾਨ ਨਾਲ ਖੜ੍ਹੀਆਂ ਹਨ। ਪਰ ਇਨ੍ਹਾਂ ਦੇ ਕੋਲ ਖੜ੍ਹੇ ਸੀ. ਐੱਨ ਟਾਵਰ ਦੀ ਸ਼ਾਨ ਬਿਲਕੁਲ ਹੀ ਵੱਖਰੀ ਹੈ। ਇਹ ਇਥੇ ਖੜ੍ਹਾ ਇਉਂ ਹੀ ਲੱਗਦਾ ਹੈ ਜਿਵੇਂ ਕਿਸੇ ਮੇਲੇ ਵਿਚ ਦਸ ਫੁੱਟ ਦਾ ਬੰਦਾ ਤੁਰਿਆ ਫਿਰਦਾ ਲੱਗੇ। ਸੁਭਾਵਿਕ ਸੀ ਕਿ ਇਸ ਇਲਾਕੇ ਵਿਚ ਪਹੁੰਚਦਿਆਂ ਹੀ ਮੇਰੀਆਂ ਅੱਖਾਂ ਦਾ ਐਂਟੀਨਾ ਟਾਵਰ ਦੇ ਐਂਟੀਨੇ ਦੀ ਬੁਲੰਦੀ ਨਾਲ ਟਕਰਾਉਂਦਾ। ਪਰ ਇਸ ਭੇੜ ਲਈ ਪੱਗ ਨੂੰ ਹੱਥ ਦੇ ਕੇ ਡਿੱਗਣੋਂ ਬਚਾਉਣਾ ਪਿਆ। ਟਾਵਰ ਦੀ ਬੁਲੰਦੀ ਤੱਕਦਿਆਂ ਹੈਰਾਨੀ ਨਾਲ ਮੂੰਹੋਂ ਨਿਕਲਿਆ-

"ਬੱਲੇ ਬੱਲੇ! ਐਡਾ ਉੱਚਾ ਟਾਵਰ! ਇਹ ਤਾਂ ਰੱਬ ਦੇ ਢਿੱਡ 'ਚ ਮੋਰਾ ਕਰਨ ਨੂੰ ਫਿਰਦਾ।"

ਟਾਵਰ ਦੀ ਉਚਾਈ ਨੇ ਸੱਚਮੁਚ ਹੀ ਇਕ ਵਾਰ ਦੰਦਾਂ ਥੱਲੇ ਉਂਗਲਾਂ ਲੈ ਕੇ ਸੋਚਣ ਲਈ ਮਜਬੂਰ ਕਰ ਦਿੱਤਾ। ਸੋਚਦੇ ਵੀ ਕਿਉਂ ਨਾ? ਇਹ ਕੋਈ ਛੋਟੀ ਮੋਟੀ ਉਚਾਈ ਥੋੜਾ ਸੀ। ਸਾਹਮਣੇ ਅਠਾਰਾਂ ਸੌ ਪੰਦਰਾਂ ਫੁੱਟ ਤੋਂ ਵੀ ਪੰਜ ਇੰਚ ਵੱਧ ਉੱਚਾ ਟਾਵਰ ਖੜ੍ਹਾ ਸੀ। ਟਾਵਰ ਬਣੇ ਨੂੰ ਸਤਾਈ ਸਾਲ ਹੋ ਗਏ ਸਨ ਤੇ ਅੱਜ ਤੱਕ ਵੀ ਸੰਸਾਰ ਭਰ ਵਿਚ ਇਸ ਤੋਂ ਵੱਧ ਉਚਾਈ ਦਾ ਟਾਵਰ ਹੋਰ ਕਿਤੇ ਨਹੀਂ ਸੀ ਬਣ ਸਕਿਆ। ਇਸ ਕਰਕੇ ਹੀ ਦੁਨੀਆ ਦੇ ਆਧੁਨਿਕ ਸੱਤ ਅਜੂਬਿਆਂ ਵਿਚ ਇਸਦਾ ਸ਼ੁਮਾਰ ਕੀਤਾ ਜਾਂਦਾ ਹੈ। ਐਵੇਂ ਦੁਨੀਆ ਕਿੱਥੇ ਮੰਨਦੀ ਹੈ? ਇਹਨੂੰ ਮਨਾਉਣ ਲਈ ਹੱਥਾਂ 'ਤੇ ਸਰ੍ਹੋਂ ਜਮਾ ਕੇ ਦਿਖਾਉਣੀ ਪੈਂਦੀ ਹੈ। ਕੈਨੇਡਾ ਵਾਲਿਆਂ ਨੇ ਇਹ ਸਰ੍ਹੋਂ ਹੱਥਾਂ 'ਤੇ ਜਮਾ ਕੇ ਹੀ ਨਹੀਂ ਸਗੋਂ ਅੱਧ ਅਸਮਾਨ ਤੱਕ ਹਵਾ 'ਚ ਖਲਾਰ ਕੇ ਵੀ ਸਾਰੀ ਦੁਨੀਆ ਨੂੰ ਦਿਖਾਈ ਸੀ। ਫਿਰ ਇਵੇਂ ਵੀ ਨਹੀਂ ਸੀ ਕੀਤਾ ਕਿ ਹਰ ਆਏ ਗਏ ਕੋਲੋਂ ਮਾਤਾ ਦੇ ਦਰਸ਼ਨਾਂ ਵਾਂਗੂੰ ਦੂਰੋਂ-ਦੂਰੋਂ ਮੱਥਾ ਟਿਕਾਈ ਤੁਰੇ ਜਾਣ। ਇਹ ਕਹਿਣ ਦੀ ਵੀ ਜ਼ਰੂਰਤ ਨਹੀਂ ਸੀ ਪਈ ਕਿ ਇਹ ਕਿਸੇ 'ਗੈਬੀ ਸ਼ਕਤੀ' ਆਸਰੇ ਖੜ੍ਹਾ ਹੈ ਜਾਂ ਜੀਸਸ ਨੇ ਆਪ ਥੰਮਿਆ ਪਿਆ ਹੈ। ਉਹ ਤਾਂ ਹਰ ਆਏ ਗਏ ਨੂੰ ਉੱਪਰ ਜਾ ਕੇ ਇਸਦੇ ਅੰਗ-ਅੰਗ ਨੂੰ ਸਪਰਸ਼ ਕਰਨ ਦਾ ਮੌਕਾ ਦੇ ਰਹੇ ਹਨ। ਇਸਦੀ ਬੁਲੰਦੀ ਨੂੰ ਦਿਖਾ ਮਨੁੱਖ ਅੰਦਰ ਧਰਤੀ ਤੋਂ ਉੱਚਾ ਉੱਠ ਜਾਣ ਦੇ ਸੁਪਨਿਆਂ ਨੂੰ ਬੀਜਦੇ ਹਨ। ਜਿਹੜਾ ਕੁਝ ਧਰਤੀ 'ਤੇ ਖੜ੍ਹਿਆ ਬਹੁਤ ਬੁਲੰਦ-ਬੁਲੰਦ ਜਾਪਦਾ ਹੈ ਉਸਨੂੰ ਟਾਵਰ ਤੋਂ ਅੱਖਾਂ ਵਿਚ ਭਰ ਕੇ ਤੱਕਣ ਦਾ ਮੌਕਾ ਦੇ ਕੇ ਇਹ ਸਮਝਾਉਂਦੇ ਹਨ ਕਿ 'ਕੋਈ ਚੀਜ਼ ਉਦੋਂ ਤੱਕ ਹੀ ਬੁਲੰਦ ਹੈ ਜਦ ਤੱਕ ਤੁਸੀਂ ਆਪ ਉਸ ਤੋਂ ਛੋਟੇ ਹੋ।'

ਇਹੋ ਜਿਹੀਆਂ ਸਮਝ ਭਰੀਆਂ ਗੱਲਾਂ ਸਿੱਖਣ ਦੇ ਮੌਕੇ ਤਾਂ ਮੈਂ ਲੱਭਦਾ ਰਹਿੰਦਾ ਹਾਂ। ਇਸ ਸਭ ਦੀ ਖਿੱਚ ਹੀ ਤਾਂ ਮੈਨੂੰ ਸੱਠ ਸੱਤਰ ਹਜ਼ਾਰ ਖਰਚ ਕੇ ਵੀ ਇਥੇ ਆਉਣ ਲਈ ਉਡਾਈ ਲਿਆਈ ਸੀ।

ਇਹ ਰਾਤ ਹੋਏ 'ਬਲੈਕ ਆਊਟ' ਦਾ ਅਸਰ ਸੀ ਕਿ ਅੱਜ ਇਥੇ ਜ਼ਿਆਦਾ ਭੀੜ ਨਹੀਂ ਸੀ। ਉਂਜ ਤਾਂ



ਇਥੇ ਯਾਤਰੂਆਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਜਿਸ ਅਜੂਬੇ ਨੂੰ ਸਾਲ ਭਰ ਵਿਚ 20 ਲੱਖ ਲੋਕ ਤੱਕਣ ਲਈ ਆਉਂਦੇ ਹੋਣ ਉਥੇ ਅਜਿਹੀਆਂ ਲਾਈਨਾਂ ਲੱਗਣੀਆਂ ਸੁਭਾਵਿਕ ਗੱਲ ਹੈ। ਟਿਕਟ ਕਟਾ ਕੇ ਅੰਦਰ ਦਾਖਲ ਹੋਣ ਲੱਗੇ ਤਾਂ ਕਾਫੀ ਸਖ਼ਤ ਚੈਕਿੰਗ 'ਚੋਂ ਲੰਘਣਾ ਪਿਆ। ਇਹ ਸਭ ਦੁਨੀਆ ਭਰ ਨੂੰ ਹਿਲਾ ਦੇਣ ਵਾਲੇ '9/11 ਅਮਰੀਕੀ ਅਟੈਕ' ਤੋਂ ਬਾਅਦ ਵਾਪਰਿਆ ਸੀ। ਭਲੇ ਵੇਲਿਆਂ ਨੂੰ ਯਾਦ ਕਰਦਾ ਬਲਕਾਰ ਬੋਲਿਆ-

"ਇਹ ਬੜੇ ਸਾਊ ਬੰਦਿਆਂ ਦਾ ਦੇਸ਼ ਸੀ। ਐਡੀ ਖਾਸ ਬਿਲਡਿੰਗ ਵਿਚ ਵੀ ਬਿਨਾਂ ਚੈਕਅਪ ਤੋਂ ਚਲੇ ਜਾਈਦਾ ਸੀ। ... ਹੁਣ ਤਾਂ ਗੱਲਾਂ ਹੀ ਬਦਲਗੀਆਂ।"

ਕੁਝ ਕਦਮ ਅੱਗੇ ਜਾ ਕੇ 'ਐਲੀਵੇਟਰ' ਵਿਚ ਜਾ ਚੜ੍ਹੇ। ਇਹ ਬਾਰਾਂ ਸੌ ਫੁੱਟ ਇਕ ਮਿੰਟ ਵਿਚ ਜਾ ਚੜ੍ਹਿਆ। ਇਸ ਨੇ ਸਾਡੀ ਮੰਜ਼ਲ 'ਲੁਕ ਆਉਟ ਚੈਂਬਰ' ਵਿਚੋਂ ਇਕ ਮਿੰਟ ਵਿਚ ਦੋ ਸਕਿੰਟ ਰਹਿੰਦਿਆਂ ਹੀ ਪਹੁੰਚਾ ਦਿੱਤਾ। ਉਪਰ ਚੜ੍ਹਦਿਆਂ ਹੇਠਲੀਆਂ ਚੀਜ਼ਾਂ ਸਕਿੰਟਾਂ ਵਿਚ ਹੀ ਸੁੰਗੜ ਕੇ ਛੋਟੀਆਂ ਹੋ ਗਈਆਂ। ਇਵੇਂ ਜਿਵੇਂ ਅਸਲ ਚੀਜ਼ਾਂ ਦੀ ਥਾਂ ਉਨ੍ਹਾਂ ਦੇ ਛੋਟੇ-ਛੋਟੇ ਮਾਡਲ ਟਿਕਾ ਦਿੱਤੇ ਹੋਣ।

ਜਦ 1136 ਫੁੱਟ ਉਪਰ ਜਾ ਕੇ 'ਲੁੱਕ ਆਉਟ ਚੈਂਬਰ' ਦੇ ਸ਼ੀਸ਼ਿਆਂ ਥਾਣੀ ਬਾਹਰ ਦੇਖਿਆ ਤਾਂ 70,000 ਬੰਦਿਆਂ ਦੇ ਬੈਠਣ ਦੀ ਸਮਰੱਥਾ ਵਾਲੇ ਨਜ਼ਦੀਕ ਬਣੇ ਸਪੋਰਟਸ ਕੰਪਲੈਕਸ ਦਾ ਡੋਮ ਇਉਂ ਜਾਪਿਆ ਜਿਵੇਂ ਹਾਕੀ ਦਾ ਬਾਲ ਹੋਵੇ। ਆਲੇ ਦੁਆਲੇ ਖੜ੍ਹੀਆਂ ਸਕਾਈ ਸਕਰੇਪਰ ਇਮਾਰਤਾਂ ਇਉਂ ਪ੍ਰਤੀਤ ਹੋਈਆਂ ਜਿਵੇਂ ਤੀਲੀਆਂ ਦੀਆਂ ਡੱਬੀਆਂ ਨੂੰ ਇਕ ਦੂਜੇ ਦੇ ਉਪਰ ਟਿਕਾਇਆ ਹੋਵੇ। ਪਾਰਕ ਕੀਤੀਆਂ ਕਾਰਾਂ ਬੱਚਿਆਂ ਦੀਆਂ ਛੋਟੀਆਂ-ਛੋਟੀਆਂ ਖਿਡੌਣਾ ਕਾਰਾਂ ਵਾਂਗ ਜਾਪੀਆਂ। ਆਸ-ਪਾਸ ਫੈਲੀ ਝੀਲ ਵਿਚ ਨਜ਼ਰ ਆਉਂਦੇ ਟਾਪੂ ਘਾਹ ਦੇ ਛੋਟੇ-ਛੋਟੇ ਲਾਅਨਾਂ ਵਾਂਗ ਪ੍ਰਤੀਤ ਹੋਏ। ਝੀਲ ਕੋਲ ਬਣੇ ਹੈਲੀਪੈਡ 'ਤੇ ਉਤਰ ਰਿਹਾ ਹੈਲੀਕਾਪਟਰ ਅਸਮਾਨ ਵਿਚੋਂ ਉਡਾਰੀ ਮਾਰ ਕੇ ਧਰਤੀ 'ਤੇ ਬੈਠਣ ਲਈ ਖੰਭ ਫੈਲਾਏ ਪੰਛੀਆਂ ਵਾਂਗ ਜਾਪਿਆ।

ਇਸ ਉਚਾਈ ਤੋਂ ਵੀ 330 ਫੁੱਟ ਹੋਰ ਉੱਪਰ 'ਸਕਾਈ, ਪੌਡ' ਬਣਿਆ ਹੋਇਆ ਹੈ। ਕਹਿੰਦੇ ਨੇ ਕਿ ਸਾਫ਼ ਮੌਸਮ ਵਿਚ ਇਥੋਂ ਨਿਆਗਰਾ ਫਾਲ ਤੱਕ ਨਜ਼ਰ ਆ ਜਾਂਦਾ ਹੈ। ਬਿਜਲੀ ਕੱਟ ਦਾ ਪ੍ਰਭਾਵ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਸੀ ਹੋਇਆ। ਹੌਲੀ-ਹੌਲੀ ਜਾਮ ਹੋਇਆ ਸਭ ਸਿਸਟਮ ਹੌਲੀ-ਹੌਲੀ ਹਰਕਤ ਵਿਚ ਆ ਰਿਹਾ ਸੀ। ਅੱਜ ਦੇ ਦਿਨ ਲਈ ਸਕਾਈ ਪੌਡ ਨੂੰ ਬੰਦ ਕੀਤਾ ਹੋਇਆ ਸੀ। ਪਰ ਮੈਂ ਤਾਂ ਏਨੀ ਬੁਲੰਦੀ ਨਾਲ ਹੀ ਪੂਰਾ ਖੁਸ਼ ਸਾਂ। ਹੋਰ ਉੱਪਰ ਜਾ ਕੇ ਹੋਰ ਵੱਖਰਾ ਵੀ ਕੀ ਹੋ ਜਾਣਾ ਸੀ? ਸਭ ਦੇਖੀਆਂ ਚੀਜ਼ਾਂ ਹੋਰ ਛੋਟੀਆਂ ਲੱਗਣ ਲੱਗ ਪੈਣੀਆਂ ਸਨ! ਬੱਦਲਵਾਈ ਦਾ ਮੌਸਮ ਹੋਣ ਕਰਕੇ ਨਿਆਰਗਾ ਫਾਲ ਨਾ ਤਾਂ 'ਲੁੱਕ ਆਊਟ ਚੈਂਬਰ' ਤੋਂ ਹੀ ਨਜ਼ਰ ਪੈਂਦਾ ਸੀ ਤੇ ਨਾ ਹੀ ਇਸ 'ਸਕਾਈ ਪੌਡ' ਤੋਂ ਦਿਸਣਾ ਸੀ। ਪਰ ਬਲਕਾਰ ਨੂੰ ਇਸ ਗੱਲ ਦਾ ਅਫਸੋਸ ਲੱਗ ਗਿਆ। ਉਹ ਕਹਿਣ ਲੱਗਾ-

"ਐਡੀ ਨੇੜੇ ਆ ਕੇ ਪੂਰੀ ਉਚਾਈ ਨੂੰ ਮਾਨਣ ਦਾ ਮੌਕਾ ਨਸੀਬ ਨਹੀਂ ਹੋਇਆ। ਹੋਰ ਉਚਾਈ ਮਾਣ ਲੈਂਦੇ ਤਾਂ ਚੰਗਾ ਸੀ।"

ਲੁੱਕ ਆਊਟ ਚੈਂਬਰ ਦੇ ਰੈਸਟੋਰੈਂਟ ਵਿਚ ਬੈਠ ਕੇ ਆਲੇ-ਦੁਆਲੇ ਦੇ ਨਜ਼ਾਰੇ ਨੂੰ ਅੱਖਾਂ 'ਚ ਵਸਾਉਂਦਿਆਂ ਮੈਂ ਕਿਹਾ-

"ਬੰਦੇ ਨੂੰ ਏਨੀ ਬੁਲੰਦੀ 'ਤੇ ਵੀ ਨਹੀਂ ਅੱਪੜ ਜਾਣਾ ਚਾਹੀਦਾ ਕਿ ਬਾਕੀਆਂ ਦੀ ਹੋਂਦ ਹੀ ਤੁੱਛ ਜਿਹੀ ਲੱਗਣ ਲੱਗ ਪਵੇ।"

ਬਲਕਾਰ ਵੀ ਮੇਰੇ ਵਾਂਗ ਰੁਮਾਂਚਿਤ ਹੋਇਆ ਫਿਲਾਸਫਰ ਬਣ ਬੈਠਿਆ-

"ਛੋਟਿਆਂ ਬੰਦਿਆਂ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਹੁੰਦੀਆਂ। ਹਰ ਗੱਲ ਨਾਲ ਝੱਟ ਰੀਝ ਜਾਂਦੇ। ਆਪਾਂ ਸਭ ਏਦਾਂ ਦੇ ਈ ਆਂ। ਪਰ ਇਹ ਕੌਮ ਇਵੇਂ ਨਹੀਂ ਸੰਤੁਸ਼ਟ ਹੁੰਦੀ। ਹਰ ਚੀਜ਼ ਵਿਚ ਹੋਰ ਜ਼ਿਆਦਾ ਐਡ ਕਰਨ ਦੀ ਭੁੱਖ ਹੀ ਇਨ੍ਹਾਂ ਦੇ ਵਿਕਾਸ ਦਾ ਕਾਰਨ ਹੈ। ਸਪੀਡ ਹੋਵੇ, ਹਾਈਟ ਹੋਵੇ ਗੱਲ ਕੀ ਜ਼ਿੰਦਗੀ

ਦੇ ਹਰ ਫੀਲਡ 'ਚ 'ਲਿਟਲ ਮੋਰ' ਦੀ ਹੰਗਰ ਇਨ੍ਹਾਂ ਨੂੰ ਟਿਕਣ ਨਹੀਂ ਦਿੰਦੀ। ਇਨ੍ਹਾਂ 'ਚ ਰਹਿ ਕੇ ਹੀ ਪਤਾ ਲੱਗਦਾ ਹੈ ਕਿ ਇਹ ਕਿੰਨੇ ਕ੍ਰੀਏਟਿਵ ਆ। ਪਹੀਏ ਤੇ ਹਵਾ ਤੋਂ ਜਿੰਨਾ ਕੰਮ ਇਸ ਕੌਮ ਨੇ ਲਿਆ ਉਨ੍ਹਾਂ ਕੋਈ ਹੋਰ ਸੋਚ ਵੀ ਨਹੀਂ ਸੀ ਸਕਦਾ। .... ਮੈਨੂੰ ਤਾਂ ਕਈ ਵਾਰ ਲੱਗਦਾ ਜੇ ਇਹ ਲੋਕ ਨਾ ਹੁੰਦੇ ਤਾਂ ਦੁਨੀਆ ਨੇ ਅੱਜ ਤਾਈਂ ਜਾਂਗਲੀਆਂ ਵਾਲੀ ਜ਼ਿੰਦਗੀ ਹੀ ਜੀਵੀ ਜਾਣੀ ਸੀ।"

ਮੈਨੂੰ ਲੱਗਾ ਜਿਵੇਂ ਸੀ. ਐੱਨ. ਟਾਵਰ ਦੀ ਰੋਮਾਂਚਕਾਰੀ ਬੁਲੰਦੀ ਦਾ ਰੋਮਾਂਚ ਬਲਕਾਰ ਅੰਦਰ ਵੀ ਭਰ ਗਿਆ ਹੋਵੇ। ਉਹ ਤਨੋਂ-ਮਨੋਂ ਇਥੋਂ ਦੇ ਲੋਕਾਂ ਤੋਂ ਪ੍ਰਭਾਵਿਤ ਹੋਇਆ ਪਿਆ ਸੀ।

'ਲੁੱਕ ਆਊਟ ਚੈਂਬਰ' ਦੇ ਇੱਕ ਬੰਨਿਉ ਪੌੜੀਆਂ ਉਤਰ ਕੇ ਅਸੀਂ ਪੰਦਰਾਂ ਕੁ ਫੁੱਟ ਹੇਠਾਂ ਆ ਗਏ। ਇਥੇ ਸ਼ੀਸ਼ੇ ਦਾ ਫਰਸ਼ ਲੱਗਾ ਹੋਇਆ ਸੀ। ਇਸ ਵਿਚੋਂ ਥੱਲੇ ਦਾ ਨਜ਼ਾਰਾ ਸਾਫ਼ ਦਿਸਣ ਲੱਗਾ। ਇਸ 'ਤੇ ਪੈਰ ਧਰਨ ਦਾ ਪਹਿਲਾ ਅਨੁਭਵ ਇਵੇਂ ਹੀ ਸੀ ਜਿਵੇਂ ਹਵਾ ਵਿਚ ਸਵਾ ਸੌ ਗਿਆਰਾਂ ਫੁੱਟ ਉੱਚੇ ਉੱਡ ਰਹੇ ਬੰਦੇ ਦੇ ਪੈਰਾਂ ਥੱਲਿਉਂ ਸਭ ਕੁਝ ਖਿੱਚ ਲਿਆ ਜਾਵੇ। ਜਿਵੇਂ ਉਸ ਨੇ ਏਡੀ ਉਚਾਈ ਤੋਂ ਘੜੰਮ ਕਰਕੇ ਥੱਲੇ ਆ ਡਿਗਣਾ ਹੋਵੇ। ਇਸ ਕਲਪਨਾ ਨਾਲ ਹੀ ਕੰਗਰੋੜ ਵਿਚ ਕੁਝ ਠੰਡਾ ਜਿਹਾ ਰੀਂਘ ਕੇ ਲੰਘ ਗਿਆ। ਭਾਵੇਂ ਕੰਧ ਤੇ ਫਰਸ਼ ਕੋਲ ਮੋਟਾ ਕਰਕੇ ਲਿਖਿਆ ਸੀ ਕਿ ਇਸ ਫਰਸ਼ ਵਿਚ ਚੌਦਾਂ ਹਾਥੀਆਂ ਦਾ ਭਾਰ ਸੰਭਾਲਣ ਦੀ ਮਜ਼ਬੂਤੀ ਹੈ। ਇਸ ਉੱਤੇ ਕੁਝ ਮਨਚਲੇ ਕਿਲਕਾਰੀਆਂ ਮਾਰਦੇ ਤੁਰ ਫਿਰ ਰਹੇ ਸਨ ਪਰ ਪਤਾ ਨਹੀਂ ਕਿਉਂ ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮੇਰੇ ਪੈਰ ਰੱਖਣ ਦੀ ਦੇਰ ਹੈ ਸਭ ਫਰਸ਼ ਨੇ ਕਿਰਚ-ਕਿਰਚ ਕਰਕੇ ਟੁੱਟ ਜਾਣਾ। ਸਭ ਤੁਰੇ ਫਿਰਦਿਆਂ ਨੇ ਹਵਾ 'ਚ ਲੋਟਣੀਆਂ ਲੈਂਦਿਆਂ ਧੜੰਮ ਕਰਕੇ ਟੁੱਟ ਜਾਣਾ। ਫਿਰ ਕਿੰਨ੍ਹੇ ਕਿਹਦੀ ਮਾਂ ਨੂੰ ਮਾਸੀ ਆਖਣਾ। ਇਹੋ ਜਿਹੀ ਸੋਚ ਦੇ ਆਉਂਦਿਆਂ ਹੀ ਦਿਲ ਧੰਦਕ ਕੇ ਬੈਠਣ ਲੱਗ ਪਿਆ। ਬਲਕਾਰ ਦੀ ਛੇ ਸਾਲ ਦੀ ਬੇਟੀ ਬਲਰੂਪ ਨੂੰ ਫਰਸ਼ 'ਤੇ ਆਰਾਮ ਨਾਲ ਤੁਰੇ ਫਿਰਦਿਆਂ ਤੱਕ ਮਨ ਨੇ ਕਿਹਾ-

"ਵਾਹ ਉਏ ਸੁਖਪਾਲ ਸਿਆਂ। ਤੈਥੋਂ ਤਾਂ ਇਹ ਛੋਟੀ ਜਿਹੀ ਬੱਚੀ ਚੰਗੀ ਆ।"

ਬਲਰੂਪ ਤੋਂ 'ਪ੍ਰੇਰਨਾ' ਲੈਂਦਿਆਂ ਮੈਂ ਮਨ ਨੂੰ ਕਰੜਾ ਕਰਕੇ ਅਤੇ ਸਾਰੀ ਸ਼ਕਤੀ ਜੁਟਾ ਕੇ ਬਿਨਾਂ ਹੇਠ ਦੇਖਿਆ ਆਪਣਾ ਸੱਜਾ ਪੈਰ ਇਸ 'ਮਹਾਨ' ਕੰਮ ਲਈ ਵਧਾ ਦਿੱਤਾ। ਕੁਝ ਵੀ ਨਹੀਂ ਸੀ ਹੋਇਆ। ਫਿਰ ਖੱਬਾ ਪੈਰ ਵੀ ਵਧਾ ਦਿੱਤਾ। ਫਿਰ ਹੌਲੀ-ਹੌਲੀ ਤੁਰਨ ਲੱਗ ਪਿਆ। ਇਉਂ ਕੁਝ ਤੁਰਨ ਉਪਰੰਤ ਥੱਲੇ ਨੂੰ ਦੇਖਣ ਦਾ ਹੌਸਲਾ ਵੀ ਕੱਢ ਲਿਆ। ਮਨ ਵਿਚਲਾ ਸਾਰਾ ਡਰ ਹੌਲੀ-ਹੌਲੀ ਮੁਸ਼ਕ ਕਪੂਰ ਵਾਂਗ ਉੱਡ ਗਿਆ। ਪੰਜਾਂ ਮਿੰਟਾਂ ਬਾਅਦ ਮੈਂ ਵੀ ਜਾਪਾਨੀ ਬੱਚਿਆਂ ਤੇ ਬਲਰੂਪ ਸੰਗ ਇਸ ਅਸਮਾਨੀ ਫਰਸ਼ 'ਤੇ ਨੱਚਣ ਲੱਗ ਪਿਆ। ਬਲਕਾਰ ਵੀ ਸਾਡਾ ਸਾਥ ਦੇਣ ਲੱਗ ਪਿਆ। ਮੈਂ ਬਲਕਾਰ ਨੂੰ ਕਿਹਾ-

"ਇਹ ਡਰ ਬੜੀ ਕੁੱਤੀ ਸ਼ੈਅ ਆ। ਬਾਹਰਲੇ ਡਰਾਂ ਨਾਲੋਂ ਸਾਡੇ ਅੰਦਰਲੇ ਡਰ ਜ਼ਿਆਦਾ ਖਤਰਨਾਕ ਨੇ? ਅੰਦਰਲੇ ਡਰਾਂ ਨੂੰ ਜਿੱਤਣ ਬਿਨਾਂ ਬੰਦਾ ਵੱਡੇ ਕੰਮ ਨਹੀਂ ਕਰ ਸਕਦਾ।"

ਥੱਲੇ ਉਤਰੇ ਤਾਂ ਇਕ ਵਾਰ ਫਿਰ ਟਾਵਰ ਨੂੰ ਪੂਰੀ ਤਰ੍ਹਾਂ ਅੱਖਾਂ ਵਿਚ ਭਰ ਕੇ ਤੱਕਣ ਦੀ ਰੀਝ ਜਾਗੀ। ਇਉਂ ਤੱਕਦਿਆਂ ਹੀ ਮੰਤਰ ਮੁਗਧ ਹੋਇਆਂ ਬੋਲ ਮੇਰੇ ਮੂੰਹੋਂ ਕਿਰੇ-

"ਬੰਦੇ ਨੂੰ ਵੀ ਇਸ ਟਾਵਰ ਜਿਹਾ ਹੋਣਾ ਚਾਹੀਦਾ। ਉਸਦੇ ਪੈਰ ਹਮੇਸ਼ਾ ਧਰਤੀ ਉੱਤੇ ਤੇ ਸਿਰ ਆਕਾਸ਼ ਵਿਚ ਗੱਡਿਆ ਹੋਣਾ ਚਾਹੀਦਾ।"

ਸੀ. ਐੱਨ. ਟਾਵਰ ਤੋਂ ਕਾਰ ਪਾਰਕਿੰਗ ਵੱਲ ਤੁਰੇ ਜਾਂਦਿਆਂ ਮੇਰੇ ਮਨ ਵਿਚ ਬਾਰ-ਬਾਰ ਇਹ ਖਿਆਲ ਘੁੰਮਣ ਲੱਗਾ ਕਿ ਜਿਸ ਅਸਮਾਨੀ ਫਰਸ਼ ਉੱਤੇ ਚੜ੍ਹਨ ਲੱਗਿਆਂ ਇਕ ਵਾਰ ਮੇਰਾ ਅੰਦਰ ਤੱਕ ਹਿੱਲ ਗਿਆ ਸੀ ਉਸ ਸਭ ਨੂੰ ਉਸਾਰਨ ਵਾਲੇ ਬੰਦੇ ਕਿਹੋ ਜਿਹੇ ਜਿਗਰੇ ਦੇ ਮਾਲਕ ਹੋਣਗੇ? ਉਨ੍ਹਾਂ ਇਸ ਤੋਂ ਵੀ ਸੱਤ ਸੌ ਫੁੱਟ ਹੋਰ ਉੱਪਰ ਜਾ ਕੇ ਇਹ ਸਭ ਕਿਵੇਂ ਫਿੱਟ ਕੀਤਾ ਹੋਊ? ਇਹ ਸਭ ਸੋਚਦਿਆਂ ਮੈਂ ਇਕ ਵਾਰ ਫਿਰ ਪਿੱਛੇ ਮੁੜਕੇ ਟਾਵਰ ਨੂੰ ਧਿਆਨ ਨਾਲ ਵੇਖਿਆ। ਟਾਵਰ ਬਣਾਉਣ ਵਾਲੇ ਸਮੂਹ ਕਾਮਿਆਂ ਨੂੰ ਸਲੂਟ ਮਾਰਨ ਲਈ ਮੇਰਾ ਹੱਥ ਮੱਲੋ-ਮੱਲੀ ਉੱਠ ਗਿਆ।

ਦੁਪਹਿਰੇ ਖਾਣ-ਪੀਣ ਦਾ ਕੰਮ ਨਿਬੇੜਨ ਉਪਰੰਤ ਨਿਆਗਰਾ ਫਾਲ ਲਈ ਚੱਲ ਪਏ। ਅਮਰੀਕਾ-



ਕੈਨੇਡਾ ਸਰਹੱਦ ਦਾ ਸੰਗਮ ਕਰਾਉਂਦਾ ਨਿਆਗਰਾ ਫਾਲ ਬਲਕਾਰ ਦੇ ਘਰੋਂ ਕੋਈ 2 ਘੰਟੇ ਦੀ ਦੂਰੀ 'ਤੇ ਹੈ। ਇਸ ਸ਼ਹਿਰ ਵਿਚ ਸੈਲਾਨੀਆਂ ਨੂੰ ਅਕਸਰ ਲਿਜਾਣ ਲਿਆਉਣ ਕਾਰਨ ਉਹ ਇਸ ਸਭ ਤੋਂ ਭਲੀਭਾਂਤ ਜਾਣੂ ਸੀ।

ਸ਼ਹਿਰ ਵਿਚ ਦਾਖਲ ਹੁੰਦਿਆਂ ਹੀ ਦਿਲ ਕਹਿਣ ਲੱਗਾ ਕਿ ਦੁਨੀਆ ਦੇ ਸ੍ਰੇਸ਼ਠ ਕੁਦਰਤੀ ਅਜੂਬੇ ਨੂੰ ਆਪਣੀ ਗੋਦ ਵਿਚ ਪਨਾਹ ਦਿੰਦੇ ਸ਼ਹਿਰ ਨੂੰ ਇਹੋ ਜਿਹਾ ਹੀ ਹੋਣਾ ਚਾਹੀਦਾ ਹੈ। ਝਰਨਾ ਅਜੇ ਦੂਰ ਸੀ ਪਰ ਸੜਕਾਂ 'ਤੇ ਲੰਘਦਿਆਂ ਇਵੇਂ ਜਾਪਿਆ ਜਿਵੇਂ ਸੁੰਦਰ ਬਾਗ ਬਗੀਚਿਆਂ ਦੇ ਸ਼ਹਿਰ ਵਿਚ ਦਾਖਲ ਹੋ ਗਏ ਹੋਈਏ। ਹਰ ਪਾਸੇ ਹਰੇ ਕਚੂਰ ਦਰੱਖਤਾਂ ਤੇ ਉਨ੍ਹਾਂ ਦੇ ਪੈਰਾਂ ਵਿਚ ਪਸਰੇ ਘਾਹ ਦੇ ਸਲੀਕੇ ਨਾਲ ਸਜਾਏ ਲਾਅਨਾਂ ਨੂੰ ਤੱਕ ਮਨ ਖਿੜ ਗਿਆ। ਸਾਰਾ ਆਲਾ ਦੁਆਲਾ ਇਵੇਂ ਸ਼ਿੰਗਾਰਿਆ ਪਿਆ ਸੀ ਜਿਵੇਂ ਕਿਸੇ ਨੇ ਸਾਰੀ ਧਰਤੀ 'ਤੇ ਸੁੰਦਰ ਮਖਮਲੀ ਹਰੇ ਰੰਗ ਦਾ ਕਾਲੀਨ ਵਿਛਾ ਦਿੱਤਾ ਹੋਵੇ। ਫੁੱਲਾਂ ਨਾਲ ਫੱਬੀਆਂ ਕਿਆਰੀਆਂ ਦੀ ਮਹਿਕ ਅਤੇ ਤਾਜ਼ਗੀ ਸਾਰੇ ਆਲੇ-ਦੁਆਲੇ ਵਿਚ ਮਸਤੀ ਦਾ ਆਲਮ ਛਿੜਕਣ ਲੱਗੀ। ਸੈਲਾਨੀਆਂ ਦੇ ਲਾਂਘੇ ਲਈ ਸੀਮਿੰਟ ਦੀਆਂ ਇੱਟਾਂ ਦੇ ਬਣੇ ਫੁੱਟਪਾਥ ਤੇ ਦੁਨੀਆ ਦੇ ਕੋਨੇ-ਕੋਨੇ ਤੋਂ ਆਏ ਲੋਕ ਚਾਵਾਂ ਮੱਤੇ ਫਿਰ ਤੁਰ ਰਹੇ ਸਨ। ਹਰ ਮਹੀਨੇ ਨਿਆਗਰਾ ਫਾਲ ਨੂੰ ਦੇਖਣ ਲਈ ਔਸਤਨ ਇਕ ਲੱਖ ਦੇ ਕਰੀਬ ਸੈਲਾਨੀ ਪਹੁੰਚਦੇ ਹਨ। ਪਰ ਇਥੋਂ ਦੀ ਸਾਂਭ ਸੰਭਾਲ ਕਰਨ ਵਾਲਿਆਂ ਨੇ ਇਹ ਗੱਲ ਧਾਰੀ ਲੱਗਦੀ ਸੀ। ਕਿ ਭਾਵੇ ਲੱਖ ਆਓ ਤੇ ਭਾਵੇ ਦੋ ਲੱਖ, ਸਫ਼ਾਈ 'ਚ ਨੁਕਸ ਕੱਢ ਕੇ ਦਿਖਾਇਓ। ਹਰ ਚੀਜ਼ ਪੂਰੀ ਤਰ੍ਹਾਂ ਲਿਸ਼ਕਾਈ ਪਈ ਸੀ। ਸਭ ਕੁਝ ਇਵੇਂ ਜਿਵੇਂ ਕਿਸੇ ਦੇ ਘਰ ਦਾ ਨਿੱਜੀ ਬਾਗ-ਬਗੀਚਾ ਹੋਵੇ। ਸ਼ਾਇਦ ਉਥੇ ਵੀ ਅਗਲਾ ਏਨੀ ਸਫ਼ਾਈ ਨਾ ਰੱਖ ਸਕੇ। ਇਥੇ ਆਉਣ ਵਾਲੇ ਵੀ ਇਹੋ ਜਿਹੇ ਸੁਹਜ ਪਸੰਦ ਬੰਦਿਆਂ ਦੀ ਕਦਰ ਪਾਉਂਦਿਆਂ ਖੁਦ ਵੀ ਸਫਾਈ ਦਾ ਪੂਰਾ ਖਿਆਲ ਰੱਖਦੇ ਜਾਪਦੇ ਸਨ। ਦੁਨੀਆ ਦਾ ਦਸਤੂਰ ਹੈ ਕਿ ਇੱਕ ਧਿਰ ਆਪਣੀ ਡਿਊਟੀ ਠੀਕ ਤਰ੍ਹਾਂ ਕਰਨ ਲੱਗ ਪਏ ਤਾਂ ਦੂਜੀ ਧਿਰ ਆਪੇ ਠੀਕ ਹੋ ਜਾਂਦੀ ਹੈ। ਮਸਲਾ ਮਜ਼ਬੂਤੀ ਨਾਲ ਪਹਿਲ ਕਰਨ ਦਾ ਹੀ ਹੁੰਦਾ ਹੈ।

ਇਹੋ ਜਿਹੇ ਆਲੇ-ਦੁਆਲੇ ਵਿਚੋਂ ਲੰਘਦਿਆਂ ਨਿਆਗਰਾ ਫਾਲ ਪਹੁੰਚਣ ਤੋਂ ਪਹਿਲਾਂ ਹੀ ਮੇਰਾ ਮਨ ਪੂਰੇ ਟਹਿਕਰੇ ਵਿੱਚ ਆ ਗਿਆ। ਕਦਮ ਚਾਅ ਨਾਲ ਫਾਲ ਦੀ ਖ਼ੂਬਸੂਰਤੀ ਦੇਖਣ ਲਈ ਉੱਠਣ ਲੱਗੇ। ਦੂਰੋਂ ਪੱਥਰਾਂ ਵਿਚਕਾਰ ਦੀ ਵਹਿ ਕੇ ਆਉਂਦਾ ਹੋਇਆ ਨਿਆਗਰਾ ਦਰਿਆ ਇਉਂ ਜਾਪਿਆ ਜਿਵੇਂ ਕਿਸੇ ਨੇ ਦੂਰ-ਦੂਰ ਤੱਕ ਧਰਤੀ ਨੂੰ ਚਿੱਟੀ ਕਲੀ ਫੇਰ ਦਿੱਤੀ ਹੋਵੇ। ਇਹੀ ਨਿਆਗਰਾ ਦਰਿਆ ਅਮਰੀਕਾ ਅਤੇ ਕੈਨੇਡਾ ਦਾ ਸੰਗਮ ਕਰਾਉਣ ਤੋਂ ਬਿਨਾਂ ਲੇਕ ਉਰੀ ਦਾ ਲੇਕ ਓਨਟਾਰੀਓ ਨਾਲ ਵੀ ਮੇਲ ਕਰਾਉਂਦਾ ਹੈ। ਇਸ ਮੇਲ ਲਈ ਇਸਨੂੰ ਛੱਤੀ ਮੀਲ ਚੱਲਣਾ ਪੈਂਦਾ ਹੈ। ਰਾਹਾਂ ਵਿਚ ਇਸ ਝਰਨੇ ਵਰਗੀਆਂ ਸੱਟਾਂ ਝੇਲਣੀਆਂ ਪੈਂਦੀਆਂ ਹਨ। ਉਂਜ ਕਹਿਣ ਨੂੰ ਝਰਨਾ ਤਾਂ ਭਾਵੇਂ ਅਮਰੀਕਾ ਵਾਲੇ ਬੰਨੇ ਵੀ ਬਣਦਾ ਹੈ ਪਰ ਕੈਨੇਡਾ ਵਾਲੇ ਝਰਨੇ ਦੀ ਸ਼ਾਨ ਹੀ ਨਿਰਾਲੀ ਹੈ। ਚੌੜਾਈ ਅਤੇ ਉਚਾਈ ਦੇ ਲਿਹਾਜ਼ ਨਾਲ ਉਹ ਇਸਦੇ ਅੱਧ ਵਿਚਕਾਰ ਵੀ ਨਹੀਂ ਅੱਪੜਦਾ। ਹੋਰ ਕਿਸੇ ਮਾਮਲੇ 'ਚ ਹੋਵੇ ਨਾ ਹੋਵੇ ਨਿਆਗਰਾ ਫਾਲ ਦੇ ਮਾਮਲੇ 'ਚ ਅਮਰੀਕਾ ਦਾ 'ਬਿਗ ਬ੍ਰਦਰਪੁਣਾ' ਜ਼ਰੂਰ ਮਾਤ ਖਾ ਜਾਂਦਾ ਹੈ। ਇਹ ਗੱਲ ਕੈਨੇਡਾ ਵਾਲੇ ਪਾਸੇ ਝਰਨਾ ਵੇਖਣ ਵਾਲਿਆਂ ਨੂੰ ਬੜੇ ਰੁਮਾਂਚ ਨਾਲ ਭਰਦੀ ਹੈ।

ਇਸ ਸਮੇਂ ਇਹੀ ਰੁਮਾਂਚ ਸਾਡੇ ਇਰਦ-ਗਿਰਦ ਫੈਲ ਗਿਆ। ਦਰਿਆ ਦੇ ਕੰਢੇ ਬਣੀ ਸੜਕ 'ਤੇ ਤੁਰਦਿਆਂ ਹਰ ਕਦਮ ਨਾਲ ਇਹ ਅਹਿਸਾਸ ਹੋਰ ਡੂੰਘਾ ਹੋਣ ਲੱਗ ਪਿਆ। ਇਸ ਅਹਿਸਾਸ ਵਿਚ ਹੀ ਅਸੀਂ ਉਸ ਥਾਂ ਪਹੁੰਚ ਗਏ ਜਿੱਥੋਂ ਦਰਿਆ ਹੇਠਾਂ ਡਿੱਗ ਕੇ ਵੱਡਾ ਸਾਰਾ ਝਰਨਾ ਬਣਾਉਂਦਾ ਹੈ। ਮੇਰੀਆਂ ਅੱਖਾਂ ਸਾਹਮਣੇ ਉਛਲਦੇ ਬਿਫਰਦੇ ਪਾਣੀ ਦਾ ਉਹ ਦ੍ਰਿਸ਼ ਰੁਕ ਗਿਆ ਜਿਹੜਾ ਮੈਂ ਫਿਲਮਾਂ ਵਿਚ ਬਹੁਤ ਵਾਰ ਪਹਿਲਾਂ ਵੀ ਵੇਖਿਆ ਹੋਇਆ ਸੀ। ਇਹ ਹੀ ਉਹ ਦ੍ਰਿਸ਼ ਸੀ ਜਿਸ ਨੇ ਮੈਨੂੰ ਕੈਨੇਡਾ ਦੇਖਣ ਲਈ ਸਿਰ ਧੜ ਦੀ ਬਾਜ਼ੀ ਲਾ ਦੇਣ ਲਈ ਕਈ ਵਾਰ ਉਕਸਾਇਆ ਸੀ। ਇਸ ਦ੍ਰਿਸ਼ ਦੇ ਪਿਛੋਕੜ ਵਿਚ ਰੋਮਾਂਟਿਕ ਗੀਤ ਗਾਉਂਦੇ ਇਕ ਦੂਜੇ ਨੂੰ ਬਾਹਾਂ ਵਿਚ ਕੱਸ-ਕੱਸ ਜਕੜਦੇ ਕਈ ਫ਼ਿਲਮਾਂ ਦੇ ਸੀਨ ਮੇਰੇ ਮਨ ਵਿਚ ਫ੍ਰੀਜ

ਹੋਏ ਪਏ ਸਨ। ਇਹੋ ਜਿਹੇ ਦ੍ਰਿਸ਼ਾਂ ਨੂੰ ਤੱਕਦਿਆਂ ਕਈ ਵਾਰ ਮਨ 'ਚ ਹੂਕ ਉੱਠੀ ਸੀ 'ਕਦੇ ਅਸੀਂ ਵੀ ਜ਼ਿੰਦਗੀ 'ਚ ਇਹੋ ਜਿਹੀਆਂ ਥਾਵਾਂ ਦੇਖਾਂਗੇ?' ਅਤੀਤ ਦਾ ਸੁਪਨਾ ਇਸ ਵੇਲੇ ਪ੍ਰਤੱਖ ਰੂਪ ਵਿਚ ਅੱਖਾਂ ਅੱਗੇ ਫੈਲਿਆ ਹੋਇਆ ਸੀ। ਮੇਰੇ ਅੰਦਰਲਾ ਬੰਦਾ ਬਾਹਰਲੇ ਖੋਲ 'ਚੋਂ ਬਾਹਰ ਨਿਕਲ ਜ਼ਿਹਨ 'ਚ ਜੰਮੇ ਦ੍ਰਿਸ਼ਾਂ ਵਾਂਗ ਝਰਨੇ ਸੰਗ ਨੱਚਣ ਟੱਪਣ ਲੱਗ ਪਿਆ। ਕੁਝ ਪਲਾਂ ਲਈ ਮੈਂ ਸੁਪਨੇ ਦੇ ਸੱਚ 'ਚ ਬਦਲਣ ਦੇ ਬਾਦਸ਼ਾਹੀ ਪਲਾਂ ਵਿੱਚ ਡੁੱਬਿਆ ਆਸ-ਪਾਸ ਤੋਂ ਬੇਖਬਰ ਹੋਇਆ ਰਿਹਾ। ਮੇਰੀ ਹਾਲਤ ਮਸਤ ਸਮਾਧੀ 'ਚ ਡੁੱਬੇ ਭੋਗੀ ਸਾਧੂ ਵਰਗੀ ਹੋਈ ਰਹੀ। ਮਨ ਨੇ ਮਸਤੀ ਦੇ ਹਜ਼ਾਰਾਂ ਸਾਗਰਾਂ ਵਿੱਚ ਪਲਾਂ 'ਚ ਹੀ ਡੁੱਬ ਤੈਰ ਲਿਆ। ਮੇਰੀ ਬਿਰਤੀ ਦੀ ਮੋਨ ਸਮਾਧੀ ਨੂੰ ਬਲਕਾਰ ਦੀ ਆਵਾਜ਼ ਨੇ ਭੰਗ ਕੀਤਾ-

"ਵੀਰ ਜੀ, ਤੁਸੀਂ ਤਾਂ ਝਰਨੇ 'ਚ ਜਮਾਂ ਈ ਖੁਭ ਬੈਠੇ ਹੋ। ਨਿਆਗਰਾ ਨੇ ਮੋਹ ਲਿਆ ਲੱਗਦਾ?"

ਸਮਾਧੀ 'ਚੋਂ ਉਭਰਦਿਆਂ ਮੈਂ ਮੋਨ ਭੰਗ ਕੀਤਾ-

"ਇਹ ਥਾਂ ਇਕੱਲਿਆਂ ਦੇ ਵੇਖਣ ਵਾਲੀ ਬਿਲਕੁਲ ਨਹੀਂ ਹੈ। ਕੋਈ ਸੰਗ-ਸਾਥ ਜ਼ਰੂਰ ਹੋਣਾ ਚਾਹੀਦਾ। ਇਥੇ ਆਣ ਕੇ ਰਮਣੀਕ ਦੀ ਘਾਟ ਸਭ ਤੋਂ ਵੱਧ ਰੜਕੀ ਆ।"

ਨਿਆਗਰਾ ਦੀ ਖ਼ੂਬਸੂਰਤੀ ਅਤੇ ਆਸ-ਪਾਸ ਇਕ ਦੂਜੇ ਦੀਆਂ ਬਾਹਾਂ ਵਿਚ ਮਚਲਦੇ ਫਿਰਦੇ ਪ੍ਰੇਮੀ ਜੋੜਿਆਂ ਨੇ ਮਾਹੌਲ ਨੂੰ ਬਹੁਤਾ ਹੀ ਰੁਮਾਂਟਿਕ ਬਣਾਇਆ ਹੋਇਆ ਸੀ। ਨਿਆਗਰਾ ਦੇ ਚਿੱਟੇ ਪਾਣੀ ਦੀ ਪੌਣੇ ਦੋ ਸੌ ਫੁੱਟ ਦੀ ਉਚਾਈ ਤੋਂ ਡਿੱਗਣ ਨਾਲ ਬਣਦੀ ਫੁਹਾਰ ਦੀ ਵਾਛੜ ਸਾਨੂੰ ਸੜਕ 'ਤੇ ਖੜ੍ਹਿਆਂ ਨੂੰ ਭਿਉਂ ਰਹੀ ਸੀ। ਉੱਪਰ ਚਮਕ ਰਹੇ ਸੂਰਜ ਅਤੇ ਤਨ ਦੀ ਤਪਸ਼ ਨਾਲ ਪੰਘਰੇ ਸਰੀਰ 'ਤੇ ਪੈ ਰਹੀ ਪਾਣੀ ਦੀ ਮਿੱਠੀ ਫੁਹਾਰ ਹਲਕੀ ਛੇੜਛਾੜ ਕਰਦੀ ਮਹਿਸੂਸ ਹੋਣ ਲੱਗੀ।

ਬਲਕਾਰ ਤੇ ਉਸਦੀ ਪਤਨੀ ਗੁਰਮੀਤ ਕੌਰ ਤਾਂ ਇਸ ਵਾਛੜ ਤੋਂ ਬਚਣ ਲਈ 'ਸੇਫ਼' ਥਾਂ ਖੜ੍ਹੇ ਹੋ ਗਏ ਪਰ ਮੈਨੂੰ ਇਸ ਫ਼ੁਹਾਰ ਵਿਚ ਭਿੱਜਣਾ ਇਸ ਸਮੇਂ ਅਲਾਹੀ ਸਰੂਰ ਦੇਣ ਲੱਗਾ। ਮੇਰੇ ਆਲੇ-ਦੁਆਲੇ ਇਹੋ ਜਿਹੇ ਨਜ਼ਾਰੇ ਵਿਚ ਡੁਬਣ ਵਾਲੇ ਹੋਰ ਵੀ ਬਥੇਰੇ ਮਤਵਾਲੇ ਸਨ। ਉਨ੍ਹਾਂ ਬਹੁਤਿਆਂ ਨੇ ਸ਼ਾਇਦ ਇਸ ਸਰੂਰ ਦੀ ਡੁਬਕੀ ਲਾਉਣ ਲਈ ਹੀ ਅੱਧ ਕੱਜਣ ਵਾਲੇ ਕੱਪੜੇ ਪਾਏ ਹੋਏ ਸਨ। ਗੋਰੇ-ਗੋਰੀਆਂ ਦੇ ਸਿਰ, ਮੂੰਹ, ਮੋਢਿਆਂ ਅਤੇ ਹਿੱਕ 'ਤੇ ਡਿੱਗਣ ਵਾਲੀ ਫੁਹਾਰ ਮੋਤੀਆਂ ਦੇ ਦਾਣਿਆਂ ਵਾਂਗ ਚਮਕ ਰਹੀ ਸੀ। ਨਿਆਗਰਾ ਅੱਜ ਖੁਦ ਵੀ ਬੜੇ ਵੇਗ ਵਿਚ ਵਗ ਰਿਹਾ ਸੀ। ਉਹ ਆਪਣੀ ਸ਼ਰਨ ਆਏ ਕਿਸੇ ਸ਼ਰਧਾਲੂ ਨੂੰ ਨਿਰਾਸ਼ ਨਹੀਂ ਸੀ ਮੋੜਨਾ ਚਾਹੁੰਦਾ। ਥੱਲੇ ਡਿੱਗ ਕੇ, ਸੱਟਾਂ ਖਾ-ਖਾ ਕੇ, ਕਿਣਕਾਂ-ਕਿਣਕਾਂ ਬਿਖਰ ਜਾਣ 'ਤੇ ਵੀ ਉਸਦੀ ਹਸਤੀ ਖਤਮ ਨਹੀਂ ਸੀ ਹੋ ਰਹੀ। ਉਹ ਸਗੋਂ ਸੂਰਜ ਦੇ ਸਾਰੇ ਰੰਗਾਂ ਨੂੰ ਆਪਣੀ ਗੋਦੀ ਬਿਠਾ ਅੱਗੇ ਤੋਂ ਵੀ ਖ਼ੂਬਸੂਰਤ ਹੋਇਆ ਪਿਆ ਸੀ। ਸੂਰਜ ਨੂੰ ਵੀ ਆਪਣੇ ਸੱਤਾਂ ਰੰਗਾਂ ਦਾ ਅਹਿਸਾਸ ਨਿਆਗਰਾ ਦੀ ਗੋਦ ਵਿਚ ਸਮਾ ਕੇ ਹੀ ਹੋਇਆ ਸੀ। ਇਸ ਫੁਹਾਰ ਵਿਚ ਬਣਦੀ-ਖੁਰਦੀ ਸਤਰੰਗੀ ਪੀਂਘ ਦੀਵਾਨਿਆਂ ਦੇ ਪੈਰਾਂ ਨੂੰ ਸੜਕ 'ਤੇ ਹੀ ਤਾਲ ਦੇਣ ਲੱਗੀ। ਸਭ ਇਸ ਦ੍ਰਿਸ਼ ਵਿਚ ਮਦਹੋਸ਼ ਹੋਏ ਝੂਮ ਰਹੇ ਸਨ। ਮੈਂ ਭਲਾ ਆਪਣੇ ਆਪ ਨੂੰ ਕਿਵੇਂ ਰੋਕ ਸਕਦਾ ਸਾਂ?

ਤਨ-ਮਨ ਨੂੰ ਠਾਰ ਜਦ ਬਲਕਾਰ ਹੋਰਾਂ ਕੋਲ ਪਹੁੰਚਿਆ ਤਾਂ ਉਹ ਜਾਂਦਿਆਂ ਹੀ ਪੁੱਛਣ ਲੱਗਾ-

"ਕਰ ਆਏ ਨਿਆਗਰਾ ਨਾਲ ਗੱਲਾਂ? ਕੀ ਕਹਿੰਦਾ ਫਿਰ ਨਿਆਗਰਾ?"

ਵਿਸਮਾਦੀ ਰੰਗ ਵਿਚ ਡੁੱਬਿਆਂ ਬੋਲ ਆਪ ਮੁਹਾਰੇ ਮੇਰੇ ਮੂੰਹ ਵਿਚ ਫੈਲੇ-

"ਸਤਰੰਗੀ ਪੀਂਘ ਤਦ ਹੀ ਬਣਦੀਆਂ ਜੇ ਨਿਆਗਰਾ ਵਾਂਗ ਸੱਟਾਂ ਖਾ ਕਿਣਕਾਂ-ਕਿਣਕਾਂ ਖਿੰਡੀਏ।"

"ਵਾਹ! ਭਾ ਜੀ ਤਾਂ ਕਵੀ ਬਣਗੇ ਪੂਰੇ?" ਗੁਰਮੀਤ ਕੌਰ ਹਲਕਾ ਜਿਹਾ ਹੱਸਦਿਆਂ ਬੋਲੀ। ਕੋਲ ਖੜ੍ਹਾ ਬਲਕਾਰ ਬੋਲਿਆ-

"ਉਹ ਅਜੂਬਾ ਕੀ ਹੋਇਆ ਜਿਸ ਨੂੰ ਦੇਖ ਕੇ ਬੰਦਾ ਉੱਡਣ ਨਾ ਲੱਗ ਜੇ।"

ਬਲਕਾਰ ਬਿਲਕੁਲ ਠੀਕ ਕਹਿ ਰਿਹਾ ਸੀ। ਮੈਂ ਭਾਵੇਂ ਹੁਣ ਉਹਨਾਂ ਦੇ ਨਾਲ ਹੀ ਤੁਰ ਫਿਰ ਰਿਹਾ ਸਾਂ ਪਰ ਮੇਰਾ ਮਨ ਫੁਹਾਰ 'ਚ ਬਣਦੀ ਸਤਰੰਗੀ ਪੀਂਘ ਨੂੰ ਫੜਦਾ ਪਿਆ ਸੀ।



# ਗ਼ਜ਼ਲਾਂ

## 1. ਬਾਬਾ ਨਜ਼ਮੀਂ

ਝੱਖੜਾਂ ਵਿੱਚ ਤੂਫਾਨਾ ਮੇਰੇ ਪੈਰ ਨਾ ਡੋਲਣ ਦੇਵੀਂ,
ਸੂਲੀ 'ਤੇ ਵੀ ਟੰਗਿਆ ਹੋਵਾਂ, ਝੂਠ ਨਾ ਬੋਲਣ ਦੇਵੀਂ।

ਇਕ ਦੂਜੇ ਦੇ ਨਾਲੋਂ ਭਾਵੇਂ, ਟੁੱਟੀ ਸਾਂਝ ਏ ਮੇਰੀ,
ਇਕ ਦੂਜੇ ਦੇ ਬਾਰੇ ਸਾਨੂੰ ਜੀਭ ਨਾ ਖੋਲਣ ਦੇਵੀਂ।

ਜਦ ਵੀ ਉੱਡਦੇ ਹੋਣ ਕਬੂਤਰ, ਠੰਡੀਆਂ ਵਿਚ ਹਵਾਵਾਂ,
ਬਿੱਲੀਆਂ ਨੂੰ ਫਿਰ ਉੱਡਣ ਦੇ ਲਈ ਪਰ ਨਾ ਤੋਲਣ ਦੇਵੀਂ।

ਦੁਸ਼ਮਣ ਵੀ ਜੇ ਮੇਰਾ ਆਪਣੇ ਸ਼ਗਨ ਮਨਾਉਂਦਾ ਹੋਵੇ,
ਸੱਪਾਂ ਵਾਂਗੂੰ ਮੈਨੂੰ ਆਪਣੀ ਵਿੱਸ ਨਾ ਘੋਲਣ ਦੇਵੀਂ।

ਜਿਹਨੇ ਵੀ ਜੋ ਕਹਿਣਾ ਪੁੱਛਣਾ, ਮੇਰੇ ਮੱਥੇ ਲੱਗੇ,
ਮੇਰੇ ਮਗਰੋਂ ਜੱਗ ਨੂੰ ਮੇਰੀ ਕਬਰ ਨਾ ਫੋਲਣ ਦੇਵੀਂ।

ਜਦ ਤੱਕ ਮੇਰੀ ਜਿੰਦ ਹਯਾਤੀ ਇਕੋਂ ਅਰਜ਼ ਗੁਜ਼ਾਰਾਂ,
ਉੱਚੇ ਸਿਰ ਨੂੰ ਸਿਰ ਦੀ ਪੱਗ ਨਾ ਰੋਲਣ ਦੇਵੀਂ।

## 2. ਇਕਬਾਲ ਅਜ਼ੀਮ

ਕਿਸ ਦੀਆਂ ਰਾਹਵਾਂ 'ਤੇ ਕਾਲੀ ਰਾਤ ਦਾ ਕਬਜ਼ਾ ਰਿਹਾ,
ਆਸ ਦਾ ਦੀਵਾ ਕਿਸੇ ਦਹਿਲੀਜ਼ 'ਤੇ ਜਗਦਾ ਰਿਹਾ।

ਮੇਰਿਆਂ ਨੈਣਾਂ ਦਾ ਸੋਕਾ ਆਪਣੀ ਥਾਂ ਕਾਇਮ ਰਿਹਾ,
ਬੇ-ਮੁਹਾਰਾਂ ਵਿਚ ਦਰਿਆ ਇਕ ਤਰਫ਼ ਵਗਦਾ ਰਿਹਾ।

ਕਾਫ਼ਲਾ ਤੁਰਦਾ ਮਿਰੀ ਨਜ਼ਰਾਂ ਨੂੰ ਖਿਚ ਲਾਂਦਾ ਰਿਹਾ,
ਮੇਰੇ ਦਿਲ ਨੂੰ ਇਹ ਪਰਛਾਵਾਂ ਪਿਆ ਠੱਗਦਾ ਰਿਹਾ।

ਬਰਫ਼ ਦੀ ਚਾਦਰ ਉੱਤੇ ਚਾਨਣ ਦੀ ਗੱਲ ਆਪਣੀ ਜਗ੍ਹਾ,
ਦਿਲ ਦੇ ਅੰਦਰ ਦੇਰ ਤੱਕ ਭਾਂਬੜ ਜਿਹਾ ਬਲਦਾ ਰਿਹਾ।

ਸ਼ਹਿਨਸ਼ਾਹੀ ਹੁਸਨ ਸੀ, ਯਾਕੂਬ ਦੀ ਅੱਖੀਆਂ ਦਾ ਨੂਰ,
ਗੋਲੜਾ ਬਣ ਕੇ ਮਿਸਰ ਦੇ ਸ਼ਹਿਰ ਵਿਚ ਵਿਕਦਾ ਰਿਹਾ।

ਦਰਦ ਮੇਰੇ ਵਰਗਾ ਥੁੜ-ਦਿਲਾਂ ਹੋ ਜਾਵਸੀ,
ਅੱਗ ਦੇ ਦਰਿਆ ਨਾਲ ਮੇਰੇ ਜੋ ਕਦੀ ਤੁਰਦਾ ਰਿਹਾ।

ਫਿੱਕੀਆਂ-ਫਿੱਕੀਆਂ ਸਾਜ਼ ਤੇਰੇ, ਮੇਰੀਆਂ ਗ਼ਜ਼ਲਾਂ 'ਅਜ਼ੀਮ'
ਮੈਂ ਰਦੀਫਾਂ ਨਾਲ ਜੂਝਿਆ, ਕਾਫ਼ੀਏ ਤੁੱਪਦਾ ਰਿਹਾ।

- ਬਾਬਾ ਨਗਰੀ, ਵਾਂਗਤ, ਤਹਿ. ਕੰਗਨ ਕਸ਼ਮੀਰ

3. ਗੁਰਨਾਮ ਢਿੱਲੋਂ

ਜਦੋਂ ਵੀ ਚਿੱਤ ਵਿਚ ਆਏ, ਅਸਾਨੂੰ ਮਿਲਣ ਆ ਜਾਣਾ।
ਜਦੋਂ ਕੋਈ ਹੋਰ ਠੁਕਰਾਏ, ਅਸਾਨੂੰ ਮਿਲਣ ਆ ਜਾਣਾ।

ਦਰਦ ਐਸਾ ਸਮੁੰਦਰ ਹੈ ਕਦੇ ਵੀ ਸੁੱਕ ਨਹੀਂ ਸਕਦਾ,
ਜਦੋਂ ਵੀ ਪਿਆਸ ਲਗ ਜਾਏ, ਅਸਾਨੂੰ ਮਿਲਣ ਆ ਜਾਣਾ।

ਹੈ ਦੁਨੀਆ ਕੀ? ਇਹ ਮੰਡੀ ਹੈ, ਇਧਰ ਅਰਮਾਨ ਵਿਕਦੇ ਨੇ,
ਕਦੇ ਜੇ ਦਿਲ ਘਬਰਾਏ, ਅਸਾਨੂੰ ਮਿਲਣ ਆ ਜਾਣਾ।

ਮੁਹੱਬਤ ਸੀ ਮੁਹੱਬਤ ਹੈ, ਮੁਹੱਬਤ ਨੇ ਅਮਰ ਰਹਿਣਾ,
ਪੈਣ, ਨਫ਼ਰਤ ਦੇ ਜਦ ਸਾਏ, ਅਸਾਨੂੰ ਮਿਲਣ ਆ ਜਾਣਾ।

ਛੁਰੇ, ਤਰਸ਼ੂਲ, ਖੰਡੇ ਹੱਥ ਵਿਚ ਦੇ ਕੇ ਜਦੋਂ ਕੋਈ,
ਤੁਹਾਨੂੰ ਕਤਲ ਕਰਵਾਏ, ਅਸਾਨੂੰ ਮਿਲਣ ਆ ਜਾਣਾ।

## ਰੀਵਿਊ ਲਈ ਪੁਸਤਕਾਂ ਭੇਜਣ ਬਾਰੇ ਸੂਚਨਾ

ਸਾਨੂੰ ਹਰ ਮਹੀਨੇ ਬਹੁਤ ਸਾਰੀਆਂ ਪੁਸਤਕਾਂ ਰੀਵਿਊ ਲਈ ਭੇਜੀਆਂ ਜਾਂਦੀਆਂ ਹਨ। ਸਭਨਾਂ ਦੇ ਰੀਵਿਊ ਕਰਨੇ ਤੇ ਛਾਪਣੇ ਸੰਭਵ ਵੀ ਨਹੀਂ ਹੁੰਦੇ। ਲੇਖਕਾਂ ਦੀ ਸਹੂਲਤ ਲਈ ਲਿਖ ਰਹੇ ਹਾਂ ਕਿ ਕਹਾਣੀ ਸੰਗ੍ਰਹਿ ਤੇ ਨਾਵਲ ਦੀ ਇੱਕ-ਇੱਕ ਕਾਪੀ ਸ. ਸੁਰਜੀਤ ਗਿੱਲ, ਪਿੰਡ ਤੇ ਡਾਕਖਾਨਾ-ਘੋਲੀਆਂ ਕਲਾਂ (ਜ਼ਿਲਾ ਮੋਗਾ) ਨੂੰ ਭੇਜੀਆਂ ਜਾਣ। ਪ੍ਰਵਾਸੀ ਕਵੀ ਆਪਣੀ ਪੁਸਤਕ ਦੀ ਇਕ ਕਾਪੀ ਰੀਵਿਊ ਲਈ ਸ਼੍ਰੀ ਗੁਰਨਾਮ ਢਿੱਲੋਂ White Lodge, 39, Bulls copse Lane, Horndeen, waterlooville, Hants Po8-9RA. ਯੂ.ਕੇ. ਨੂੰ ਭੇਜ ਸਕਦੇ ਹਨ। ਗ਼ਜ਼ਲ ਸੰਗ੍ਰਹਿ ਸ੍ਰੀ ਸੁਲੱਖਣ ਸਰਹੱਦੀ, ਪਿੰਡ. ਕੁਹਾੜ, ਡਾ. ਡੋਰੀਵਾਲਾ ਦਰੋਗਾ, ਵਾਇਆ ਨੌਸ਼ਹਿਰਾ ਮੱਝਾ ਸਿੰਘ ਜ਼ਿਲਾ ਗੁਰਦਾਸਪੁਰ ਨੂੰ ਭੇਜਿਆ ਕਰਨ। ਇਹਨਾਂ ਤੋਂ ਬਿਨਾਂ ਬਾਕੀ ਪੁਸਤਕਾਂ ਸੰਪਾਦਕ ਚਿਰਾਗ਼ ਦੇ ਪਤੇ ਤੇ ਭੇਜੀਆਂ ਜਾਣ। ਉਪਰੋਕਤ ਤਿੰਨਾਂ ਵਿਦਵਾਨਾਂ ਨੂੰ ਭੇਜੀ ਜਾਣ ਵਾਲੀ ਪੁਸਤਕ ਦੀ ਇਕ-ਇਕ ਕਾਪੀ ਸੰਪਾਦਕ ਚਿਰਾਗ਼ ਨੂੰ ਵੀ ਭੇਜੀ ਜਾਵੇ। ਪੁਸਤਕ ਰਜਿਸਟਰੀ ਕਰਕੇ ਭੇਜਣ ਦੀ ਲੋੜ ਨਹੀਂ ਹੁੰਦੀ। ਸਾਧਾਰਨ ਡਾਕ ਵਿਚ ਦੋ-ਚਾਰ ਰੁਪਏ ਨਾਲ ਹੀ ਸਾਨੂੰ ਪਹੁੰਚ ਜਾਂਦੀ ਹੈ।

ਸੰਪਾਦਕੀ ਮੰਡਲ

## ਸਾਹਿਤ ਅਕਾਡਮੀ ਦਿੱਲੀ ਦੇ ਪੁਰਸਕਾਰ ਲਈ ਮੁਬਾਰਕਬਾਦ

ਇਸ ਸਾਲ ਭਾਰਤੀ ਸਾਹਿਤ ਅਕਾਡਮੀ ਦਿੱਲੀ ਦਾ ਵਾਰਸ਼ਿਕ ਪੁਰਸਕਾਰ ਪ੍ਰਸਿੱਧ ਪੰਜਾਬੀ ਆਲੋਚਕ ਅਤੇ ਚਿੰਤਕ ਡਾ. ਸੁਤਿੰਦਰ ਨੂਰ ਨੂੰ, ਉਨ੍ਹਾਂ ਦੀ ਆਲੋਚਨਾ ਦੀ ਪੁਸਤਕ 'ਕਵਿਤਾ ਦੀ ਭੂਮਿਕਾ' ਨੂੰ ਦਿੱਤਾ ਗਿਆ ਹੈ। ਅਦਾਰਾ ਚਿਰਾਗ਼ ਡਾ. ਨੂਰ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹੈ। -ਸੰਪਾਦਕੀ ਮੰਡਲ



*ਆਲੋਚਨਾ*

# ਭੁੱਬਲ ਇਕ ਅਧਿਐਨ / ਵਿਸ਼ਲੇਸ਼ਣ

ਪ੍ਰੋ. ਪਰਮਜੀਤ ਸਿੰਘ ਮੀਸ਼ਾ

ਪਾਕਿਸਤਾਨੀ ਮੁਆਸ਼ਰੇ ਦੇ ਰਾਜਨੀਤਿਕ ਸਮਾਜਿਕ, ਆਰਥਿਕ, ਸਭਿਆਚਾਰਕ, ਇਤਿਹਾਸਕ ਪਹਿਲੂਆਂ ਬਾਰੇ ਕਈ ਨਾਵਲ ਇਸ ਰਚਨਾ ਤੋਂ ਪਹਿਲਾਂ ਲਿਖੇ ਜਾ ਚੁੱਕੇ ਹਨ, ਪਰ ਕੋਈ ਵੀ ਗਲਪਾਤਮਕ ਰਚਨਾ ਏਨੇ ਵਿਸ਼ਾਲ ਕੈਨਵਸ ਨੂੰ ਸਹੀ ਅੰਦਾਜ਼ ਵਿਚ ਸਮੇਟ ਕੇ, ਸੰਤੁਲਿਤ ਰੂਪ ਵਿਚ ਪਾਠਕਾਂ ਦੇ ਸਾਹਮਣੇ ਪੇਸ਼ ਨਹੀਂ ਕਰ ਸਕੀ।

ਫਰਜ਼ੰਦ ਅਲੀ ਦੇ ਇਸ ਨਾਵਲ ਉਪਰ ਆਧੁਨਿਕ, ਨਾਵਲ-ਆਲੋਚਨਾ ਦਾ ਇਹ ਵਿਚਾਰ ਸਹੀ ਢੁੱਕਦਾ ਹੈ ਕਿ ਨਾਵਲ ਆਧੁਨਿਕ ਯੁੱਗ ਦਾ ਮਹਾਕਾਵਿ ਹੈ। ਨਾਵਲ-ਨਿਗਾਰ 'ਤੇ ਵਾਰਿਸ ਸ਼ਾਹ ਦੀ ਰਚਨਾ ਦਾ ਬਹੁਤ ਅਸਰ ਮਹਿਸੂਸ ਹੁੰਦਾ ਹੈ। ਉਸਨੇ ਆਪਣੇ ਗੁਰੂ 'ਉਸਤਾਦ ਦਾਮਨ' ਦੀ ਇਹ ਸਿੱਖਿਆ ਕਿ ਸ਼ੇਖਪੁਰੀਆ! ਵਾਰਸ ਸ਼ਾਹ ਨੂੰ ਬਾਰ-ਬਾਰ ਪੜ੍ਹਿਆ ਕਰ, ਨੂੰ ਨਹੀਂ ਵਿਸਾਰਿਆ। ਵਾਰਿਸ ਸ਼ਾਹ ਵਾਂਗ ਹੀ ਫਰਜ਼ੰਦ ਅਲੀ ਨੇ ਰੋਜ਼ਾਨਾ ਕਾਰ-ਵਿਹਾਰ ਨਾਲ ਜੁੜੇ ਕਈ ਵੇਰਵੇ, ਰਸਮੋ-ਰਿਵਾਜ, ਮਜ਼ਦੂਰ-ਜਮਾਤੀ-ਘੋਲ, ਚਲਾਕ ਚੌਧਰੀ, ਜ਼ਿਮੀਂਦਾਰ, ਆੜ੍ਹਤੀ, ਸਰਮਾਏਦਾਰ, ਰਾਜਨੀਤੀਵਾਨ, ਅਖੌਤੀ ਸਾਹਿਤਕਾਰ, ਅਖੌਤੀ ਪੰਜਾਬੀ ਪ੍ਰੇਮੀ, ਮੌਲਵੀ, ਭੇਖੀ-ਜੋਗੀ ਅਤੇ ਪ੍ਰਮੁੱਖ ਰਾਜਨੀਤਿਕ, ਇਤਿਹਾਸਕ ਘਟਨਾਵਾਂ ਤੇ ਫੈਸਲਿਆਂ ਬਾਰੇ ਕਥਾ ਬਿਰਤਾਂਤ ਵਿਚ ਕਈ ਥਾਂ ਗੱਲਾਂ ਕੀਤੀਆਂ ਹਨ। ਇਹਨਾਂ ਵਿਸ਼ਿਆਂ ਬਾਰੇ ਜਾਣਕਾਰੀ, ਦੋ ਪਾਤਰਾਂ ਨੂੰ ਵਿਚਾਰ-ਵਿਮਰਸ਼ ਵਾਲੀ ਸਥਿਤੀ ਸਿਰਜ ਕੇ ਦਿੱਤੀ ਹੈ। ਇਹ ਵਿਚਾਰ-ਵਿਮਰਸ਼ ਨਾਵਲ ਦੇ ਦੂਸਰੇ ਹਿੱਸੇ ਵਿਚ ਸ਼ੁਰੂ ਹੁੰਦਾ ਹੈ ਤੇ ਇਹਨਾਂ ਵਿਚਲੀਆਂ ਬਹੁਤੀਆਂ ਗੱਲਾਂ ਤੇ ਨਿਪਟਾਰੇ ਦਾ ਆਧਾਰ ਮਾਰਕਸਿਜ਼ਮ ਹੈ। ਜੋ ਪਹਿਲੀ ਵਾਰ ਕਿਸੇ ਪਾਕਿਸਤਾਨੀ ਨਾਵਲੀ ਰਚਨਾ ਵਿਚੋਂ ਸਪੱਸ਼ਟ ਰੂਪ ਵਿਚ ਝਲਕਦਾ ਹੈ।

ਨਾਵਲ ਨਿਗਾਰ ਨਾਵਲ ਦੇ ਸ਼ੁਰੂ ਵਿਚ 'ਕੁਝ ਮੇਰੇ ਨਾਲ' ਸਿਰਲੇਖ ਹੇਠ ਕੁਝ ਹਰਫ਼ ਪਾਉਂਦਿਆਂ ਦੱਸਦਾ ਹੈ ਕਿ ਮੈਂ ਸੰਨ 1965 ਤੋਂ 1983 ਤੀਕਰ ਉਸਤਾਦ ਦਾਮਨ ਕੋਲ ਆਂਵਦਾ ਰਿਹਾ। ਉਸਤਾਦ ਦਾਮਨ ਉਸ ਸਮੇਂ ਕਿਵੇਂ ਦੀ ਹਯਾਤੀ ਗੁਜ਼ਾਰ ਰਹੇ ਸਨ। ਜਿਵੇਂ ਮੈਂ ਵੇਖਿਆ ਸੀ, ਜੋ ਕੁਝ ਸਮਝ ਆਈ, ਪੂਰੀ ਸੱਚਾਈ ਨਾਲ ਲਿਖਣ ਦਾ ਚਾਰਾ ਕੀਤਾ ਹੈ। ਮੈਨੂੰ ਨਹੀਂ ਪਤਾ ਕਿ ਮੇਰਾ ਇਹ ਢੰਗ ਚੰਗਾ ਹੈ ਕਿ ਮੰਦਾ।

ਪਰ ਅਸੀਂ ਉਹਨਾਂ ਦੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ, ਕਿਉਂਕਿ ਇਹ ਨਾਵਲ ਨਿਰੋਲ ਉਸਤਾਦ ਦਾਮਨ ਦੀ ਹਯਾਤੀ ਨਹੀਂ ਹੈ। ਇਹ ਤਾਂ ਨਾਵਲਕਾਰ ਦੀ ਆਪਣੀ ਹਯਾਤੀ ਨਾਲ ਸੰਬੰਧਿਤ ਹੱਡਵਰਤੀ ਦਾ ਨਾਵਲੀ ਬਿਰਤਾਂਤ ਹੈ।

ਇਸ ਨਾਵਲੀ ਰਚਨਾ ਦੇ ਅੱਗੇ 40 ਹਿੱਸੇ ਹਨ। ਇਸਦਾ ਕਥਾ ਬਿਰਤਾਂਤ 320 ਪੰਨਿਆਂ ਤੱਕ ਫੈਲਿਆ ਹੋਇਆ ਹੈ। ਸਾਰੀ ਹੱਡਵਰਤੀ ਕਥਾ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ, ਲੇਖਕ ਦੇ ਬਚਪਨ ਤੇ ਜੁਆਨੀ ਨਾਲ ਜੁੜੀਆਂ ਯਾਦਾਂ ਦੀ ਪੇਸ਼ਕਾਰੀ ਵਾਲਾ ਹੈ, ਜਿਹਨਾਂ ਦਾ ਵਿਸਥਾਰ ਤਕਰੀਬਨ 115 ਪੰਨਿਆਂ ਉਪਰ ਅੰਕਿਤ ਹੈ। ਦੂਸਰਾ ਭਾਗ, ਰਾਹਕ ਪਰਿਵਾਰਾਂ ਦਾ ਪੰਜਾਬ ਤੋਂ ਹਿਜਰਤ ਕਰਕੇ ਸਿੰਧ ਜਾਣ ਨਾਲ ਸੰਬੰਧਿਤ ਹੈ ਜਿਹੜਾ 25 ਪੰਨਿਆਂ ਤੱਕ ਵਿਸਥਾਰ ਪਾਉਂਦਾ ਹੈ। ਤੀਸਰਾ ਭਾਗ, ਇਹਨਾਂ ਰਾਹਕਾਂ ਦਾ ਪੰਜਾਬ ਵਾਪਸੀ ਤੇ ਲੇਖਕ ਦਾ ਮਜ਼ਦੂਰ ਯੂਨੀਅਨ ਵਿਚ ਸ਼ਾਮਲ ਹੋਣਾ, ਗੁਰੂ ਨੂੰ ਮਿਲਣਾ ਆਦਿ ਘਟਨਾਵਾਂ ਨਾਲ ਜੁੜਿਆ ਹੈ। ਚੌਥਾ ਤੇ ਅਖੀਰਲਾ ਭਾਗ ਲੇਖਕ ਦਾ ਸਾਹਿਤਕ ਰੁਚੀਆਂ ਵੱਲ ਵਧਣ ਦਾ ਹੈ ਤੇ ਉਸਤਾਦ ਦਾਮਨ ਨਾਲ ਹੋਈਆਂ ਮੁਲਾਕਾਤਾਂ ਨੂੰ ਹੀ ਦਰਸਾਉਂਦਾ ਹੈ।

ਫਰਜ਼ੰਦ ਅਲੀ ਨੇ ਆਪਣੇ ਬਹੁਤੇ ਸਮਕਾਲੀ ਲੇਖਕਾਂ ਵਾਂਗ ਅਲਾਮਤੀ (ਪ੍ਰਤੀਕਾਤਮਕ) ਰੂਪ ਅਖ਼ਤਿਆਰ ਕਰਕੇ ਗੱਲ ਕਹਿਣ ਦੀ ਕੋਸ਼ਿਸ਼ ਨਹੀਂ ਕੀਤੀ। ਜਿਥੇ ਨਾਵਲ-ਨਿਗਾਰ ਇਕ ਸੱਚਾ-ਸੁੱਚਾ ਮਜ਼ਦੂਰ ਯੂਨੀਅਨ ਦਾ ਮੈਂਬਰ ਹੈ ਉੱਥੇ ਉਹ ਸੱਚੇ-ਸੁੱਚੇ ਸਾਹਿਤਕਾਰ ਵਾਂਗ ਸਮਾਜ ਪ੍ਰਤੀ ਆਪਣੇ ਫਰਜ਼ਾਂ ਤੋਂ ਵੀ ਕੁਤਾਹੀ ਨਹੀਂ ਕਰਦਾ। ਸ਼ਾਇਦ ਉਹ ਇਸ ਕਥਨ ਦਾ ਅਨੁਸਾਰੀ ਹੈ।

ਡਾਕਟਰ ਦੀ ਗਲਤੀ ਕਫ਼ਨ ਵਿਚ ਦਫ਼ਨ ਹੋ ਜਾਂਦੀ ਹੈ, ਇੰਜੀਨੀਅਰ ਦੀ ਕੁਤਾਹੀ ਸੀਮਿੰਟ ਬੱਜਰੀ

ਵਿਚ ਰਲ ਜਾਂਦੀ ਹੈ। ਵਕੀਲ ਦੀ ਬੇਨਿਯਮੀ ਫਾਇਲਾਂ ਵਿਚ ਸਿਰ ਛੁਪਾ ਲੈਂਦੀ ਹੈ ਪਰ ਇਕ ਸਾਹਿਤਕਾਰ ਦੀ ਭੁੱਲ ਸਾਰੇ ਸਮਾਜ ਨੂੰ ਲੈ ਡੁੱਬਦੀ ਹੈ।

ਇਹ ਗਲਪਾਤਮਕ ਰਚਨਾ ਸਹੀ ਅਰਥਾਂ ਵਿਚ ਦਲੇਰਾਨਾ ਯਥਾਰਥਕ ਪੇਸ਼ਕਾਰੀ ਹੈ। ਪ੍ਰੀਤਮ ਸਿੰਘ ਅਨੁਸਾਰ "ਹਕੀਕਤ ਨਿਗਾਰੀ ਦੀ ਮਿਸਾਲ ਵਜੋਂ ਇਹ ਨਾਵਲ ਬੜੇ ਮਾਣ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਜਿਵੇਂ ਵੇਖਿਆ ਤਿਵੇਂ ਲਿਖਿਆ, ਜਿਵੇਂ ਸੁਣਿਆ ਤਿਵੇਂ ਦੱਸਿਆ। ਜਿਵੇਂ ਬੀਤਿਆ ਤਿਵੇਂ ਉਲੀਕਿਆ।"

ਚਾਹੇ ਮਾਰਸ਼ਲ ਲਾਅ ਹੋਵੇ, ਅਯੂਬ ਖਾਂ ਦੀ ਸਰਕਾਰ ਹੋਵੇ ਜਾਂ ਭੁੱਟੋ ਵਲੋਂ ਕੀਤੀਆਂ ਗਲਤੀਆਂ ਹੋਣ, ਲੇਖਕ ਨੇ ਉਹਨਾਂ ਸਾਰੀਆਂ ਗੱਲਾਂ ਨੂੰ ਅਲਾਮਤੀ ਪਹਿਰਾਵਾ ਨਹੀਂ ਪੁਆਇਆ, ਸਗੋਂ ਸਪੱਸ਼ਟ ਬਿਰਤਾਂਤਕ ਰੂਪ ਵਿਚ ਤੇ ਨਾਲ-ਨਾਲ ਤਨਕੀਦੀ ਟਿੱਪਣੀਆਂ ਕਰਦੇ ਹੋਏ ਬਿਆਨ ਕੀਤਾ ਹੈ। ਅਜਿਹੀ ਪੇਸ਼ਕਾਰੀ ਸਮੇਂ ਨਾਵਲ ਦੀ ਮੁੱਖ ਪਾਤਰ 'ਮੈਂ' (ਨਾਵਲਨਿਗਾਰ) ਬਿਲਕੁਲ ਆਪਣੇ ਗੁਰੂ 'ਉਸਤਾਦ ਦਾਮਨ' ਦੇ ਅੰਦਾਜ਼ ਵਿਚ ਹੀ ਗੱਲਾਂ ਕਰਦਾ ਹੈ।

ਅਯੂਬ ਖਾਂ ਦੀ ਸਰਕਾਰ ਸੀ, ਅਸਲੋਂ ਵਿਚ ਕੋਈ ਘਾਟਾ ਨਹੀਂ ਸੀ। ਭੁੱਟੋ ਨੂੰ ਲੋਕ ਆਪਣਾ ਹਮਦਰਦ ਤੇ ਮੁਲਕ ਦਾ ਖੈਰ-ਖੁਆਹ ਸਮਝਦੇ ਸਨ।

....... ਸਦਰ ਅਯੂਬ ਹਕੂਮਤ ਛੱਡ ਕੇ ਜਨਰਲ ਯਹੀਆ ਦੇ ਹਵਾਲੇ ਕਰ ਦਿੱਤੀ ਸੀ। ਲੋਕ ਆਖਦੇ ਸਨ ਕਿ ਯਹੀਆ ਰੰਨਾਂ ਦਾ ਸ਼ੌਕੀਨ ਤੇ ਸ਼ਰਾਬੀ ਕਬਾਬੀ ਸੀ।

ਮਾਰਸ਼ਲ ਲਾਅ ਲੱਗ ਗਿਆ ਏ..... ਮੁਲਕ ਦੇ ਮੌਜੂਦਾ ਵਜ਼ੀਰ-ਏ-ਆਜ਼ਮ ਉੱਤੇ ਕਤਲ ਦਾ ਮੁਕੱਦਮਾ ਬਣ ਗਿਆ ਹੋਇਆ ਸੀ। ਸਾਡੀ ਸਰਕਾਰ ਤੇ ਸਰਕਾਰ ਦੇ ਹਮਾਇਤੀ ਮਜ਼ਹਬੀ ਅਫਗਾਨਿਸਤਾਨ ਦੇ ਹਮਾਇਤੀ ਸਨ। ਮਜ਼ਦੂਰ ਅਫਗਾਨਿਸਤਾਨ ਦੇ ਹਮਾਇਤੀ ਸਰਮਾਏਦਾਰ ਤੇ ਉਹਨਾਂ ਦਾ ਖ਼ੁਦਾ ਵੀ ਮਜ਼ਹਬੀ ਅਫਗਾਨਿਸਤਾਨ ਦੇ ਸੱਜਣ........ ਮੈਂ ਮੌਲਵੀ ਤੇ ਮੌਲਵੀ ਦੇ ਅਫਗਾਨਿਸਤਾਨ ਦੀ ਨਿੰਦਿਆ ਕਰਦਾ ਸੀ। ਫੇਰ ਦੁੱਖਾਂ 'ਚ ਆਖੇ (ਆਪੇ) ਹੀ ਵਾਧਾ ਹੋ ਜਾਂਦਾ ਸੀ।

ਉੱਤਮ ਪੁਰਖ ਦੀ ਤਕਨੀਕ 'ਚ ਲਿਖਿਆ ਇਹ ਨਾਵਲ ਸਹੀ ਅਰਥਾਂ 'ਚ ਨਾਵਲ ਨਿਗਾਰ ਦੀ ਆਤਮ-ਕਥਾ ਹੈ। ਮੁਹੰਮਦ ਆਸਫ਼ ਹੋਰਾਂ ਇਸ ਨੂੰ 'ਹੱਡਵਰਤੀ ਨਾਵਲ' ਕਿਹਾ ਹੈ। ਨਾਵਲ ਨਿਗਾਰ ਨੇ ਸਰਬਗਿਆਤਾ ਬਿਰਤਾਂਤਕਾਰ ਵਾਲਾ ਰੂਪ ਅਖ਼ਤਿਆਰ ਕਰਦਿਆਂ ਹੋਇਆਂ ਆਪਣੀ ਸਾਰੀ ਹਯਾਤੀ ਵਿਚਲੇ ਨਿੱਕੇ-ਨਿੱਕੇ ਵੇਰਵਿਆਂ ਨੂੰ 'ਮੈਂ' ਪਾਤਰ ਦੇ ਨਾਂ ਹੇਠ ਕਲਮਬੱਧ ਕੀਤਾ ਹੈ। ਚਾਹੇ ਨਾਵਲੀ ਰੂਪ ਪੱਖੋਂ ਇਹ ਤਕਨੀਕ ਰਵਾਇਤੀ ਅੰਦਾਜ਼ ਵਾਲੀ ਹੀ ਹੈ ਪਰ ਵਿਸ਼ੇ ਦੀ ਨੌਈਯਤ ਅਨੁਸਾਰ ਇਹੋ ਅੰਦਾਜ਼ ਹੀ ਵਿਸ਼ੇ ਨਾਲ ਨਿਆਂ ਕਰ ਸਕਦਾ ਸੀ।

ਪਾਕਿਸਤਾਨੀ ਮੁਆਸ਼ਰੇ ਵਿਚ ਮੌਜੂਦ ਵਰਗ-ਵੰਡ ਨੂੰ ਨਾਵਲ-ਨਿਗਾਰ ਨੇ ਯਥਾਰਥਕ ਰੂਪ ਵਿਚ ਬਿਆਨ ਕੀਤਾ ਹੈ। ਰਾਹਕਾਂ ਤੇ ਮਜ਼ਦੂਰਾਂ ਦੀ ਮਾਨਸਿਕਤਾ ਤੇ ਆਰਥਿਕਤਾ ਨੂੰ ਲੇਖਕ ਨੇ ਨਾਵਲੀ ਬਿਰਤਾਂਤ ਵਿਚ ਬਹੁਤ ਜਗ੍ਹਾ ਪ੍ਰਦਾਨ ਕੀਤੀ ਹੈ। ਸਰਮਾਏਦਾਰੀ (ਜ਼ਿਮੀਦਾਰਾਂ, ਚੌਧਰੀਆਂ, ਆੜ੍ਹਤੀਆਂ ਆਦਿ) ਨਾਲ ਹੇਠਲੀ ਸ਼੍ਰੇਣੀ ਦੇ ਅੰਤਰ-ਵਿਰੋਧ ਵੀ ਅੰਕਿਤ ਕੀਤੇ ਹਨ।

ਮੈਂ ਗੱਲ ਮਜ਼ਦੂਰਾਂ ਦੀ ਕਰਦਾ ਸਾਂ, ਇਨਸਾਫ਼ ਤੇ ਅਕਲ ਦੀ, ਪਰ ਮਜ਼ਦੂਰ ਕਿਸਮਤ ਤੇ ਰੱਬ ਦੀ ਗੱਲ ਕਰਦੇ ਸਨ। ਫੈਕਟਰੀ ਦੀ ਟਰੇਡ ਯੂਨੀਅਨ ਦੇ ਲੀਡਰਾਂ ਆਪਣੀ-ਆਪਣੀ ਜੂਹ ਵਿਚ ਸਰਮਾਏਦਾਰਾਂ ਨਾਲੋਂ ਵਧ ਕੇ ਮਜ਼ਦੂਰਾਂ ਨੂੰ ਗੁਲਾਮ ਬਣਾਇਆ ਹੋਇਆ ਸੀ। ਮਜ਼ਦੂਰ ਲੀਡਰ ਹੁਣ ਮਜ਼ਦੂਰਾਂ ਦੀ ਨਹੀਂ, ਸਰਮਾਏਦਾਰਾਂ ਦੀ ਨੁਮਾਇੰਦਗੀ ਕਰਨ ਲੱਗ ਪਏ ਸਨ। ਜ਼ਿਮੀਂਦਾਰ ਉੱਚਾ ਤੇ ਰਾਹਕ ਨੀਵੇਂ ਕਿਉਂ ਨੇ?

ਸ਼ਬਦਾਵਲੀ ਪੱਖੋਂ ਨਾਵਲ-ਨਿਗਾਰ ਨੇ ਪਾਤਰਾਂ ਦੇ ਮੂੰਹੋਂ ਅਜਿਹੇ ਸ਼ਬਦ ਬੁਲਵਾਏ ਹਨ ਜਿਹੜੇ ਉਹਨਾਂ ਦੇ ਤਬਕੇ, ਜ਼ਿਹਨੀ ਪੱਧਰ ਅਤੇ ਕੰਮਕਾਰ ਦੀ ਨੌਈਯਤ ਨਾਲ ਜੁੜੇ ਹੋਏ ਹਨ। ਇਸ ਵਿਸ਼ੇਸ਼ ਉਪਰਾਲੇ ਕਾਰਨ ਨਾਵਲ ਵਿਚਲੀ ਪੇਸ਼ਕਾਰੀ ਬੜੀ ਸਹਿਜ ਪ੍ਰਤੀਤ ਹੁੰਦੀ ਹੈ। ਕਿਤੇ ਵੀ ਕਿਸੇ ਪਾਤਰ ਦੀ ਬੋਲੀ ਅੜਕਦੀ ਨਹੀਂ। ਜਿਵੇਂ-ਜਿਵੇਂ ਕਥਾ-ਬਿਰਤਾਂਤ ਗਤੀ ਪ੍ਰਾਪਤ ਕਰਦਾ ਹੋਇਆ ਅਗਾਂਹ ਵਧਦਾ ਹੈ ਤਿਵੇਂ-ਤਿਵੇਂ ਪਾਤਰਾਂ ਦੇ ਸੁਭਾਅ 'ਚ ਆਈ ਤਬੀਦੀਲੀ ਦੀ ਪੇਸ਼ਕਾਰੀ ਲਈ ਵਰਤੀ ਸ਼ਬਦਾਵਲੀ ਵਿਚਲੀ ਤਬਦੀਲੀ ਵੀ ਨਜ਼ਰੀਂ ਪੈਂਦੀ ਹੈ। ਮੁੱਖ ਪਾਤਰ ਪਹਿਲਾਂ ਅੱਖੜ ਸੁਭਾਅ ਦਾ, ਮੂੰਹ ਫੱਟ ਦਿਖਾਇਆ ਗਿਆ ਹੈ ਪਰ ਹੁਜਰੇ ਵਾਲੇ ਨੂੰ ਮਿਲਣ ਉਪਰੰਤ ਤੇ ਮਜ਼ਦੂਰ ਲੀਡਰਾਂ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਉਹਦੇ ਸੁਭਾਅ ਅਤੇ ਬੋਲਚਾਲ ਵਿਚ ਤਬਦੀਲੀ ਵਾਪਰਦੀ ਹੈ।



ਤਬੀਦੀਲੀ ਤੋਂ ਪਹਿਲਾਂ - ਮੈਂ ਤੇ ਸੋਚਨਾ ਅਸਾਂ ਸਾਰੇ ਬੇਵਸ ਲੋਕ ਹੁੰਦੇ ਆਂ? ਅੱਗਾ ਨਾ ਪਿੱਛਾ, ਪੁੱਛ ਨਾ ਪਰਤੀਤ। ਅਸਾਂ ਤੇ ਖੌਰੇ ਕੀੜੇ ਆਂ। ਭੋਏਂ ਦੇ ਕੀੜੇ। ਹਰ ਇਕ ਦੇ ਪੈਰਾਂ ਹੇਠ ਮਧੋਲੇ ਜਾਵਣ ਵਾਲੇ ਬੇਵਸ ਕੀੜੇ।

ਤਬੀਦੀਲੀ ਤੋਂ ਬਾਅਦ - ਓ ਮਿਸ, ਮੈਨੂੰ ਤਾਂ ਫਿਕਰ ਈ ਲੱਗ ਗਈ ਸੀ ਕਿ ਸੱਚਮੁਚ ਈ ਕੋਈ ਗੱਲ ਨਾ ਹੋਵੇ ਤੇ ਮੈਨੂੰ ਖਬਰ ਈ ਨਹੀਂ। ਮਿਸ ਯਕੀਨ ਕਰੋ ਕਿ ਮੇਰੀ ਬੀਵੀ ਏਸ ਮਾਮਲੇ ਵਿਚ ਬਹੁਤ ਚੰਗੀ ਏ। ਉਹਦੇ ਵਿਚ ਮਤਰੇਈ ਵਾਲੀ ਅਜੇ ਕੋਈ ਗੱਲ ਨਹੀਂ, ਪਰ ਤੇਰੀਆਂ ਅੱਖਾਂ ਬਹੁਤ ਖੂਬਸੂਰਤ ਨੇ।

ਨਾਵਲ ਨਿਗਾਰੀ ਪੱਖੋਂ ਨਾਵਲ ਵਿਚ ਕੁਝ ਊਣਤਾਈਆਂ ਵੀ ਹਨ। ਕਹਾਣੀ ਨੂੰ ਚੱਲਦਿਆਂ ਹੋਇਆਂ ਰੋਕ ਕੇ ਸਥਿਤੀ ਬਾਰੇ ਟਿੱਪਣੀਆਂ, ਆਪਣਾ ਫਲਸਫਾ, ਰਾਜਨੀਤਿਕ, ਬਿਆਨਬਾਜ਼ੀ ਕਰਨ ਲੱਗ ਪੈਣਾ, ਨਾਵਲੀ ਸੰਰਚਨਾ ਦੀਆਂ ਖਾਮੀਆਂ ਮੰਨੀਆਂ ਜਾਂਦੀਆਂ ਹਨ। ਲੇਖਕ ਕਥਾ ਬਿਰਤਾਂਤ ਨੂੰ ਚਲਾਉਣ ਲਈ ਘਟਨਾਕ੍ਰਮ ਸੰਘਰਸ਼ ਨਹੀਂ ਸਿਰਜਦਾ ਸਗੋਂ ਹਰ ਖੇਤਰ ਵਿਚ ਆਪਣੇ ਆਪ ਨੂੰ ਸ਼ਾਮਿਲ ਕਰ ਲੈਂਦਾ ਹੈ।

ਵੇਖੋ ਨਾ, ਸਾਡੇ ਸਾਹਮਣੇ ਚੀਨ ਦੀ ਮਿਸਾਲ ਏ, ਰੂਸ ਦਾ ਇਨਕਲਾਬ ਮੌਜੂਦ ਏ। ਮਾਓ-ਜੇ-ਤੁੰਗ ਦੀ ਜੱਦੋ-ਜਹਿਦ ਵੇਖੋ, ਲੇਨਿਨ ਦੇ ਕੰਮ ਕਰਨ ਤੇ ਪਾਰਟੀ ਬਨਾਵਣ ਦਾ ਢੰਗ ਗਹੁ ਨਾਲ ਵੇਖੀਏ ਤਾਂ ਆਪੇ ਸਮਝ ਲੱਗ ਜਾਂਦੀ ਹੈ ਕਿ ਇਨਕਲਾਬ ਵਾਸਤੇ ਜਿਹੜੀ ਬੁਨਿਆਦੀ ਲੋੜ ਹੁੰਦੀ ਏ, ਉਹਨੂੰ ਏਥੇ ਗੌਲਿਆ ਵੀ ਨਹੀਂ ਗਿਆ।

ਮੈਨੂੰ ਤਾਂ ਇਹ ਸਭ ਕੁਝ ਠੱਗਬਾਜ਼ੀ ਮਾਲੂਮ ਹੁੰਦੀ ਏ, ਸਗੋਂ ਮੇਰਾ ਦਿਲ ਤੇ ਇਲਮ ਕਹਿੰਦਾ ਏ ਕਿ ਏਹੋ ਜਿਹੇ ਕੱਚੇ ਤੇ ਸ਼ੁਹਦੇ ਨਾਅਰਿਆਂ ਨਾਲ ਹਕੂਮਤ ਭਾਵੇਂ ਮਿਲ ਜਾਵੇ, ਫਾਇਦਾ ਕੋਈ ਨਹੀਂ ਹੋਣਾ, ਦੇਸ਼ ਦੀ ਭਲਾਈ ਦੀ ਥਾਂ ਕੋਈ ਹੋਰ ਨੁਕਸਾਨ ਹੋਵਣ ਦਾ ਡਰ ਏ।

ਸਮਕਾਲੀ ਰਚਨਾਵਾਂ ਨਾਲੋਂ ਇਸ ਨਾਵਲ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਹਰ ਕਾਲ ਦੀ ਰਾਜਨੀਤਿਕ ਸਥਾਪਤੀ ਦੇ ਖਿਲਾਫ਼, ਹਰ ਕਿਸਮ ਦੇ ਸੋਸ਼ਲ ਵਰਗਾਂ ਦੇ ਖਿਲਾਫ਼, ਸ਼ੋਸ਼ਣਕਾਰੀਆਂ ਨੂੰ ਮਜ਼ਹਬੀ ਥਾਪਨਾ ਦੇਣ ਵਾਲੇ ਮੌਲਵੀਆਂ ਦੇ ਖ਼ਿਲਾਫ ਨਾਵਲਕਾਰ ਨੇ ਲੋਕ ਵਿਰਸੇ, ਵਾਰਿਸ ਸ਼ਾਹ ਦੀਆਂ ਤੁੱਕਾਂ, ਆਪਣੀ ਕਾਵਿਕ ਰਚਨਾ, ਉਸਤਾਦ ਦਾਮਨ ਦੇ ਸ਼ੇਅਰਾਂ ਦੀ ਵਰਤੋਂ ਬਹੁਤ ਕੀਤੀ ਹੈ।

ਨਾਵਲ ਨਿਗਾਰ ਨੇ ਸਥਾਪਤੀ ਦੇ ਖ਼ਿਲਾਫ਼ ਕੁਝ ਠੋਸ ਲਿਖਣ ਤੋਂ ਗੁਰੇਜ਼ ਕਰਨ ਖ਼ਾਤਿਰ ਜਾਂ ਰਚਨਾ ਵਿਚਲੀ ਗਲਪਾਤਮਕਤਾ ਨੂੰ ਕਾਇਮ ਰੱਖਣ ਲਈ ਸਿਮਰਤੀ ਦੇ ਲੇਪ ਦੀ ਜਾਂ ਅਣਕਹੀ ਜੁਗਤ ਦੀ ਵਰਤੋਂ ਕੀਤੀ ਹੈ। ਕਈ ਥਾਈਂ ਉਹ ਲਿਖਦਾ ਹੈ "ਮੈਨੂੰ ਏਸ ਵੇਲੇ ਯਾਦ ਨਹੀਂ ਆ ਰਹੀ।" "ਜੇ ਮੈਨੂੰ ਠੀਕ ਯਾਦ ਏ।" ਪਰ ਪੇਸ਼ਕਾਰੀ ਦਾ ਅੰਦਾਜ਼ ਤੇ ਸੰਦਰਭ ਏਨਾ ਸਪੱਸ਼ਟ ਹੈ ਕਿ ਲੇਖਕ ਕੁਝ ਨਾ ਵੀ ਦੱਸਦਿਆਂ ਹੋਇਆਂ ਸਭ ਸਪੱਸ਼ਟ ਕਰੀ ਜਾਂਦਾ ਹੈ।

ਨਾਵਲ ਵਿਚ ਆਉਂਦੇ ਠਹਿਰਾ, ਸਿੱਥਲਤਾ ਨੂੰ ਦੂਰ ਕਰਨ ਲਈ ਸੱਭਿਆਚਾਰਕ ਰਸਮਾਂ, ਰਿਵਾਜ, ਪ੍ਰਚਲਿੱਤ ਅਖਾਣ, ਮੁਹਾਵਰੇ, ਇੱਥੋਂ ਤੱਕ ਕਿ ਚੁਟਕਲਿਆਂ ਦੀ ਵੀ ਵਰਤੋਂ ਕੀਤੀ ਹੈ। ਹੁਜਰੇ ਵਿਚ ਬਹੁਤੀ ਵਾਰੀ ਭਾਰੀ ਭਰਕਮ ਵਿਚਾਰਾਂ ਦੇ ਆਦਾਨ-ਪ੍ਰਦਾਨ ਦੌਰਾਨ ਫ਼ਿਜ਼ਾ 'ਚ ਆਈ ਸਿੱਥਲਤਾ ਨੂੰ ਦੂਰ ਕਰਨ ਲਈ ਉਸਤਾਦ ਦਾਮਨ ਦੇ ਪਾਤਰ ਰਾਹੀਂ ਕਈ ਤਰ੍ਹਾਂ ਦੇ ਮਜ਼ਾਕ ਕਰਵਾਏ ਹਨ।

ਨਈਮ ਬੁਖਾਰੀ ਸਵਾਲ ਕੀਤਾ, "ਉਸਤਾਦ ਜੀ, ਦੁਕਾਨਾਂ ਉਤੇ ਖਾਣਪੀਣ ਦਾ ਵਾਧੂ ਸਮਾਨ ਭਰਿਆ ਹੁੰਦਾ ਏ। ਤੁਸਾਂ ਕਹਿੰਦੇ ਓ ਕੇ ਖਾਂਦੇ ਕੋਈ ਨਹੀਂ। ਕੀ ਮਤਲਬ ਹੋਇਆ?" ਜੇ ਖਾਂਦੇ ਹੋਵਣ ਤਾਂ ਦੁਕਾਨਾਂ ਭਰੀਆਂ ਈ ਰਹਿਣ?....... ਸਾਰਾ ਸ਼ਹਿਰ ਤਾਂ ਆਲੂ ਛੋਲੇ ਖਾ ਕੇ ਗੁਜ਼ਾਰਾ ਕਰਦਾ ਏ। ਬਹੁਤ ਤੰਗ ਨੇ ਲੋਕ।

'ਭੁੱਬਲ' ਨਾਵਲ ਠੇਠ ਪੰਜਾਬੀ ਭਾਸ਼ਾ ਵਿਚ ਰਚੀ ਗਈ ਰਚਨਾ ਹੈ। ਕਿਤੇ ਵੀ ਫਾਰਸੀ-ਉਰਦੂ ਦੇ ਪ੍ਰਭਾਵ ਅਧੀਨ ਇਹ ਰਚਨਾ ਦੱਬਦੀ ਨਹੀਂ। ਵੱਖ-ਵੱਖ ਪਾਤਰਾਂ ਤੋਂ ਬੋਲਾਂ ਤੇ ਉਚਾਰਨ ਸਬੰਧੀ ਵੀ ਲੇਖਕ ਸੁਚੇਤ ਰਿਹਾ ਹੈ। ਆਪਣੇ, ਪੰਜਾਬ ਅਤੇ ਪੰਜਾਬੀਅਤ ਪ੍ਰਤੀ ਪਿਆਰ ਨੂੰ ਨਾਵਲ ਵਿਚ ਯਥਾਯੋਗ ਥਾਂ ਪ੍ਰਦਾਨ ਕੀਤੀ ਹੈ।

ਡਾਕਟਰ ਸਾਹਿਬ ਫੇਰ ਆਇਆ, "ਮੈਂ ਪੜ੍ਹਿਆ ਹੋਇਆ ਏ। ਮੈਨੂੰ ਪੰਜਾਬੀ ਦੀ ਸਮਝ ਏ। ਮੈਂ ਪੰਜਾਬੀ ਦਾ ਚੰਗਾ ਜਾਣੂ ਆਂ।" "ਨਹੀਂ ਤੁਸਾਂ ਜੋ ਪੜ੍ਹਿਆ ਏ ਉਹ ਏਧਰ ਦਾ ਲਿਟਰੇਚਰ ਪੜ੍ਹਿਆ ਹੋਣਾ ਏ। ਏਧਰ

ਤਾਂ ਕੋਈ ਕੰਮ ਈ ਨਹੀਂ ਹੋਇਆ। ਉਸ ਪਾਸੇ ਬੁੱਲ੍ਹੇ ਸ਼ਾਹ ਤੇ ਦੂਜੇ ਪੰਜਾਬੀ ਲਿਟਰੇਚਰ ਉੱਤੇ ਬਹੁਤ ਜ਼ਿਆਦਾ ਕੰਮ ਹੋਇਆ ਏ ਜੋ ਤੁਸਾਂ ਨਹੀਂ ਪੜ੍ਹਿਆ।" "...... ਮੌਲਵੀ ਲੋਕ ਤਾਂ ਪਹਿਲਾਂ ਈ ਬੁੱਲ੍ਹੇ ਸ਼ਾਹ ਤੇ ਹੋ ਪੰਜਾਬੀ ਜ਼ੁਬਾਨ ਦੇ ਅਦਬ ਨਾਲ ਬਾਹਲਾ ਧਰੋ ਕੀਤਾ ਹੋਇਆ ਹੈ। ਸੁੰਨਤਾਂ ਕੀਤੀਆਂ ਹੋਈਆਂ ਨੇ। ਹੁਣ ਤੁਸੀਂ ਉਸਤਰਾ ਲੈ ਕੇ ਟੁਰ ਪਏ ਓ।"

ਨਾਵਲਕਾਰ ਨੇ ਬੁੱਲੇ ਸ਼ਾਹ, ਸ਼ਾਹ ਹੁਸੈਨ ਆਦਿ ਸੂਫ਼ੀ ਸ਼ਾਇਰਾਂ ਦੀ ਕਾਵਿਕ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਸਮਾਜ ਨੂੰ ਕੁਰਾਹੇ ਪਾ ਰਹੇ ਮਜ਼ਹਬ ਤੇ ਉਹਨਾਂ ਨੂੰ ਚਲਾਉਣ ਵਾਲੀ ਜਮਾਤ ਬਾਰੇ ਦਲੇਰਾਨਾ ਬਿਰਤਾਂਤਕ ਪੇਸ਼ਕਾਰੀ ਕੀਤੀ ਹੈ।

ਇਹਦਾ ਕੀ ਕਾਰਨ ਏ ਗੁਰੂ? ਮਜ਼ਹਬੀ ਬੰਦਾ ਤਾਂ ਨੇਕ ਅਖਵਾਂਦਾ ਏ। ਸਾਰੇ ਮਜ਼ਹਬ ਨੇਕੀ ਦੀ ਤਾਲੀਮ ਦਿੰਦੇ ਨੇ। ਫੇਰ ਮਜ਼ਹਬੀ ਬੰਦਾ ਨੇਕ ਕਿਉਂ ਨਹੀਂ ਹੋ ਸਕਦਾ?

ਉਏ ਕਿਹੜਾ ਮਜ਼ਹਬ ਨੇਕੀ ਦੀ ਤਾਲੀਮ ਦੇਂਦਾ ਏ। ਤੇਰੀ ਮੱਤ ਮਾਰੀ ਗਈ ਏ। ਮਜ਼ਹਬ ਹੀ ਤਾਂ ਬੰਦੇ ਨੂੰ ਭੈੜ ਕਰਨ ਦੀ ਇਜਾਜ਼ਤ ਦਿੰਦਾ ਏ। ਮਜ਼ਹਬ ਹੀ ਇਨਸਾਨਾਂ 'ਚ ਫੁੱਟ ਪਾਂਵਦਾ ਏ। ਤੈਨੂੰ ਅਜੇ ਤੀਕਰ ਸਮਝ ਵੀ ਨਹੀਂ ਆਈ। ਮਜ਼ਹਬ ਹਰ ਤਖਲੀਕ ਦਾ ਦੁਸ਼ਮਣ ਏ। •

(ਡੀ.ਏ.ਵੀ. ਕਾਲਜ ਅੰਮ੍ਰਿਤਸਰ)

## ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ
## ਫਾਰਮ ਨੰ-4 ਰੂਲ ਨੰ-8


| | | | |
|---|---|---|---|
| 1. | ਪ੍ਰਕਾਸ਼ਨ ਸਥਾਨ | – | ਜਲੰਧਰ |
| 2. | ਪ੍ਰਕਾਸ਼ਨ ਕਾਲ | – | ਤਿਮਾਹੀ |
| 3. | ਪ੍ਰਕਾਸ਼ਕ ਤੇ ਮਾਲਕ | – | ਡਾ. ਅਨੂਪ ਸਿੰਘ, ਸ਼ਹੀਦ ਸਰਵਣ ਸਿੰਘ ਚੀਮਾ ਭਵਨ 352/1 ਗੜ੍ਹਾ (ਜਲੰਧਰ), ਫੋਨ- 2483033 |
| | ਕੌਮੀਅਤ | – | ਭਾਰਤੀ |
| 4. | ਸੰਪਾਦਕ | – | ਹਰਭਜਨ ਸਿੰਘ ਹੁੰਦਲ, ਪਿੰਡ ਫੱਤੂਚੱਕ, ਡਾਕ :- ਫਿਲਵਾਂ, ਜ਼ਿਲ੍ਹਾ ਕਪੂਰਥਲਾ (144804) |
| | ਕੌਮੀਅਤ | – | ਭਾਰਤੀ |



**ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼**
**ਦੀਆਂ ਕੁਝ ਨਵੀਆਂ ਪੁਸਤਕਾਂ**

1. ਕਵੀਆਂ ਦੇ ਅੰਗ-ਸੰਗ (ਕਾਵਿ ਆਲੋਚਨਾ) ਸਫੇ 280, ਮੁੱਲ 300/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
2. ਮੁਹੱਬਤ ਦਾ ਸਫ਼ਰਨਾਮਾ (ਪਾਕਿਸਤਾਨ ਬਾਰੇ) ਪੰਨੇ 200, ਮੁੱਲ 150/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
3. ਦੋਸਤੀਨਾਮਾ (ਲੰਮੀ ਕਵਿਤਾ) ਪੰਨੇ 65, ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
4. ਅੱਲਾ ਮੀਆਂ ਥੱਲੇ ਆ (ਲਿਪੀ-ਆਂਤਰਣ) (ਲੇਖਕ ਸਾਈਂ ਅਖਤਰ ਲਾਹੌਰੀ) ਪੰਨੇ 96, ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।






# ਸਿਰਦਾਰ / ਜ਼ੋਰਾ ਸਿੰਘ ਸੰਧੂ

ਮੈਂ ਆਪਣੇ ਘਰ ਦੇ ਬਾਹਰਲੇ ਬੂਹੇ ਵਿਚੋਂ ਅੰਦਰ ਲੰਘਿਆ ਤਾਂ ਵੇਖਿਆ, ਬਾਈ ਵਰਾਂਡੇ ਵਿਚ ਬੈਠਾ ਪੀ ਰਿਹਾ ਸੀ। ਸਵੇਰੇ-ਸਵੇਰੇ। ਮੈਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ। ਵੇਖ ਕੇ ਮੈਂ ਹੱਕਾ-ਬੱਕਾ ਰਹਿ ਗਿਆ ਸਾਂ।

ਦੋ ਸਾਲ ਹੋਏ ਸਨ, ਬਾਈ ਨੇ ਮੂੰਹ 'ਤੇ ਨਹੀਂ ਸੀ ਧਰੀ। ਉਹ ਪਹਿਲਾਂ ਵੀ ਸ਼ਰਾਬ ਦਾ ਕੋਈ ਬਹੁਤਾ ਸ਼ੌਕੀਨ ਨਹੀਂ ਸੀ। ਬਸ, ਆਏ-ਗਏ ਤੋਂ, ਸਾਥ ਖ਼ਾਤਰ, ਇਕ ਦੋ ਘੁੱਟਾਂ ਭਰ ਲਿਆ ਕਰਦਾ ਸੀ। ਪਰ ਦੋ ਸਾਲ ਹੋਏ, ਉਹਨੇ ਕਾਕੇ ਦੀ ਸੀਲੈਕਸ਼ਨ ਕਰਵਾਈ ਸੀ। ਇਹੋ ਜਿਹੇ ਅਵਸਰਾਂ 'ਤੇ ਅਤੇ ਅਵਸਰਾਂ ਪਿਛੋਂ ਲੋਕੀਂ ਖੁਸ਼ੀਆਂ ਮਨਾਉਂਦੇ ਨਹੀਂ ਥੱਕਦੇ। ਪਰ ਬਾਈ ਪ੍ਰਹੇਜ਼ਗਾਰ ਹੋ ਗਿਆ ਸੀ।

ਮੈਨੂੰ ਬੂਹੇ ਵੜਦਿਆਂ ਵੇਖ, ਉਹ ਮੇਰੇ ਵੱਲ ਅਹੁਲਣ ਦੀ ਥਾਂ, ਸਗੋਂ ਵਰਾਂਡੇ ਵਿਚੋਂ ਉਠ, ਘਰ ਅੰਦਰ ਚਲਿਆ ਗਿਆ ਸੀ। ਮੇਰੇ ਨਾਲ ਇਸ ਤਰ੍ਹਾਂ ਦੀ ਬੇਰੁਖੀ, ਉਸ ਕਦੇ ਨਹੀਂ ਸੀ ਵਿਖਾਈ। ਮੇਰੇ 'ਤੇ ਨਜ਼ਰ ਪੈਂਦਿਆਂ, ਉਹ ਭੱਜ ਕੇ ਮੇਰੇ ਵੱਲ ਆਂਇਆ ਕਰਦਾ ਸੀ ਤੇ ਮੈਨੂੰ ਆਪਣੀ ਨਿੱਘੀ ਜੱਫੀ ਵਿਚ ਵਲੇਟ ਲਿਆ ਕਰਦਾ ਸੀ। ਮੈਂ ਪਿੰਡ ਨਿੱਤ ਆਵਾਂ, ਸਾਲ-ਛਿਮਾਹੀ ਪਿਛੋਂ ਆਵਾਂ, ਉਹਦੇ ਪਿਆਰ ਤੇ ਨਿੱਘ ਵਿਚ ਕਦੇ ਘਾਟ ਨਹੀਂ ਸੀ ਆਈ। ਮਨੁੱਖ ਗ਼ਰੀਬ ਹੋਵੇ, ਅਮੀਰ ਹੋਵੇ, ਰੱਜਿਆ ਹੋਵੇ, ਭੁੱਖਾ ਹੋਵੇ, ਉਹਨੂੰ ਹੱਥ ਦੀ ਬੁਰਕੀ ਨਾਲੋਂ ਕੁਝ ਵੀ ਪਿਆਰਾ ਨਹੀਂ ਹੁੰਦਾ। ਪਰ ਬਾਈ ਸੀ ਕਿ ਉਹ ਹੱਥ ਦੀ ਬੁਰਕੀ, ਭਾਂਡੇ ਵਿਚ ਸੁੱਟ ਕੇ ਮੈਨੂੰ ਧਾਅ ਕੇ ਮਿਲਿਆ ਕਰਦਾ ਸੀ।

ਤੇ ਅੱਜ!

ਹਾਂ, ਮੈਂ ਅਜੇ ਵਰਾਂਡੇ ਵਿਚ ਪੈਰ ਧਰਿਆ ਹੀ ਸੀ ਕਿ ਉਹ ਅੰਦਰੋਂ ਨੋਟਾਂ ਦੀ ਥੱਬਾ ਚੁੱਕੀ ਨਿਕਲਿਆ। ਤੇ ਆਉਂਦਿਆਂ ਉਹਨੇ ਨੋਟਾਂ ਦਾ ਥੱਬਾ, ਮੇਰੇ ਪੈਰਾਂ ਵਿਚ ਸੁੱਟ ਦਿੱਤਾ ਤੇ ਗੁੱਸੇ ਅਤੇ ਹਕਾਰਤ ਨਾਲ ਗਰਜ ਕੇ ਆਖਿਆ, "ਚੁੱਕ ਇਸ ਗੰਦ ਨੂੰ। ਤੇ ਮੇਰੇ ਘਰੋਂ ਨਿਕਲਦਾ ਹੋ"

ਮੈਥੋਂ ਉਹ ਦਸ ਸਾਲ ਵੱਡਾ ਹੋਵੇਗਾ। ਮੇਰੇ ਬਾਪ ਦੀ ਥਾਂ ਹੁੰਦਿਆਂ, ਉਹ ਕਦੇ ਉੱਚਾ ਬੋਲ ਕੇ, ਮੇਰੇ ਨਾਲ ਗੱਲ ਨਹੀਂ ਸੀ ਕੀਤੀ। ਮੈਨੂੰ ਨਹੀਂ ਯਾਦ ਕਦੇ ਉਹ ਮੇਰੇ ਨਾਲ ਗੁੱਸੇ ਹੋਇਆ ਹੋਵੇ। ਕਦੇ ਮੇਰੇ ਨਾਲ ਨਰਾਜ਼ ਹੋਇਆ ਹੋਵੇ। ਮੈਨੂੰ ਯਾਦ ਹਨ ਤਾਂ ਉਹ ਵਧੀਕੀਆਂ ਜਿਹੜੀਆਂ ਮੈਂ ਮੁੰਡਪੁਣੇ ਵਿਚ, ਜਾਣਿਆਂ ਜਾਂ ਅਣਜਾਣਿਆਂ ਉਹਦੇ ਨਾਲ ਕੀਤੀਆਂ ਸਨ। ਉਹਨੇ ਉਹ ਅਣ-ਗੌਲੀਆਂ ਕਰ ਦਿੱਤੀਆਂ ਸਨ ਤੇ ਅੱਜ ਉਹ ਮੈਨੂੰ ਘਰੋਂ ਨਿਕਲ ਜਾਣ ਦਾ ਆਦੇਸ਼ ਦੇ ਰਿਹਾ ਸੀ। ਘਰ, ਜਿਹੜਾ ਅਜੇ ਸਾਡਾ ਸਾਂਝਾ ਸੀ।

ਮੈਂ ਪਿਛਲੇ ਪੱਚੀ ਸਾਲਾਂ ਤੋਂ ਸ਼ਹਿਰ ਰਹਿ ਰਿਹਾ ਸਾਂ ਪਰ ਅਸੀਂ ਅਜੇ ਤਾਈਂ ਕੋਈ ਵੰਡ-ਵੰਡਾਰਾ ਨਹੀਂ ਸੀ ਕੀਤਾ। ਉਹ ਪਿੰਡ ਵਿਚ ਖਾਂਦੇ-ਪੀਂਦੇ ਤੇ ਮਾਣ-ਸਤਿਕਾਰ ਵਾਲੀ ਜ਼ਿੰਦਗੀ ਜੀ ਰਿਹਾ ਸੀ ਤੇ ਮੇਰੀ ਸ਼ਹਿਰ ਵਿਚ ਵਾਹਵਾ ਗੁਜ਼ਰ-ਬਸਰ ਹੋ ਰਹੀ ਸੀ।

ਨੋਟਾਂ ਦੀਆਂ ਗੱਠੀਆਂ ਫਰਸ਼ 'ਤੇ ਖਿਲਰ ਗਈਆਂ ਸਨ। ਮੈਨੂੰ ਘਰੋਂ ਨਿਕਲ ਜਾਣ ਦਾ ਆਦੇਸ਼ ਦੇਣ ਸਮੇਂ ਉਹ ਗੁੱਸੇ ਵਿਚ ਝੱਗੋ-ਝੱਗ ਹੋਇਆ ਸੀ। ਉਸੇ ਗੁੱਸੇ ਨਾਲ ਉਹ ਫਿਰ ਬਿਫਰਿਆ, "ਆ ਲੈਣ ਦੇ ਉਹਨੂੰ ਵੀ, ਕੁੱਤੇ ਦੇ ਬੀ ਨੂੰ! ਉਹਦੀ ਮਾਂ ............!"

ਵੱਡੇ ਕਮਰੇ ਦਾ ਬੂਹਾ ਖੋਲ੍ਹ, ਵਰਾਂਡੇ ਵਿਚ ਵੜਦੀ ਆਪਣੀ ਨੂੰਹ ਨੂੰ ਵੇਖ ਕੇ ਉਹਨੇ ਗਾਲ੍ਹ ਆਪਣੇ ਮੂੰਹ ਵਿਚ ਘੁੱਟ ਲਈ।

"ਸਾਲਾ ਮੇਰਾ ਆਖਦੈ, ਚੰਗੀ ਥਾਂ ਟਿਕਿਆ ਹੋਇਆ। ਕਮੂਤ ਨੂੰ ਭੁੱਲ ਗਿਐ। ਅਜੇ ਕੱਲ੍ਹ ਮੈਂ ਪੰਦਰਾਂ ਲੱਖ ਤੁੰਨਿਆ। ਦੋ ਸਾਲ ਨ੍ਹੀਂ ਹੋਏ।"

ਉਹਦਾ ਸਾਹ ਚੜ੍ਹਿਆ ਹੋਇਆ ਸੀ ਤੇ ਉਹਦੀਆਂ ਅੱਖਾਂ ਦੇ ਲਾਲ ਰੱਤੇ ਡੇਲੇ ਧਰਤੀ 'ਤੇ ਡਿਗੂੰ-ਡਿਗੂੰ ਕਰਦੇ ਲੱਗਦੇ ਸਨ।

"ਯਰੋ! ਚਾਚੇ-ਭਤੀਜੇ ਨੇ ਰਲ ਕੇ, ਦੁਆਨੀ ਦੇ ਢੇਡ ਤੋਂ, ਸਾਰੇ ਪਿੰਡ ਸਾਹਮਣੇ ਮੇਰੀ ਪਤ ਲੁਆਤੀ। ਹਾਏ ਓਏ ਮੇਰੇ ਡਾਢਿਆ ਰੱਬਾ! ਅੱਜ ਮੈਂ ਕੱਖੋਂ ਹੌਲਾ ਹੋ ਗਿਆ।"

ਉਹਨੇ ਵਿਸਕੀ ਦਾ ਗਲਾਸ ਭਰਿਆ ਤੇ ਇਕੋ ਸਾਹ ਵਿਚ ਜਿਵੇਂ ਲੱਸੀ ਪੀਈਦੀ ਹੈ, ਗਲਾਸ ਆਪਣੇ

ਅੰਦਰ ਸੁੱਟ ਲਿਆ।

ਗਲਾਸ ਖ਼ਾਲੀ ਕਰ ਉਸ ਅੱਖਾਂ ਉਤਾਂਹ ਚੁੱਕੀਆਂ ਤੇ ਨੂੰਹ ਵੱਲ ਝਾਕਿਆ। ਕੁੜੀ ਨੇ ਨੀਵੀਂ ਪਾ ਲਈ। ਕੁੜੀ ਨੇ ਨੀਵੀਂ ਪਾਈ ਤਾਂ ਬਾਈ ਨੇ ਖ਼ਾਲੀ ਗਲਾਸ ਫ਼ਰਸ਼ 'ਤੇ ਦੇ ਮਾਰਿਆ ਤੇ ਉਸ ਇਕ ਝਟਕੇ ਨਾਲ ਆਪਣੇ ਕਮਰੇ ਦਾ ਬੂਹਾ ਖੋਲ੍ਹਿਆ ਤੇ ਵਾਵਰੋਲੇ ਵਾਂਗ ਅੰਦਰ ਲੰਘ ਗਿਆ।

ਨੀਵੀਆਂ ਨਜ਼ਰਾਂ ਦੇ ਬੋਲੇ, ਜ਼ੁਬਾਨ ਦੇ ਬੋਲਾਂ ਉੱਤੇ ਭਾਰੂ ਹੋ ਗਏ ਸਨ। ਬਾਈ ਤੋਂ ਇਨ੍ਹਾਂ ਬੋਲਾਂ ਦੀ ਤਾਬ ਝੱਲੀ ਨਹੀਂ ਸੀ ਗਈ। ਬਾਈ ਨੇ ਕਦੇ ਕੁੱਛੜ ਚੁੱਕ ਕੇ ਉਹਨੂੰ ਲਾਡ ਲਡਾਏ ਸਨ ਤੇ ਅੱਜ ਕੱਲ੍ਹ ਉਹ ਬਾਲੜੀ ਜਿਵੇਂ ਉਹਦੀ ਮਾਂ ਬਣ ਗਈ ਹੋਵੇ ਤੇ ਮਾਂ ਦੀ ਅਬੋਲ ਘੂਰ ਕਿਹੜਾ ਬੱਚਾ ਜਰ ਸਕਦਾ ਹੈ।

ਮੇਰੇ ਭਤੀਜੇ ਲਈ ਇਹ ਕੁੜੀ ਮੇਰੀ ਚੋਣ ਸੀ। ਮੇਰੇ ਤੋਂ ਵੀ ਪਹਿਲਾਂ, ਉਹ ਇਕ ਦੂਜੇ ਦੀ ਚੋਣ ਸਨ। ਮੇਰਾ ਭਤੀਜਾ, ਮੇਰਾ ਬੇਟਾ। ਉਹ ਮੇਰੇ ਅਤਿ ਪਿਆਰੇ ਮਿੱਤਰ ਦੀ ਬੇਟੀ, ਮੇਰੀ ਬੇਟੀ। ਉਹ ਜਿਵੇਂ ਜੰਮੇ ਹੀ ਇਕ ਦੂਜੇ ਲਈ ਹੋਣ। ਇਹ ਇਕ ਲੰਮਾ ਕਿੱਸਾ ਹੈ –ਕਦੇ ਫੇਰ ਸਹੀ।

ਹਾਂ, ਵਿਆਹ ਤੋਂ ਪਹਿਲਾਂ, ਉਹ ਦੋਵੇਂ ਇਕ ਚੰਗੀ ਸਾਖ ਰੱਖਣ ਵਾਲੇ ਪ੍ਰਾਈਵੇਟ ਕਾਲਜ ਦੇ ਅੰਗ੍ਰੇਜ਼ੀ ਵਿਭਾਗ ਵਿਚ ਲੈਕਚਰਾਰ ਸਨ। ਪਿਛੋਂ ਮੁੰਡਾ ਬਾਈ ਨੇ ਪੰਜਾਬ ਸਿਵਲ ਸਰਵਿਸਜ਼ ਵਿਚ ਸੀਲੈਕਟ ਕਰਵਾ ਲਿਆ ਸੀ ਤੇ ਕੁੜੀ ਸਰਕਾਰੀ ਕਾਲਜ ਵਿਚ ਆ ਗਈ ਸੀ।

ਕੁੜੀ, ਪਰਸੋਂ ਮੇਰੀਆਂ ਦੋਹਾਂ ਬੇਟੀਆਂ ਅਤੇ ਪਤਨੀ ਨੂੰ ਨਾਲ ਲੈ ਕੇ ਪਿੰਡ ਆ ਗਈ ਸੀ। ਇਸ ਵਾਰ ਅਸੀਂ ਵੋਟਾਂ ਪਿੰਡ ਆ ਕੇ ਪਾਉਣ ਦਾ ਫ਼ੈਸਲਾ ਕਰ ਲਿਆ ਸੀ। ਸਾਡੀਆਂ ਵੋਟਾਂ ਸ਼ਹਿਰ ਵੀ ਪੈ ਸਕਦੀਆਂ ਸਨ। ਪਿੰਡਾਂ ਵਿਚੋਂ, ਸ਼ਹਿਰਾਂ ਕਸਬਿਆਂ ਵਿਚ ਆ ਵਸੇ ਸਾਰੇ ਲੋਕਾਂ ਨੇ ਆਪਣੀਆਂ ਵੋਟਾਂ ਦੋਹੀਂ ਥਾਵੀਂ ਬਣਵਾਈਆਂ ਸਨ। ਜਿਥੇ ਉਹਨਾਂ ਨੂੰ ਦਿਲਚਸਪੀ ਹੁੰਦੀ, ਆਪਣੀਆਂ ਵੋਟਾਂ ਉਹ ਉੱਥੇ ਪਾ ਲਿਆ ਕਰਦੇ ਸਨ। ਪਿੰਡ ਆ ਕੇ ਵੋਟਾਂ ਪਾਉਣ ਦਾ ਫ਼ੈਸਲਾ ਅਸੀਂ ਇਸ ਕਰਕੇ ਕੀਤਾ ਸੀ ਕਿ ਅਸੀਂ ਆਪਣੇ ਭਾਈਚਾਰੇ ਨੂੰ ਇਹ ਦਰਸਾ ਸਕੀਏ ਕਿ ਇਸ ਵਾਰ ਸਾਨੂੰ ਵੋਟਾਂ ਵਿਚ ਬਹੁਤ ਦਿਲਚਸਪੀ ਹੈ। ਵੇਖੋ ਲੋਕੋ ! ਸਾਡੀਆਂ ਨੂੰਹਾਂ-ਧੀਆਂ ਵੀ ਪਿੰਡ ਚੱਲ ਕੇ ਆਈਆਂ ਹਨ। ਸਾਡੀ ਕਿੰਨੀ ਕੁਰਬਾਨੀ ਹੈ ! ਤੇ ਤਾਈ ਬਿਸ਼ਨੋ ਵਰਗੀਆਂ ਦਾ ਮੂੰਹ ਵੀ ਬੰਦ ਕਰਨਾ ਸੀ। ਵੋਟਾਂ ਪਾਉਣ ਲਈ ਤੁਰਨ ਸਮੇਂ, ਉਹਨੇ ਪਿਛਲੀ ਵਾਰ ਵਾਂਗ ਸੌ ਨਘੋਚਾਂ ਕੱਢਣੀਆਂ ਸਨ। ਏਨਾ ਤਾਂ ਉਹਨੇ ਆਖਣਾ ਹੀ ਆਖਣਾ ਸੀ ਕਿ ਵੱਡੇ ਦੀ ਨੂੰਹ ਆ ਜਾਂਦੀ ਤਾਂ ਉਹਨੂੰ ਆਪਣੀਆਂ ਨੂੰਹਾਂ ਧੀਆਂ ਉਹਦੇ ਨਾਲ ਤੋਰਨੀਆਂ ਸੌਖੀਆਂ ਹੋ ਜਾਂਦੀਆਂ। ਸਾਰੇ ਰੋੜਕੇ ਮੁੱਕ ਜਾਣ ਪਿਛੋਂ, ਪਿਛਲੀ ਵਾਰ ਉਹਨੇ ਇਹ ਹੀ ਗੱਲ ਚਤਾਰੀ ਸੀ ਤੇ ਸਾਨੂੰ ਕੋਈ ਉੱਤਰ ਨਹੀਂ ਸੀ ਅਹੁੜਿਆ। ਇਸ ਵਾਰ ਅਸੀਂ ਇਹ ਨਹੀਂ ਸੀ ਦੁਹਰਾਇਆ ਜਾਣਾ ਚਾਹੁੰਦੇ। ਨਾਲੇ ਇਸ ਬਹਾਨੇ ਪਿੰਡ ਦਾ ਚੱਕਰ ਵੀ ਮਾਰਿਆ ਜਾਣਾ ਸੀ। ਬੱਚਿਆਂ ਨੂੰ ਆਪਣੇ ਪਿੰਡ ਨਾਲ ਜੁੜੇ ਰਹਿਣਾ ਚਾਹੀਦਾ ਹੈ। ਸੋ ਤਿੰਨੇ ਬੱਚੀਆਂ ਤੇ ਮੇਰੀ ਪਤਨੀ ਪਰਸੋਂ ਪਿੰਡ ਪਹੁੰਚ ਗਈਆਂ ਸਨ।

ਤੇ ਮੈਂ ਵੀ ਇਕ ਵਿਸ਼ੇਸ਼ ਟੀਮ ਨਾਲ ਪਿੰਡ ਆ ਕੇ, ਬਾਈ ਨੂੰ ਸਾਰੀ ਵਿਉਂਤ ਸਮਝਾ ਕੇ, ਆਪਣੀ ਟੀਮ ਨਾਲ, ਹੋਰਨੀਂ ਥਾਈਂ ਇਹੋ ਪ੍ਰਬੰਧ ਕਰਨ ਲਈ ਚਲਿਆ ਗਿਆ ਸਾਂ। ਤੇ ਹਲਕਾ ਕਿੰਨਾ ਲੰਮਾ ਚੌੜਾ ਸੀ। ਇਕ ਵਾਰ ਪਿੰਡੋਂ ਨਿਕਲੇ, ਅਗਲੇ ਦਿਨ ਵੋਟਾਂ ਪਾਉਣ ਵੀ ਪਿੰਡ ਨਹੀਂ ਸਾਂ ਪਰਤ ਸਕੇ।

ਤੇ ਅੱਜ ਸਵੇਰੇ-ਸਵੇਰੇ ਆਇਆ ਸਾਂ ਕਿ ਘਰ ਪਰਿਵਾਰ ਵਿਚ ਬੈਠਾਂਗਾ ਤੇ ਮਹੀਨੇ ਭਰ ਦਾ ਥਕੇਵਾਂ ਲਾਹਵਾਂਗਾ।

ਤੇ ਇਥੇ ਬਾਈ ........

ਹਾਂ, ਬਾਈ ਵਾਵਰੋਲੇ ਵਾਂਗ ਆਪਣੇ ਕਮਰੇ ਵਿਚ ਵੜ ਗਿਆ ਤੇ ਉਹਦੇ ਪਿੱਛੇ, ਉਹਦੇ ਕਮਰੇ ਦਾ ਜਾਲੀ ਦਾ ਬੂਹਾ, ਅਜੇ ਵੀ ਤੜਫ-ਤੜਫ ਕੇ ਚੁਗਾਠ ਨਾਲ ਆਪਣਾ ਸਿਰ ਮਾਰ ਰਿਹਾ ਸੀ।

ਕੁੜੀ ਨੇ ਆਪਣਾ ਸਾਰਾ ਤਾਨ ਲਾ ਕੇ, ਆਪਣੀਆਂ ਪਲਕਾਂ ਦਾ ਭਾਰ ਉਤਾਹ ਚੁੱਕਿਆ ਤੇ ਉਹਦੀਆਂ ਨਜ਼ਰਾਂ, ਫਰਸ਼ 'ਤੇ ਖਿਲਰੀਆਂ ਨੋਟਾਂ ਦੀਆਂ ਗੁੱਟੀਆਂ 'ਤੇ ਭਟਕਣ ਲੱਗੀਆਂ। ਪਰ ਇਨ੍ਹਾਂ ਭਟਕਦੀਆਂ ਨਿਗਾਹਾਂ ਲਈ ਟਿਕਾਣਾ ਕਿੱਥੇ ! ਚੈਨ ਕਿੱਥੇ ! ਤੇ ਅਗਲੇ ਪਲ ਇਹ ਮੋਟੀਆਂ, ਹੰਝੂ ਆਈਆਂ ਅੱਖਾਂ, ਮੇਰੇ ਵੱਲ ਭਵੀਆਂ। ਮੈਂ ਅਜੇ ਮਸਾਂ, ਉਨ੍ਹਾਂ ਸੁੱਜੀਆਂ, ਡੁੱਬ ਡੁਬਾਈਆਂ ਅੱਖਾਂ ਵੱਲ ਝਾਕਿਆ ਹੀ ਸਾਂ ਕਿ ਉਹ ਧਾਅ ਕੇ ਮੇਰੇ ਨਾਲ ਆ ਚਿੰਬੜੀ। ਉਹਦੀ ਸਾਰੀ ਕਾਇਆ ਕੰਬ ਰਹੀ ਸੀ। ਉਹਦੇ ਬੁੱਲ੍ਹ, ਜ਼ਖ਼ਮੀ ਘੁੱਗੀ ਦੇ ਖੰਭਾਂ ਵਾਂਗ ਫੜਫੜਾ ਰਹੇ ਸਨ। ਪਰ ਉਹਦੇ ਮੂੰਹੋਂ ਬੋਲ ਨਹੀਂ ਸੀ ਨਿਕਲ ਰਿਹਾ। ਮੈਂ ਉਹਨੂੰ ਪਿਆਰਿਆ,



ਦੁਲਾਰਿਆ, ਉਹਦੀਆਂ ਅੱਖਾਂ ਪੂੰਝੀਆਂ, ਉਹਦਾ ਮੱਥਾ ਚੁੰਮਿਆ ਤੇ ਹੌਲੀ-ਹੌਲੀ ਉਹ ਸਹਿਜ ਹੋਣ ਲੱਗੀ।

ਉਹ ਸਹਿਜ ਹੋ ਗਈ ਤਾਂ ਮੈਂ ਨੋਟਾਂ ਦੀਆਂ ਖਿੱਲਰੀਆਂ ਗੁੱਟੀਆਂ ਇਕੱਠੀਆਂ ਕਰਨ ਲੱਗਾ ਤੇ ਬਿੰਦ ਕੁ ਪਿੱਛੋਂ ਉਹ ਵੀ ਮੇਰੀ ਸਹਾਇਤਾ ਲਈ ਆ ਗਈ। ਅਸੀਂ ਗੁੱਟੀਆਂ ਇਕੱਠੀਆਂ ਕਰ ਲਈਆਂ ਤਾਂ ਮੈਂ ਸੋਚਿਆ ਕਿ ਬਾਈ ਦੇ ਮਗਰ ਉਹਦੇ ਕਮਰੇ ਵਿਚ ਚਲਿਆ ਜਾਵਾਂ। ਪਰ ਮੈਂ ਏਨਾ ਹੀਆ ਨਾ ਕਰ ਸਕਿਆ ਤੇ ਅਸੀਂ ਵੱਡੇ ਕਮਰੇ ਵਿਚ ਚਲੇ ਗਏ।

ਹੁਣ ਤੱਕ ਕੁੜੀ ਆਪਣੇ ਆਪ ਵਿਚ ਆ ਗਈ ਸੀ।

ਉਹ ਆਪਣੇ ਆਪ ਵਿਚ ਆਈ ਤਾਂ ਉਹਨੇ ਦੱਸਿਆ ਕਿ ਉਹਦੇ ਵੱਡੇ ਪਾਪਾ, ਕੱਲ੍ਹ ਸਾਡੇ ਘਰ ਦੇ ਵਿਹੜੇ ਵਿਚ ਬੈਠੇ, ਵੋਟਰਾਂ ਨੂੰ ਪੈਸੇ ਵੰਡ ਰਹੇ ਸਨ। ਉਹ ਆਏ ਜਣੇ ਨੂੰ ਨੋਟ ਦਿੰਦੇ, ਉਹਦੀ ਉਂਗਲ 'ਤੇ ਨਿਸ਼ਾਨ ਲਾਉਂਦੇ ਤੇ ਵਿਹੜੇ ਵਿਚ ਬਿਛੀ ਤਰਪਾਲ 'ਤੇ ਉਹਨੂੰ ਬਹਾ ਦਿੰਦੇ। ਤੇ ਜਿਸ ਦੀ ਉਂਗਲ 'ਤੇ ਉਹ ਨਿਸ਼ਾਨ ਨਹੀਂ ਸਨ ਲਾਉਂਦੇ, ਉਹਦਾ ਹੱਥ ਪੰਜ ਗ੍ਰੰਥੀ 'ਤੇ ਧਰਵਾਉਂਦੇ - ਉਹਨੂੰ ਸੌਂਹ ਪੁਆਉਂਦੇ। ਸੌਂਹ ਪੁਆ, ਉਹਨੂੰ ਦੋ ਨੋਟ ਫੜਾਉਂਦੇ ਤੇ ਵੋਟ ਪਾਉਣ ਲਈ ਭੇਜ ਦਿੰਦੇ।

"ਸੌ ਸਵਾ ਸੌ ਮਰਦ ਔਰਤਾਂ ਆਪਣੇ ਘਰ ਤਰਪਾਲ 'ਤੇ ਬੈਠੇ ਹੋਣਗੇ" ਉਹ ਮੈਨੂੰ ਦੱਸ ਰਹੀ ਸੀ। "ਮੈਂ ਐਸ ਖਿੜਕੀ ਵਿਚੋਂ ਦੀ ਦੇਖਿਆ ਕਿ ਆਪਣਾ ਪੁਰਾਣਾ ਸੀਰੀ ਵਿਸਾਖਾ ਆ ਰਿਹਾ ਸੀ। ਵਸਾਖਾ ਆਇਆ ਤਾਂ ਵੱਡੇ ਪਾਪਾ, ਉਹਨੂੰ ਆਖਦੇ ਮੈਂ ਸੁਣੇ, "ਆ ਬਈ ਵਸਾਖਾ ਸਿਆਂ, ਰੱਖ ਪੋਥੀ ਦੇ ਹੱਥ।"

"ਲੈ ਸਰਦਾਰਾ ਰੱਖ ਦਿੱਤੇ।"

ਪੋਥੀ 'ਤੇ ਹੱਥ ਰੱਖਦਿਆਂ,ਉਹਨੇ ਆਪਣੇ ਹਸੰਦੜੇ ਸੁਭਾ ਅਨੁਸਾਰ ਆਖਿਆ "ਪਰ ਦਿੰਨਾਂ ਕੀ ਐਂ ਵੱਡੇ ਭਾਈ।" ਮੈਨੂੰ ਲੱਗਿਆ ਜਿਵੇਂ ਉਸ ਗੰਭੀਰ ਹੁੰਦਿਆਂ ਆਖਿਆ ਹੋਵੇ। ਕੁੜੀ ਕਹਿ ਰਹੀ ਸੀ ਤੇ ਪਾਪਾ ਨੇ ਦੋ ਨੋਟ ਉਹਦੇ ਵੱਲ ਵਧਾ ਦਿੱਤਾ। "ਲੈ, ਜਾਹ ਪਾ ਵੋਟ।"

"ਖੜ੍ਹੋ ਸਰਦਾਰਾ !" ਵਸਾਖੇ ਨੇ ਆਖਿਆ ਤੇ ਆਪਣੀ ਜੇਬ ਟੋਹਣ ਲੱਗ ਪਿਆ। ਮੈਨੂੰ ਲੱਗਿਆ ਜਿਵੇਂ ਨੋਟ ਸੰਭਾਲਣ ਲਈ ਉਹ ਆਪਣੀ ਜੇਬ ਸੂਤ ਕਰ ਰਿਹਾ ਹੋਵੇ। ਕੁੜੀ ਦੱਸ ਰਹੀ ਸੀ। ਵਸਾਖੇ ਨੇ ਜੇਬ ਵਿਚੋਂ ਪਲਾਸਟਿਕ ਦਾ ਛੋਟਾ ਜਿਹਾ ਲਿਫਾਫਾ ਕੱਢਿਆ। ਲਿਫ਼ਾਫ਼ੇ ਦੀਆਂ ਤਹਿਆਂ ਖੋਲ੍ਹੀਆਂ ਤੇ ਸੌ ਦੇ ਚਾਰ ਮੈਲੇ-ਕੁਚੈਲੇ ਨੋਟ ਕੱਢ ਕੇ ਪਾਪਾ ਵੱਲ ਵਧਾਉਂਦਿਆਂ ਆਖਿਆ,

"ਸਰਦਾਰਾ, ਔਹ ਫੜ ਚਾਰ ਸੌ, ਮੈਂ ਪੋਥੀ 'ਤੇ ਤੇਰਾ ਹੱਥ ਵੀ ਨ੍ਹੀਂ ਧਰਾਉਂਦਾ। ਚੱਲ ਪਾ ਵੋਟ।"

"ਪਾਪਾ ਦਾ ਮੂੰਹ ਅੱਡਿਆ ਦਾ ਅੱਡਿਆ ਰਹਿ ਗਿਆ ਜਿਵੇਂ ਉਹ ਪੱਥਰ ਦਾ ਬੁੱਤ ਬਣ ਗਏ ਹੋਣ ਤੇ ਵਿਹੜੇ ਵਿਚ ਬੈਠੇ ਸਾਰੇ ਜਣੇ, ਝੱਟ ਖੜ੍ਹੇ ਹੋ ਗਏ ਜਿਵੇਂ ਤਰਪਾਲ ਵਿਚ ਬਿਜਲੀ ਦਾ ਕਰੰਟ ਆ ਗਿਆ ਹੋਵੇ।" ਬਿੰਦ ਦੇ ਲਈ ਕੁੜੀ ਜਿਵੇਂ ਸਾਹ ਲੈਣ ਲਈ ਚੁੱਪ ਹੋ ਗਈ ਹੋਵੇ। ਉਹਦੀ ਕਹਾਣੀ ਮੁੱਕ ਗਈ ਲੱਗਦੀ ਸੀ। ਪਰ ਨਹੀਂ ਅਜੇ ਕੁਝ ਕਹਿਣਾ ਬਾਕੀ ਸੀ। ਸੋ ਕੁੜੀ ਬੋਲ ਰਹੀ ਸੀ।

"ਕੱਲ੍ਹ ਸ਼ਾਮ ਤੋਂ ਪਾਪਾ ਪੀ ਰਹੇ ਹਨ। ਪੀ ਰਹੇ ਹਨ ਤੇ ਉਨ੍ਹਾਂ ਨੂੰ ਤੇ ਤੁਹਾਨੂੰ ਮੰਦਾ-ਚੰਗਾ ਬੋਲ ਰਹੇ ਹਨ।" 'ਉਨ੍ਹਾਂ ਤੋਂ' ਉਹਦੇ ਪਤੀ ਵੱਲ ਸੰਕੇਤ ਸੀ। "ਮੰਦਾ-ਚੰਗਾ ਬੋਲ ਰਹੇ ਹਨ ਤੇ ਘਰ ਦੇ ਭਾਂਡੇ ਭੰਨ ਰਹੇ ਹਨ।"

ਬੇਟੀ ਦੀ ਵਿਥਿਆ ਸੁਣ ਕੇ ਪਥਰਾਏ ਜਾਣ ਦੀ ਹੁਣ ਮੇਰੀ ਵਾਰੀ ਸੀ। ਸੋ ਹੁਣ ਮੈਂ ਪੱਥਰ ਦਾ ਬੁੱਤ ਬਣ ਗਿਆ ਸਾਂ।

ਕੁਝ ਚਿਰ ਪਿਛੋਂ ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਪਥਰਾਏ ਅੰਗਾਂ ਵਿਚ ਹਰਕਤ ਹੋਣ ਲੱਗ ਪਈ ਹੋਵੇ। ਮੈਨੂੰ ਲੱਗਿਆ ਜਿਵੇਂ ਮੇਰੇ ਮੋਢੇ 'ਤੇ ਘੁੱਗੀ ਦੇ ਖੰਭ ਫੜਫੜਾ ਰਹੇ ਹੋਣ। ਕੂਲੀ-ਕੂਲੀ, ਕਿੰਨੀ ਸੁਖਾਵੀ ਇਹ ਛੋਹ ਸੀ।

ਮੇਰੀ ਸੁਰਤ ਪਰਤ ਰਹੀ ਸੀ।

ਸੁਰਤ ਪਰਤੀ ਤਾਂ ਮੈਂ ਵੇਖਿਆ, ਮੇਰੇ ਮੋਢੇ 'ਤੇ ਘੁੱਗੀ ਦੇ ਖੰਭ ਨਹੀਂ ਸਨ। ਇਹ ਤਾਂ ਮੇਰੀ ਬੇਟੀ ਦਾ ਪਿਆਰ ਨਾਲ ਲਰਜ਼ਦਾ ਹੱਥ ਸੀ। ਹੋਸ਼ ਆਈ ਜਿਵੇਂ ਬਿਜਲੀ ਕੌਂਦ ਗਈ ਹੋਵੇ। ਇਕ ਅਲੋਕਾਰ ਚਕਾਚੌਂਧ। ਤੇ ਇਸ ਅੰਨ੍ਹਿਆਂ ਨੂੰ ਸੁਜਾਖਿਆਂ ਕਰ ਦੇਣ ਵਾਲੇ ਚਾਨਣੇ ਨੇ ਜਿਵੇਂ ਇਕ ਭੇਦ ਖੋਲ੍ਹ ਦਿੱਤਾ ਹੋਵੇ। ਇਕ ਭੇਦ ਕਿ ਵਸਾਖਾ ਤਾਂ 'ਸਿਰਦਾਰ' ਹੈ। ਫਿਰ ਮੈਂ ਤੇ ਮੇਰਾ ਬਾਈ ਕੀ ਹਾਂ? ਸਾਡੇ ਵਰਗੇ ਅਨੇਕਾਂ ਹੋਰ ਕੀ ਹਨ? ਮੈਥੋਂ ਬੋਲ ਨਹੀਂ ਹੁੰਦਾ। ਸੱਚ ਬੋਲ ਸਕਣਾ ਕਿੰਨਾ ਔਖਾ ਹੁੰਦਾ ਹੈ, ਯਾਰੋ !! •

# ਵਿਅਕਤੀਗਤ ਰੁਦਨ ਆਧੁਨਿਕ ਸੰਵੇਦਨਾ ਨਹੀਂ ਹੋ ਸਕਦਾ

ਸੁਲੱਖਣ ਸਰਹੱਦੀ

**ਸੰਦਰਭ : 'ਚਿਰਾ.ਗ' ਜੁਲਾਈ-ਸਤੰਬਰ-49 ਵਿਚ ਛਪਿਆ 'ਬਸਤੀ ਬਸਤੀ ਜੰਗਲ' .ਗਜ਼ਲ ਸੰਗ੍ਰਹਿ ਸਬੰਧੀ ਪ੍ਰਤੀਕਰਮ।**

ਪੰਜਾਬੀ .ਗਜ਼ਲ ਅੱਜ ਇਸ ਸ਼ਾਨਦਾਰ ਪੜਾਅ ਉੱਤੇ ਪਹੁੰਚ ਗਈ ਹੈ ਕਿ ਹੁਣ ਇਸ ਦੀਆਂ ਲੋਕ-ਪੱਖੀ ਰੌਸ਼ਨ ਸੰਭਾਵਨਾਵਾਂ ਹਨ। .ਗਜ਼ਲ ਦੀ ਪਹਿਲੀ ਜੰਗ ਉਸ ਵੱਲੋਂ ਪੰਜਾਬੀਆਂ ਦੇ ਦਿਲਾਂ ਅੰਦਰ ਸਥਾਪਿਤ ਹੋਣਾ ਸੀ ਤੇ ਹੁਣ ਉਸਦੀ ਅਗਲੀ ਕੋਸ਼ਿਸ਼ ਤਕਨੀਕੀ ਹੁਨਰ ਨੂੰ ਬਾਖ਼ੂਬੀ ਅਪਣਾਉਂਦਿਆਂ ਜ਼ਿੰਦਗੀ ਦੀਆਂ ਵਿਸੰਗਤੀਆਂ, ਜਟਿਲਤਾਵਾਂ, ਕੁਹਝਾਂ-ਕੋਹੜਾਂ ਨੂੰ ਸੂਖਮਤਾ ਨਾਲ ਮਨੁੱਖ ਹਿੱਤੂ ਦ੍ਰਿਸ਼ਟੀ ਕੋਣ ਤੋਂ ਪੇਸ਼ ਕਰਕੇ ਪੰਜਾਬੀਅਤ ਦੀ ਮਿੱਟੀ ਦੀ ਖੁਸ਼ਬੂ ਨਾਲ ਸਰਸ਼ਾਰ ਹੋ ਕੇ ਨਵੀਆਂ ਬੁਲੰਦੀਆਂ ਛੂਹਣਾ ਹੈ। ਪੰਜਾਬੀ .ਗਜ਼ਲ ਅੱਜ ਨਜ਼ਾਕਤ ਨਾਲ ਬਰੀਕ ਤੋਂ ਬਰੀਕ ਗੱਲ ਕਰਨ ਦੇ ਯੋਗ ਹੈ। ਪਰ ਇਸ ਨੇ ਸੀਮਤ ਘੇਰੇ ਵਿਚੋਂ ਨਿਕਲ ਕੇ ਜਨ-ਸਾਧਾਰਣ, ਲੋਕ ਸੰਘਰਸ਼ਾਂ ਅਤੇ ਲੋਕ ਸਭਿਆਚਾਰ ਦੇ ਹਾਣ ਦੀ ਹੋਣਾ ਹੈ। ਇਸ ਨੇ ਗੂੰਗੇ ਬੋਲਾਂ ਦੀ ਜ਼ੁਬਾਨ ਬਣਨਾ ਹੈ ਅਤੇ ਬੁਝ ਰਹੀਆਂ ਅੱਖਾਂ ਨੂੰ ਫੇਰ ਤੋਂ ਜਗਮਗਾਉਂਦੇ ਸੁਪਨੇ ਅਤੇ ਚਿਰਾ.ਗ ਦੇਣੇ ਹਨ। .ਗਜ਼ਲ ਨੇ ਪਾਰ ਕਿਨਾਰੇ ਜਾਣ ਵਾਲੇ ਕਰਮਰਤ ਮਲਾਹਾਂ ਦਾ ਗੀਤ ਬਣਨਾ ਹੈ। ਇਸ ਨੇ ਸੰਘਰਸ਼ ਕਰਕੇ ਲੋਕਾਂ ਦੀ ਚੇਤਨਾ ਤੇ ਸ਼ਕਤੀ ਬਣਨਾ ਹੈ ਅਤੇ ਮਜ਼ਦੂਰ ਦੇ ਹੱਥ ਦੀ ਰੰਬੀ-ਕੱਸੀ ਦਾਤਰੀ ਵੀ। ਨਿਸਚੇ ਹੀ ਇਸ ਨਾਜ਼ਾਂ ਭਰੀ ਮੁਟਿਆਰ .ਗਜ਼ਲ ਨੇ ਇਸ਼ਾਰਿਆਂ ਨਾਲ ਪਿਆਰ ਦੇ ਹੁਸਨ ਦੇ ਅਰਥ ਸਮਝਾਉਣੇ ਹਨ ਪ੍ਰੰਤੂ ਇਹ ਪੰਜਾਬਣ ਹੈ ਤੇ ਪੰਜਾਬਣਾਂ ਨੇ ਜ਼ੁਲਮ ਦੇ ਖ਼ਿਲਾਫ ਆਪਣੀਆਂ ਝੋਲੀਆਂ ਵਿਚ ਆਪਣੇ ਬਾਲਾਂ ਦੇ ਟੋਟੇ ਪੁਆ ਕੇ ਵੀ ਹੰਝੂ ਨਹੀਂ ਸੀ ਕੇਰਿਆ। ਇਹ ਮਰਤਬਾ ਵੀ .ਗਜ਼ਲ ਨੇ ਪਾਉਣਾ ਹੈ। ਗੰਦਗੀ ਨਾਲ ਲਬਰੇਜ਼ ਰਾਜਨੀਤੀ ਦੇ ਚੱਕਰਵਿਊ ਵਿਚ ਫਸੀ ਅਗਿਆਨਤਾ ਅਤੇ ਧਰਮਅੰਧਤਾ ਦੀ ਹਨੇਰੀ ਖੱਡ ਵਿਚ ਡਿੱਗੀ ਲੋਕ ਵਹੀਰ ਨੂੰ ਸਹੀ ਦਿਸ਼ਾ ਅਤੇ ਦਸ਼ਾ ਏਸੇ ਨੇ ਪ੍ਰਦਾਨ ਕਰਨੀ ਹੈ। .ਗਜ਼ਲ ਨੇ ਬਾਖ਼ੂਬੀ ਸਾਬਤ ਕਰ ਦਿੱਤਾ ਹੈ ਕਿ ਤਕਨੀਕ ਦੀ ਬਰੀਕੀ ਨਾਲ ਪਾਲਣਾ ਕਰਦਿਆਂ ਵੀ ਲੋਕਤਾ ਤੇ ਲੋਕ ਭਾਵਾਂ ਨੂੰ ਮਨਫੀ ਨਹੀਂ ਹੋਣਾ ਦਈਦਾ। .ਗਜ਼ਲ ਨੂੰ ਪੰਜਾਬੀ ਸਾਹਿਤ ਤੋਂ ਅਤੇ ਖ਼ਾਸ ਕਰ ਪੰਜਾਬੀ ਕਵਿਤਾ ਤੋਂ ਵੱਖ ਕਰਕੇ ਨਹੀਂ ਦੇਖਿਆ ਜਾਣਾ ਚਾਹੀਦਾ। ਵਿਸ਼ੇਸ਼ ਕਰਕੇ ਵਿਸ਼ੇ ਪੱਖ ਤੋਂ। ਅੱਜ ਸਮੁੱਚੇ ਭਾਰਤੀ ਸਮਾਜ ਸਮੇਤ ਪੰਜਾਬੀ .ਗਜ਼ਲਕਾਰਾਂ ਸਾਹਮਣੇ ਪ੍ਰਮੁੱਖ ਚੁਣੌਤੀ ਵਾਪਰ ਰਹੇ ਯਥਾਰਥ ਨੂੰ ਹੰਸ ਬੁੱਧ ਨਾਲ ਸਮਝਣ ਪਰਖਣ ਨਿਖੇੜਨ ਅਤੇ ਸ਼ੁੱਧ ਰੂਪ ਵਿਚ ਪੇਸ਼ ਕਰਨ ਦੀ ਹੈ। ਇਕ .ਗਜ਼ਲਕਾਰ ਦੇ ਮਨ ਮਸਤਕ ਵਿਚ ਪੂਰੇ ਸੰਸਾਰ ਦੀ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਚੌਗਿਰਦੇ ਦੀ ਸਾਫਗੋ ਤੇ ਸਪੱਸ਼ਟ ਤਸਵੀਰ ਹੋਣੀ ਲੋੜਦੀ ਹੈ। ਹਿੰਦੁਸਤਾਨ ਦੇ ਇਤਿਹਾਸ-ਮਿਥਿਹਾਸ ਵਿਚੋਂ ਇਕ .ਗਜ਼ਲਕਾਰ ਨੂੰ ਚੰਗੇ ਅਤੇ ਲੋਕ-ਮੁਖੀ ਘਟਨਾਵੀਂ ਬਿੰਬ-ਚਿੰਨ੍ਹ ਸੰਚਾਰਤ ਕਰਨੇ ਚਾਹੀਦੇ ਹਨ। ਇਕ .ਗਜ਼ਲਕਾਰ ਕੋਲ ਐਸੀ ਦਿੱਬ-ਦ੍ਰਿਸ਼ਟੀ ਹੋਣੀ ਚਾਹੀਦੀ ਹੈ ਕਿ ਉਹ ਆ ਰਹੇ ਦਿਨਾਂ ਨੂੰ ਆਪਣੇ ਸ਼ਿਅਰਾਂ ਵਿਚ ਢਾਲ ਸਕੇ। ਸੰਨ ਸੰਤਾਲੀ, ਏ.ਕੇ ਸੰਤਾਲੀ, ਦਿੱਲੀ ਦੇ ਸਿੱਖ ਵਿਰੋਧੀ ਦੰਗੇ, ਭਿੰਡਰਾਂਵਾਲਾਂ, ਇੰਦਰਾ ਗਾਂਧੀ, ਬਾਬਰੀ ਮਸਜਿਦ ਦਾ ਢਹਿਣਾ ਅਤੇ ਅਨੇਕਾਂ ਹੋਰ ਐਸੇ ਲੋਕ ਵਿਰੋਧੀ ਵਰਤਾਰਿਆਂ ਨੂੰ ਸਮਝਣ ਵਾਸਤੇ ਇਕ .ਗਜ਼ਲਗੋ ਨੂੰ ਡੂੰਘੇ ਅਤੇ ਵਿਸਤਰਤ ਚਿੰਤਨ ਮਨਣ ਤੋਂ ਬਾਅਦ ਆਪਣੇ ਆਚਰਨ ਨੂੰ ਵੀ ਇਤਿਹਾਸ ਤੋਂ ਭਵਿੱਖਮੁਖੀ ਅਤੇ ਲੋਕ-ਮੁਖੀ ਬਣਾਉਣਾ ਪੈਣਾ ਹੈ। .ਗਜ਼ਲਗੋ ਨੂੰ ਉਸ ਕੂੜ ਪਸਾਰੇ ਬਾਰੇ ਵੀ ਚੇਤਨ ਹੋਣਾ ਚਾਹੀਦਾ ਹੈ ਜੋ ਬੁਰਜੁਆਜ਼ੀ ਵਲੋਂ ਇਲੈਕਟ੍ਰੋਨਿਕਸ ਅਤੇ ਪ੍ਰਿੰਟ ਮੀਡੀਏ ਤੋਂ ਲੈ ਕੇ ਟੁੱਕੜ ਬੋਚ ਲੋਕ ਵਿਰੋਧੀ ਅਖਾਉਤੀ ਵਿਦਵਾਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ। ਕੂੜ ਦੀ ਅਮਾਵਸ ਵਿੱਚ ਸੱਚ ਦਾ ਚੰਦਰਮਾ ਅੱਜ ਦੇ ਪੰਜਾਬੀ .ਗਜ਼ਲਗੋ ਨੂੰ ਲੱਭਣਾ ਸਿਰਜਣਾ ਹੀ ਪੈਣਾ ਹੈ। ਸੰਸਾਰ ਪੱਧਰ ਉੱਤੇ ਰਾਜਨੀਤਕ ਧਾਰਮਿਕ ਤੇ ਸਭਿਆਚਾਰਕ ਪਰਿਪੇਖ ਵਿਚ ਐਨੀਆਂ ਗੁੰਝਲਦਾਰ ਜਟਿਲਤਾਵਾਂ ਹਨ ਕਿ ਇਹਨਾਂ ਨੂੰ ਸਮਝਣ ਵਾਸਤੇ ਇਕੋ-ਇਕ ਲੋਕ ਮੁਖੀ ਵਿਗਿਆਨਕ ਵਿਧੀ ਵਿਰੋਧ ਵਿਕਾਸ ਹੀ ਹੈ। ਇਸ ਇਤਿਹਾਸਕ ਪਦਾਰਥਵਾਦ ਨੇ ਹੀ ਸੱਚ ਨੂੰ ਪਹੁੰਚਣਾ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਪ੍ਰੋਫੈਸਰ ਮੋਹਣ ਸਿੰਘ, ਬਾਵਾ ਬਲਵੰਤ ਅਤੇ ਹੋਰ ਅਨੇਕਾਂ .ਗਜ਼ਲਕਾਰਾਂ ਨੇ



.ਗਜ਼ਲ ਨੂੰ ਜਿਹਨਾਂ ਲੋਕ-ਮੁਖੀ ਧਾਰਨਾਵਾਂ ਅਨੁਸਾਰ ਤੋਰਿਆ ਸੀ ਉਹ ਅੱਜ ਵੀ ਮਾਣ-ਮੱਤੀਆਂ ਹਨ। ਭਾਵੇਂ ਕਿ ਇਸ ਲੋਕ-ਧਾਰਾਈ .ਗਜ਼ਲ ਦੇ ਦੁੱਧ ਵਿਚ ਕਾਂਜੀ ਦੀ ਛਿੱਟ ਪਾਉਣ ਵਾਲੇ ਵੀ ਸਰਗਰਮ ਸਨ ਤੇ ਹਨ।

ਪੰਜਾਬੀ .ਗਜ਼ਲ ਪੰਜਾਬੀ ਕਵਿਤਾ ਵਾਂਗ ਹੀ ਦੋ ਵਿਰੋਧੀ ਖੇਮਿਆਂ ਵਿਚ ਵੰਡੀ ਰਹੀ ਹੈ। ਇਕ ਧਿਰ ਸਮਝਦੀ ਹੈ ਕਿ .ਗਜ਼ਲ ਰਾਹੀਂ ਲੋਕਾਂ ਦੇ ਦੁੱਖਾਂ-ਦਰਦਾਂ ਅਤੇ ਥੁੜਾਂ-ਲੋੜਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ। ਉਹ ਸਮਝਦੇ ਹਨ ਕਿ ਜ਼ਿੰਦਗੀ ਨੂੰ ਸੁੰਦਰ ਬਣਾਇਆ ਜਾ ਸਕਦਾ ਹੈ। ਉਹ ਲੋਕ ਸੰਘਰਸ਼ਾਂ ਦੀ ਤਰਜਮਾਨੀ ਵੀ ਕਰਦੇ ਹਨ ਅਤੇ ਲੋਕ-ਵਹੀਰਾਂ ਦੀ ਚੇਤਰ ਸੂਹੀ ਤੋਰ ਦਾ ਸਤਿਕਾਰ ਵੀ ਕਰਦੇ ਹਨ। ਇਹ .ਗਜ਼ਲਕਾਰ ਹਮੇਸ਼ਾ ਦਸ਼ਮੇਸ਼ੀ ਰਾਹ ਚੁਣਦੇ ਹਨ। ਇਹਨਾਂ ਦੀ ਆਸਥਾ ਲੋਕ ਹੁੰਦੇ ਹਨ। ਇਹ .ਗਜ਼ਲਕਾਰ ਸਮਝਦੇ ਹਨ ਕਿ ਜੋ ਸਾਹਮਣੇ ਦਿਸ ਰਿਹਾ ਹੈ ਇਹ ਸੱਚ ਨਹੀਂ ਹੈ ਸਗੋਂ ਸੱਚ ਇਹ ਹੈ ਕਿ ਲੋਕਾਂ ਨੇ ਹਰ ਹਾਲਤ ਵਿਚ ਇਕਸਾਰ ਮੌਕਿਆਂ ਦੀ ਤਲਾਸ਼ ਕਰ ਲੈਣੀ ਹੈ। ਇਹ ਲੋਕ ਪੈਗੰਬਰੀ ਕਰਦੇ ਹਨ। ਇਹ ਸੁਨਹਿਰੀ ਜੀਵਨ ਜਾਚ ਦੀ ਤਸਵੀਰ ਵਾਹੁੰਦੇ ਹਨ। ਇਹ ਲੋਕਤਾ ਦੇ ਸ਼ੈਦਾਈ ਹੁੰਦੇ ਹਨ। ਇਹਨਾਂ ਦੀਆਂ .ਗਜ਼ਲਾਂ ਇਕ ਹਥਿਆਰ ਹੁੰਦੀਆਂ ਹਨ ਜਿਸ ਨਾਲ ਇਹ ਜ਼ਿੰਦਗੀ ਦਾ ਕੋਹੜ-ਕੁਹਝ ਵੱਢਦੇ ਹਨ। ਅੱਜ ਇਹ ਧਿਰ ਲੋਕ ਬੋਲੀ ਅਤੇ ਲੋਕ ਸ਼ੈਲੀ ਨੂੰ ਸ਼ਿਅਰੀਂ ਢਾਲ ਰਹੀ ਹੈ। ਨਵੇਂ-ਨਵੇਂ ਲੋਕ ਬਿੰਬ ਲੋਕ ਮੁਹਾਵਰੇ ਅਤੇ ਲੋਕਾਂ ਨੂੰ ਪ੍ਰਣਾਏ ਹੋਏ ਵਿਸ਼ੇ ਸ਼ਿਅਰਾਂ ਵਿਚ ਢਾਲੇ ਜਾ ਰਹੇ ਹਨ। ਇਹ ਧਿਰ ਸਮਕਾਲੀ ਕਰੂਰ ਵਿਵਸਥਾਗਤ ਯਥਾਰਥ ਦੀਆਂ ਲੋਕ ਹਿੱਤ ਵਿਚ ਸ਼ਿਅਰਾਂ ਰਾਹੀਂ ਪਰਤਾਂ ਉਧੇੜ ਰਹੇ ਹਨ। ਜਮਾਤੀ ਵੰਡੀਆਂ ਤਣਾਵਾਂ ਤੇ ਟਕਰਾਵਾਂ ਵਾਲੇ ਸਮਾਜ ਵਿਚ ਜਿਹੜਾ ਮਾਨਵੀ ਹੋਂਦ ਤੇ ਚੇਤਨਾ ਨਾਲ ਵਾਪਰ ਰਿਹਾ ਹੈ ਉਸ ਨੂੰ ਇਸ ਧਿਰ ਦੇ .ਗਜ਼ਲਗੋ ਬੜੇ ਤਿੱਖੇ. ਦਿਲ ਵਿੰਨਵੇਂ ਅਤੇ ਮਾਰਮਿਕ ਵਿਅੰਗ ਨਾਲ ਗੰਦੇ ਫੋੜੇ ਨੂੰ ਚੀਰੇ ਦੇ ਕੇ ਮਲ੍ਹਮ ਭਰ ਦਿੰਦੇ ਹਨ। ਇਸ ਧਿਰ ਦੇ .ਗਜ਼ਲਗੋਆਂ ਨੇ ਪੰਜਾਬੀਆਂ ਦਾ ਖੁੱਲਾ ਖੁਲਾਸਪਨ, ਖੁੱਲ ਦਿਲੀਂ, ਸਖ਼ਤ ਮਿਹਨਤ ਅਤੇ ਮਿਹਨਤ ਦਾ ਇਵਜ਼ਾਨਾ ਲੈਣ ਹਿੱਤ ਦਲੇਰ ਬਬੇਕ ਤਰਕ, ਅਭਿਆਸ ਦੇ ਵਰਸੋਏ ਖ਼ਤਰੇ ਮੁੱਲ ਲੈਣਾ, ਸਾਫਗੋਈ ਲਬ-ਲਬੇੜ ਤੋਂ ਮੁਕਤ, ਔਗੁਣਿਆਂ ਖ਼ਿਲਾਫ ਘਰ ਘਾਟ ਛੱਡਣ ਵਾਲੇ ਅਤੇ ਆਪਣੇ ਸਭਿਆਚਾਰ ਵਾਸਤੇ ਹੱਸ-ਹੱਸ ਕੇ ਬੰਦ-ਬੰਦ ਕਟਵਾਉਣ ਦੇ ਸੁਭਾਅ ਨੂੰ ਸਮਝ ਕੇ ਆਪਣੇ ਸ਼ਿਅਰਾਂ ਨੂੰ ਇਹਨਾਂ ਦੀ ਮੰਗ ਉੱਤੇ ਢਾਲਣਾ ਅਰੰਭਿਆ ਹੋਇਆ ਹੈ। ਇਹ ਧਿਰ ਹੁਣ .ਗਜ਼ਲ ਨੂੰ ਰਵਾਇਤੀ ਰੰਗਾਂ ਅਤੇ ਸ਼ਰਾਬੀ ਹਵੇਲੀਆਂ 'ਚੋਂ ਕੱਢ ਕੇ ਲੋਕਾਂ ਦੇ ਦਿਲ ਦੀ ਬਾਤ ਪਾ ਰਹੀ ਹੈ। ਇਹ ਧਿਰ ਸਮਝਦੀ ਹੈ ਕਿ ਆਦਮੀ ਦੀ ਅੰਦਰਲੀ ਟੁੱਟ-ਭੱਜ ਅਤੇ ਸ਼ਖਸੀ ਤਿੜਕਣ ਸਮਾਜ ਤੋਂ ਪਰ੍ਹੇ ਦੀ ਸ਼ੈਅ ਨਹੀਂ ਸਗੋਂ ਸਮਾਜ ਦਾ ਹੀ ਵਰਤਾਰਾ ਹੈ। ਸਾਹਿਬਾਂ ਜਾਂ ਹੀਰ ਦਾ ਮਸਲਾ ਸ਼ਖਸੀ ਨਹੀਂ ਸਮਾਜੀ ਹੈ। ਕਿਸੇ ਇਕੱਲੇਕਾਰੇ ਦਾ ਰੁਦਨ ਜੇਕਰ ਸਮਾਜਕ ਅੱਖ ਦਾ ਅੱਥਰੂ ਨਹੀਂ ਬਣਦਾ ਤਾਂ ਉਸ ਰੁਦਨ ਨੂੰ ਆਧੁਨਿਕ ਸੰਵੇਦਨਾ ਕਹਿਣਾ ਖੁਸਰਾਗਰਦੀ ਤੋਂ ਸਿਵਾ ਹੋਰ ਕੁਝ ਵੀ ਨਹੀਂ। ਇਹ ਸੁਖਨਵਰ ਸਾਹ ਜੋਗੀ ਹਵਾ ਵਾਸਤੇ ਧਰਤੀ ਉੱਤੇ ਅਮਨ ਦੀ ਮੰਗ ਕਰਦੇ ਹਨ।

ਪੰਜਾਬੀ .ਗਜ਼ਲਕਾਰਾਂ ਵਿਚ ਦੂਸਰੀ ਧਿਰ ਵੀ ਹਮੇਸ਼ਾ ਹੀ ਸਰਗਰਮ ਰਹੀ ਹੈ ਅਤੇ ਅੱਜ ਫਿਰ ਉਹ ਸੋਵੀਅਤ ਢਹਿਣ ਬਾਅਦ ਉੱਤਰ ਆਧੁਨਿਕਤਾ ਦੇ ਲਬਾਦੇ ਹੇਠ ਲੋਕ ਵਿਰੋਧੀ ਤੇ ਸਾਜ਼ਿਸ਼ੀ ਮਾਪਦੰਡ ਘੜ ਰਹੇ ਹਨ। ਇਹ ਬੜੀ ਬਾਰੀਕੀ ਨਾਲ ਤੇ ਸਹਿਜ ਨਾਲ ਦੂਜੀ ਧਿਰ ਦੇ .ਗਜ਼ਲਕਾਰਾਂ ਨੂੰ ਲੋਕ ਵਿਰੋਧੀ ਸ਼ਖਸੀ ਰੁਦਨ ਅਤੇ ਘੋਗੇ ਵਿਚ ਕੈਦ ਹੋ ਕੇ ਨੀਰੋ ਦੀ ਬੰਸਰੀ ਵਜਾਉਣ ਦੀ ਸਲਾਹ ਦੇਂਦੇ ਹਨ। ਹਰ ਯੁੱਗ ਵਿੱਚ ਹੀ ਜਿੱਥੇ ਲੱਖਾਂ ਲੋਕ ਜ਼ੁਲਮ ਦੇ ਖ਼ਿਲਾਫ ਜੂਝਣ ਵਿਚ ਆਪਣੀ ਆਸਥਾ ਤੇ ਹੋਂਦ ਤਲਾਸ਼ਦੇ ਰਹੇ ਹਨ ਉੱਥੇ ਇਕ ਐਸੀ ਧਿਰ ਵੀ ਮੌਜੂਦ ਰਹੀ ਹੈ ਜੋ ਜ਼ਾਲਮ ਦੇ ਨਾਲ ਜਾ ਖਲੋਤੇ ਰਹੇ ਹਨ। ਪੋਰਸ ਤੇ ਅੰਬੀ ਦੀ ਮਿਸਾਲ ਰੌਸ਼ਨ ਹੈ। ਪੰਜਾਬ ਅੰਦਰ ਜਦ ਸਵਾ ਮਣ ਜਨੇਊ ਲੱਥ ਰਹੇ ਸਨ ਤੇ ਪੰਜਾਬੀ ਆਇਤਾਂ ਪੜ੍ਹਨ ਲੱਗ ਗਏ ਸਨ, 'ਘਰ-ਘਰ ਅੰਦਰ ਮੀਆਂ ਅਵਰਾ ਜੀਆਂ, ਬੋਲੀ ਅਵਰ ਤੁਮਾਰੀ' ਹੋਣ ਲੱਗੀ ਸੀ ਤਦ ਬਹੁਤ ਐਸੇ ਬਹਾਦਰ ਵੀ ਸਨ ਜੋ ਘਰ-ਘਾਟ ਛੱਡ ਕੇ ਆਨੰਦਪੁਰ ਸੀਸ ਵਾਰਨ ਚਲੇ ਗਏ ਸਨ। ਇਸ ਅਧੋਗਾਣੀ ਤੇ ਅੱਯਾਸ਼ ਧਿਰ ਦੇ .ਗਜ਼ਲਕਾਰ ਵੀ ਹਨ। ਇਹ ਸਮਝਦੇ ਹਨ ਕਿ ਸੰਸਾਰ ਦੀਆਂ, ਜ਼ੁਲਮ ਦੀਆਂ, ਔਰੰਗੀਆਂ, ਫਿਰੰਗੀਆਂ ਦੀਆਂ ਵਿਰੋਧੀ ਤਾਕਤਾਂ ਦਾ ਟਾਕਰਾ ਕਰਨ ਦੀ ਬਜਾਇ ਸਾਨੂੰ ਸ਼ਖਸੀ ਮਸਤੀ ਵਿਚ ਲੀਨ ਰਹਿਣਾ ਚਾਹੀਦਾ ਹੈ। ਜ਼ਾਲਮੀ ਧਾੜਾਂ ਦੇ ਰਾਹ 'ਚੋਂ ਪਰ੍ਹੇ ਮਨ ਦੀ ਕੁੰਦਰ ਵਿਚ ਆਪਣੀਆਂ ਤੂੜਾਂ ਦੇ ਅਤੇ ਭਾਂਜਵਾਦੀ ਸਥਿਤੀ ਦੀ ਵਕਾਲਤ ਕਰਦੇ ਸੋਮਰਸੀ- ਸੁਥਰੇ ਸ਼ਾਹੀ ਸ਼ਿਅਰ ਲਿਖਦੇ ਰਹਿਣਾ ਚਾਹੀਦਾ ਹੈ। ਇਹ .ਗਜ਼ਲਕਾਰ ਆਪਣੇ ਸੁਆਰਥੀ ਘੋਗੇ ਵਿਚ ਬਣਾਉਟੀ ਸ਼ਿਅਰਾਂ ਦੇ ਮੋਤੀ ਭਾਲਦੇ-ਬੀਜਦੇ ਰਹਿੰਦੇ ਹਨ। ਇਸ ਧਿਰ ਦੇ ਸ਼ਾਇਰ ਹੋਰ ਕਲਾਵਾਂ ਵਾਂਗ ਸ਼ਾਇਰੀ ਦੀ ਕਲਾ ਨੂੰ ਵੀ ਇਕ ਸੁਗੰਧਿਤ

ਅਧਾਰ-ਭੂਮੀ ਦੇ ਰੂਪ ਵਿਚ ਮੰਨਦੇ ਹਨ। ਇਹ ਲੋਕ ਸਮਝਦੇ ਹਨ ਕਿ ਦੁਨੀਆ, ਸੰਸਾਰ, ਸਮਾਜ ਆਦਿ ਸਵੈਚਾਲਿਤ ਅਤੇ ਕੁਦਰਤੀ ਵਰਤਾਰੇ ਹਨ ਅਤੇ ਇਹਨਾਂ ਨੂੰ ਬਦਲਣ ਲਈ ਸੰਘਰਸ਼ ਫਜ਼ੂਲ ਹਨ। ਇਸ ਧਿਰ ਦੇ ਸ਼ਾਇਰ ਕਰਮ ਭੂਮੀ ਨੂੰ ਪਹਿਲ ਨਹੀਂ ਦਿੰਦੇ ਸਗੋਂ ਵਿਧਮਾਤਾ ਨੂੰ ਤਰਜੀਹ ਦਿੰਦੇ ਹਨ। ਇਹ ਸ਼ਾਇਰ ਲੋਕ ਸੰਘਰਸ਼ਾਂ ਤੋਂ ਅਤੇ ਜੀਵਨ ਦੀ ਸਾਰਥਿਕਤਾ ਤੋਂ ਭੱਜ ਕੇ ਸੁਪਨਮਈ ਸੰਸਾਰ ਸਿਰਜਦੇ ਹਨ ਅਤੇ ਆਪਣੇ ਅੰਤਹਕਰਣ ਨੂੰ ਆਪਣੀਆਂ ਫਿਟਕਾਰਾਂ ਤੋਂ ਬਚਾਉਣ ਲਈ ਕਲਾ ਦੇ ਸੁੰਦਰਮ ਪੱਖ ਦੇ ਝੂਲਨੇ ਵਿਚ ਆਪਣੇ ਦੁੱਖ ਅਤੇ ਸੰਸਾਰ ਨੂੰ ਭੁੱਲਣ ਦਾ ਅਸਫਲ ਯਤਨ ਕਰਦੇ ਹਨ। ਸੰਘਰਸ਼ ਨੂੰ ਇਹ ਸ਼ਾਇਰ ਅਤੇ ਇਹਨਾਂ ਦੇ ਆਲੋਚਕ ਵਕੀਲ ਰਵਾਇਤ ਗਰਦਾਨਦੇ ਹਨ। ਇਸ ਧਿਰ ਦੇ ਸ਼ਾਇਰਾਂ ਨੂੰ ਸ਼ਹਿਰ ਦੀ ਅੱਗ ਦਾ ਫਿਕਰ ਨਹੀਂ ਹੁੰਦਾ ਸਗੋਂ ਉਹਨਾਂ ਨੂੰ ਰੰਗੀਨ ਸ਼ਾਮ ਦੀ ਚਿੰਤਾ ਹੁੰਦੀ ਹੈ। ਇਹ ਹਮਦਰਦੀ ਜਿੱਤਣ ਵਾਸਤੇ ਆਪਣੀ ਜੀਭ ਵਿਚ ਛੁਰੀ ਵੀ ਮਾਰ ਲੈਂਦੇ ਹਨ। ਇਸ ਧਿਰ ਦੇ ਚਿੰਤਕ ਲੋਕਾਂ ਦੇ ਦੁੱਖਾਂ, ਭੁੱਖਾਂ ਤੇ ਦਰਦਾਂ ਦੇ ਬ੍ਰਿਹੜਿਆਂ ਭਰੀ ਸ਼ਾਇਰੀ ਨੂੰ ਨਿੰਦਦੇ ਹਨ। ਇਹਨਾਂ ਲਾਗੋਂ ਹਜ਼ਾਰਾਂ ਜੱਲਿਆਂਵਾਲੇ ਬਾਗਾਂ ਦੇ ਸਾਕੇ ਲਹੂ ਵਿਚ ਗੜੁੱਚ ਗੁਜ਼ਰ ਜਾਂਦੇ ਹਨ, ਪਰ ਇਹ ਆਪਣੀ ਕੰਬਦੀ ਕਲਾਈ ਦੇ ਹੀ ਗੀਤ ਘੜਦੇ ਰਹਿੰਦੇ ਹਨ। ਇਸ ਧਿਰ ਦੇ ਸ਼ਾਇਰ ਆਪਣੇ ਆਲੇ-ਦੁਆਲੇ ਦੀ ਦੂਸ਼ਤ ਹਵਾ ਤੋਂ ਬਚਣ ਲਈ ਕਲਮ ਨੂੰ ਨੱਕ ਵਿਚ ਤੁੰਨ ਲੈਂਦੇ ਹਨ। ਇਹਨਾਂ ਦੇ ਕੰਨ ਵਿਧਾਤਾ ਦੀ ਪੁੱਤਰੀ ਵੀਣਾ ਕੋਲ ਪਈ ਲੋਕ-ਦਰਦਾਂ ਦੀ ਹੂਕ ਪ੍ਰਧਾਨ ਪੁਸਤਕ ਦੇ ਗੀਤ ਨਹੀਂ ਸੁਣ ਸਕਦੇ ਸਗੋਂ ਇਹ ਅਲੌਕਿਕਤਾ ਅਤੇ ਸਵੈਚਿਤਰਤ ਮਨੋਭਾਵਾਂ ਦੀ ਪੇਸ਼ਕਾਰੀ ਹੀ ਸੁਣਦੇ ਹਨ। ਇਸ ਧਿਰ ਦੇ ਚਿੰਤਕ ਨਵੇਂ ਭਾਵ-ਬੋਧ ਦਾ ਲੱਬਾਦਾ ਪਹਿਨ ਕੇ ਦਕਿਆਨੂਸੀ, ਬੇਹਿੱਸਤਾ, ਤਾਰੂਪਨ, ਮੁਰਦਾਸ਼ਾਹੀ ਦੇ ਖੰਜਰਾਂ ਨਾਲ ਦਸ਼ਮੇਸ਼ੀ ਰਹਿਤਲ ਅਤੇ ਭਗਤ-ਸਰਾਭੇ ਦਾ ਕਲਚਰ ਕਤਲ ਕਰਨ ਦੀਆਂ ਘਾੜਤਾਂ ਘੜਦੇ ਹਨ। ਉਹ ਸ਼ਾਇਰੀ ਜਿਹੜੀ ਜਗਤਾਰ ਮੰਗਦਾ ਹੈ ਉਹੀ ਸਦੀਵੀ ਰਹਿਣੀ ਹੈ :

ਕਮਦਿਲਾਂ ਨੂੰ ਦਿਲ ਨਿਪਰਿਆਂ ਪਰ ਦਈਂ।
ਤੋਤਲੇ ਬੋਲਾਂ ਦਾ ਰਾਖਾ ਖੁਦ ਬਣੀਂ।
ਖੌਫ ਹਰ ਕਾਤਿਲ ਦੇ ਸੀਨੇ ਭਰ ਦਈਂ।
ਸਾਰਿਆਂ ਦੇਸ਼ਾਂ ਨੂੰ ਬਖਸ਼ੀ ਅਮਨ ਤੂੰ,
ਸਭ ਗੁਲਾਮਾਂ ਨੂੰ ਸੁਤੰਤਰ ਕਰ ਦਈਂ।
ਬੇੜੀਆਂ ਤੇ ਝਾਂਜਰਾਂ ਤੋਂ ਇਸ ਵਰ੍ਹੇ,
ਮੁਕਤ ਕੈਦੀ ਕਸਬੀਆਂ ਨੂੰ ਕਰ ਦਈਂ।

ਇਹ ਹੈ ਅਰਜੋਈ ਦੂਜੀ ਧਿਰ ਵਾਸਤੇ, ਜੋ ਉਹ ਮੰਨੇਗੀ ਤਾਂ, ਮਰਦਾਨਗੀ ਕਰੇਗੀ ਵਰਨਾ ਖੁਸਰਾਗਰਦੀ। ਪਰ ਜਦ ਖੁਦ ਜਗਤਾਰ ਇਹ ਸ਼ਿਅਰ ਕਹੇਗਾ ਤਾਂ ਅਸੀਂ ਕਹਾਂਗੇ ਕਿ ਉਹ ਵੀ ਭਟਕ ਗਿਆ ਹੈ -

ਜਿਸ ਦਿਨ ਦਾ ਲਿਖਵਾ ਬੈਠੇ ਹਾਂ ਆਪਣੀ ਬਾਂਹ 'ਤੇ ਤੇਰਾ ਨਾਂ,
ਉਸ ਦਿਨ ਦਾ ਭੁਲ ਬੈਠੇ ਆਪਣਾ ਪਤਾ ਟਿਕਾਣਾ ਸ਼ਹਿਰ ਗਿਰਾਂ।

ਇਹ ਸ਼ਾਇਰੀ ਨਹੀਂ ਫੰਟੂਸਤਾ ਹੈ। 'ਜੇ ਸ਼ਾਇਰ ਰਹਿਬਰ ਨਹੀਂ ਤਾਂ ਕੁਝ ਨਹੀਂ।' ਨਿਰੀ ਸੁੰਦਰਤਾ ਓਦੋਂ ਗੰਦਗੀ ਬਣ ਜਾਂਦੀ ਹੈ ਜਦ ਉਸ ਵਿੱਚੋਂ ਸਾਤਵਿਕਤਾ ਦੇ ਗੁਣ ਮਨਫੀ ਹੋਣ। ਸਹਿਜ ਦਾ ਭਾਵ ਸਾਜ਼ਿਸ਼ੀ ਮੀਣਾਪਨ ਨਹੀਂ ਹੋ ਸਕਦਾ। ਸੱਚ ਜਦੋਂ ਥਾਂ ਅਤੇ ਸਮੇਂ ਤੋਂ ਪਰ੍ਹੇ ਚਲਾ ਜਾਂਦਾ ਹੈ ਤਾਂ ਘੋਰ ਕੁਫਰੀ ਪਾਪ ਹੋ ਜਾਇਆ ਕਰਦਾ ਹੈ। ਸਹਿਜ ਦੀ ਆਪਣੀ ਸੀਮਾ ਹੁੰਦੀ ਹੈ। ਬਾਬੇ ਬੰਦੇ ਬਹਾਦਰ ਦੇ ਮੂੰਹ ਵਿਚ ਜਦ ਉਸ ਦੇ ਬੇਟੇ ਅਜੇ ਦਾ ਧੜਕਦਾ ਦਿਲ ਤੁੰਨਿਆ ਜਾ ਰਿਹਾ ਸੀ ਤਾਂ ਉਸਦਾ ਸਹਿਜ ਵੀ ਜ਼ਰੂਰ ਹੋਵੇਗਾ। ਇਸ ਸਹਿਜ ਨੂੰ ਸ਼ਿਅਰਾਂ ਵਿਚ ਢਾਲਣਾ ਹੀ ਸਫਲ ਸ਼ਿਅਰਗੋਈ ਹੈ। ਫੁੱਲ ਖਿੜਨ ਦੇ ਸਹਿਜ ਨਾਲ ਬਾਬਾ ਦੀਪ ਸਿੰਘ ਵੱਲੋਂ ਹੱਥ ਉੱਤੇ ਸਿਰ ਧਰ ਕੇ ਲੜਨ ਦਾ ਸਹਿਜ ਕਿਵੇਂ ਮਿਲ ਸਕਦਾ ਹੈ।

ਅਲਬੱਤਾ ਪੰਜਾਬੀ ਗ਼ਜ਼ਲਕਾਰਾਂ ਨੂੰ ਜੇ ਧਿਰਾਂ ਵਿਚ ਵੰਡਣਾ ਹੋਵੇ ਤਾਂ ਉਕਤ ਦੋਹੇਂ ਧਿਰਾਂ ਹਨ ਅਤੇ ਸਾਨੂੰ ਗ਼ਜ਼ਲ ਦਾ ਸੁਹਣਾ ਭਵਿੱਖ ਪਹਿਲੀ ਧਿਰ ਦੇ ਗ਼ਜ਼ਲਕਾਰਾਂ 'ਚੋਂ ਹੀ ਲੱਭਣਾ ਚਾਹੀਦਾ ਹੈ। ਨਵੇਂ ਭਾਵ ਬੋਧ ਦਾ ਸਪੱਸ਼ਟ ਚਿਤਰਣ ਜ਼ਿੰਦਗੀ ਨੂੰ ਦਰਪੇਸ਼ ਨਵੇਂ ਮਸਲੇ ਅਤੇ ਉਹਨਾਂ ਦੀ ਪੇਸ਼ਕਾਰੀ ਹੈ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਵਲੋਂ ਸ਼ਖਸੀ ਰੁਦਨ। •



<u>*ਪੁਸਤਕ ਪੜਚੋਲ*</u>

# ਸਬਰੰਗ (ਚਮਨ ਲਾਲ ਚਮਨ)

ਚਮਨ ਲਾਲ ਚਮਨ ਇੰਗਲੈਂਡ ਵਿਚ ਵਸੇ ਪੰਜਾਬੀ ਜਨ-ਸਮੂਹ ਅਤੇ ਸਾਹਿਤਕ ਹਲਕਿਆਂ ਵਿਚ ਅਜਿਹਾ ਚਰਚਿਤ ਨਾਮ ਹੈ ਜਿਹੜਾ ਆਵਾਜ਼ ਦੀ ਦੁਨੀਆ ਦਾ ਪਾਂਧੀ ਹੈ। ਰੇਡੀਓ ਪ੍ਰਸਾਰਨ ਕਰ ਰਿਹਾ ਹੋਵੇ ਜਾਂ ਕਿਸੇ ਮੰਚ ਉੱਤੇ ਸਕੱਤਰ ਵਜੋਂ ਫਰਜ਼ ਨਿਭਾਅ ਰਿਹਾ ਹੋਵੇ, ਉਹ ਆਪਣੀ ਕਲਾ ਦਾ ਅਜਿਹਾ ਜਾਦੂ ਜਗਾਉਂਦਾ ਹੈ ਕਿ ਸਰੋਤੇ / ਦਰਸ਼ਕ ਅਸ਼-ਅਸ਼ ਕਰ ਉੱਠਦੇ ਹਨ। ਉਸ ਨੂੰ ਮੰਚ ਦਾ ਧਨੀ ਕਹਿਣ ਵਿਚ ਰਤਾ ਵੀ ਅਤਕਥਨੀ ਨਹੀਂ। ਮੰਚ ਉੱਤੇ ਉਹ ਸਰਲ, ਸਪੱਸ਼ਟ, ਸਾਦਗੀ ਭਰਪੂਰ, ਸੰਬੋਧਨੀ ਅਤੇ ਭਾਵਪੂਰਤ ਭਾਸ਼ਾ ਵਿਚ ਬੜੇ ਖ਼ੂਬਸੂਰਤ ਸ਼ਿਅਰ ਕਹਿੰਦਾ ਹੈ। ਚਮਨ ਅਜਿਹਾ ਵਿਸ਼ਾਲ ਦਿਲ ਨਿਮਰ ਇਨਸਾਨ ਹੈ ਜਿਸ ਦੇ ਨੇੜੇ ਕਿਸੇ ਕਿਸਮ ਦੀ ਸੰਕੀਰਣਤਾ, ਛਾਵਨਵਾਦ, ਕੱਟੜਵਾਦ ਅਤੇ ਅਹੰਕਾਰਵਾਦ ਨਹੀਂ ਢੁਕਦੇ। ਚਮਨ ਆਪਣੇ ਲਿਖਣ ਦੇ ਸ਼ੁਰੂਆਤੀ ਦੌਰ ਤੋਂ ਹੀ ਰੇਡੀਓ ਅਤੇ ਰੰਗ-ਮੰਚ ਨਾਲ ਜੁੜਿਆ ਰਿਹਾ ਹੈ। ਉਹ ਭਾਰਤ ਤੋਂ ਕੀਨਿਆ (ਅਫਰੀਕਾ) ਅਤੇ ਕੀਨਿਆ ਤੋਂ ਇੰਗਲੈਂਡ ਆਇਆ ਸੀ। ਕੀਨਿਆ ਵਿਚ ਉਹ Voice of Kenya ਦਾ ਕਾਰਜਕਾਰੀ ਨਿਰਦੇਸ਼ਕ ਸੀ। ਇੰਗਲੈਂਡ ਆ ਕੇ ਚਮਨ B.B. C. World Service, LBC, B.B.C. Radio 4, B.B.C.1 ਅਤੇ Sunrise Radio ਆਦਿ ਉੱਤੇ ਘੋਸ਼ਕ, ਨਿਰਦੇਸ਼ਕ ਅਤੇ ਨਿਰਮਾਤਾ ਰਹਿ ਚੁੱਕਾ ਹੈ। ਉਹ ਲੰਡਨ ਦੀ ਇਕ ਬਾਰ ਕੌਂਸਲ ਵਿਚ Art Officer ਦੀ ਉਪਾਧੀ ਤੋਂ ਸੇਵਾ ਮੁਕਤ ਹੋਇਆ ਸੀ। ਪੰਜਾਬੀ ਭਾਸ਼ਾ ਸਮੇਤ ਉਹ ਉਰਦੂ ਅਤੇ ਹਿੰਦੀ ਭਾਸ਼ਾਵਾਂ ਵਿਚ ਵੀ ਰਚਨਾ ਕਰਦਾ ਹੈ। ਚਮਨ ਦੇ ਰਚੇ ਬਹੁਤ ਸਾਰੇ ਗੀਤਾਂ ਅਤੇ ਗਜ਼ਲਾਂ ਨੂੰ ਜਗਜੀਤ ਸਿੰਘ, ਅਨੂਪ ਜਲੋਟਾ, ਚਿਤਰਾ ਸਿੰਘ, ਕਵਿਤਾ ਸੇਠ, ਦੀਦਾਰ ਸਿੰਘ ਪਰਦੇਸੀ ਅਤੇ ਲਹਿੰਦੇ ਪੰਜਾਬ ਦੇ ਕਈ ਨਾਮਵਰ ਫ਼ਨਕਾਰਾਂ ਨੇ ਆਵਾਜ਼ ਦੇ ਕੇ ਸਰੋਤਿਆਂ ਪਾਸੋਂ ਭਰਪੂਰ ਦਾਤ ਪ੍ਰਾਪਤ ਕੀਤੀ ਹੈ/ ਕਰ ਰਹੇ ਹਨ।

'ਸਬਰੰਗ' ਚਮਨ ਦੀ ਪੰਜਾਬੀ ਭਾਸ਼ਾ ਵਿਚ ਦੂਜੀ ਕਾਵਿ-ਪੁਸਤਕ ਹੈ ਜਿਸ ਨੂੰ ਪੰਜਾਬ ਰੇਡੀਓ ਯੂ.ਕੇ. ਨੇ ਅਦੀਬ ਇੰਟਰਨੈਸ਼ਨਲ ਪ੍ਰਕਾਸ਼ਕ ਰਾਹੀਂ ਪਾਠਕਾਂ ਦੀ ਨਜ਼ਰ ਕੀਤਾ ਹੈ। ਇਸ ਪੁਸਤਕ ਦੀ ਭੂਮਿਕਾ ਸਿਰਦੀ ਸ਼ਾਇਰ ਜਨਾਬ ਸੁਰਜੀਤ ਪਾਤਰ ਨੇ ਲਿਖੀ ਹੈ। ਚਮਨ ਦੇ ਦੋ ਮਿੱਤਰਾਂ ਸਾਥੀ ਲੁਧਿਆਣਵੀ ਅਤੇ ਮਹਿੰਦਰ ਸਿੰਘ ਚੀਮਾ ਨੇ ਵੀ ਪੁਸਤਕ ਦੇ ਮੁੱਢ ਵਿਚ ਆਪਣੇ ਨਿਬੰਧਾਂ ਰਾਹੀਂ ਚਮਨ ਦੇ ਵਿਅੱਕਤੀਤਵ ਅਤੇ ਉਸ ਦੇ ਕਾਵਿ ਨਾਲ ਖ਼ੂਬ ਪਰਿਚੈ ਕਰਵਾਇਆ ਹੈ।

'ਸਬਰੰਗ' ਵਿਚ ਤਿੰਨ ਭਾਂਤ ਦੀਆਂ ਰਚਨਾਵਾਂ ਸਮਿੱਲਤ ਹਨ - ਗ਼ਜ਼ਲਾਂ, ਗੀਤ ਅਤੇ ਨਜ਼ਮਾਂ। ਗ਼ਜ਼ਲਾਂ ਅਤੇ ਗੀਤਾਂ ਵਿਚ ਚਮਨ ਆਪਣੇ ਹਸਤਾਖਰ ਸਥਾਪਤ ਕਰਨ ਵਿਚ ਵਧੇਰੇ ਸਫਲ ਹੁੰਦਾ ਹੈ। ਗ਼ਜ਼ਲਾਂ ਵਿਚ ਤਾਂ ਚਮਨ ਉਸਤਾਦ ਗ਼ਜ਼ਲਗੋ ਹੋਣ ਦਾ ਪ੍ਰਮਾਣ ਦਿੰਦਾ ਹੈ। ਗ਼ਜ਼ਲ ਦੀ ਬਹਿਰ, ਕਾਫੀਆ, ਰਦੀਫ, ਪ੍ਰਕਿਰਤੀ ਅਤੇ ਸ਼ਿਲਪ ਦਾ ਉਹ ਜਾਣਕਾਰ ਹੈ। ਗ਼ਜ਼ਲਾਂ ਵਿਚ ਸ਼ਿਅਰ, ਮੰਚ ਦੀਆਂ ਲੋੜਾਂ ਅਨੁਸਾਰ ਰਚੇ ਗਏ ਹਨ। ਸ਼ਿਅਰ ਐਬ-ਰਹਿਤ ਹਨ। ਗ਼ਜ਼ਲਾਂ ਵਿਚ ਚਮਨ ਨੇ ਦਰਦ, ਵਿਛੋੜਾ, ਰੁਮਾਂਸ, ਹੁਸਨ ਆਦਿ ਦੇ ਵਿਸ਼ਿਆਂ ਸਮੇਤ ਮੌਜੂਦਾ ਵਾਤਾਵਰਣ ਵਿਚ ਸਕ੍ਰਿਆ ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਸ਼ਕਤੀਆਂ ਦੇ ਪ੍ਰਸਪਰ ਟਕਰਾ ਵਿੱਚੋਂ ਪ੍ਰਾਪਤ ਜੀਵਨ-ਯਥਾਰਥ ਨੂੰ ਆਪਣੇ ਸ਼ਿਅਰਾਂ ਵਿਚ ਢਾਲ ਕੇ ਇਕ ਸੰਵੇਦਨਸ਼ੀਲ, ਮਾਨਵਵਾਦੀ ਅਤੇ ਪ੍ਰਬੁੱਧ ਸ਼ਾਇਰ ਹੋਣ ਦਾ ਪ੍ਰਮਾਣ ਦਿੱਤਾ ਹੈ। ਕੁੱਝ ਸ਼ਿਅਰ ਹਾਜ਼ਰ ਹਨ:

ਰਾਮ ਨਾਮ ਦੇ ਹੋਰ ਨਾ ਅਗਨੀ ਬਾਣ ਚਲਾਓ।
ਨਾ ਮੰਦਰ ਫੂਕੋ ਤੇ ਨਾ ਹੀ ਮਸਜਿਦ ਢਾਓ।
ਪੱਥਰ ਦੇ ਠਾਕਰ ਨੂੰ ਭੋਗ ਲਗਾ ਚੁੱਕੇ ਹੋ।
ਫੁੱਟਪਾਥ ਦੇ ਬੱਚੇ ਦੇ ਮੂੰਹ ਬੁਰਕੀ ਪਾਓ।

ਅੱਜਕੱਲ੍ਹ ਮੈਨੂੰ ਇਕੋ ਸੁਪਨਾ ਆਉਂਦਾ ਹੈ।
ਹੁਣ ਵਤਨਾਂ ਵਿਚ ਘਾਲੇ ਮਾਲੇ ਨਹੀਂ ਰਹਿਣੇ।
ਜਿਸ ਵਿਚ ਉਸ ਨੇ ਮਾਲ ਲਕੋ ਕੇ ਰਖਿਆ ਹੈ।
ਉਸ ਲਾਕਰ ਨੂੰ ਲੱਗੇ ਤਾਲੇ ਨਹੀਂ ਰਹਿਣੇ।

ਚਮਨ ਲਾਲ ਚਮਨ ਨੇ ਪ੍ਰਦੇਸਾਂ ਵਿਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨੂੰ ਜੀਉਂਦੇ ਰੱਖਣ ਲਈ ਅਥਾਹ ਕੰਮ ਕੀਤਾ ਹੈ। ਚਮਨ ਜਿਸ ਵੀ ਅਦਾਰੇ ਵਿਚ ਵਿਚਰਿਆ ਹੈ ਉੱਥੇ ਪੰਜਾਬੀਅਤ ਨੂੰ ਸਮਰਪਿਤ ਨਕਸ਼ ਉਘਾੜੇ ਹਨ। ਹੇਠ ਲਿਖਿਆ ਸ਼ਿਅਰ ਚਮਨ ਦੀ ਜੀਵਨ ਜਾਚ ਹੋ ਨਿਬੜਿਆ ਹੈ :

**ਮੈਂ ਪੰਜਾਬੀ ਮਾਂ ਦਾ ਜਾਇਆ ਮੇਰੀ ਬੋਲੀ ਮੇਰਾ ਧਰਮ।**
**ਮੇਰੇ ਸਿਰ 'ਤੇ ਮਾਂ ਦਾ ਸਾਇਆ ਮੇਰੀ ਬੋਲੀ ਮੇਰਾ ਧਰਮ।**

ਇਸ ਪੁਸਤਕ ਵਿਚ ਸਮਿੱਲਤ ਚਮਨ ਦੇ ਗੀਤ ਪਾਠਕ ਦੇ ਵਿਚਾਰਾਂ ਨੂੰ ਟੁੰਬਦੇ ਅਤੇ ਸਿਹਤਮੰਦ, ਸੱਚੇ-ਸੁੱਚੇ ਜਜ਼ਬਾਤ ਜਗਾਉਂਦੇ ਹਨ। ਉਸ ਦਾ ਹੁਨਰ ਪਾਠਕ ਨੂੰ ਆਪਣੇ ਪ੍ਰਬਲ ਮਨੋਵੇਗ ਨਾਲ ਉਤੇਜਤ ਕਰਕੇ ਉਸ ਉੱਤੇ ਡੂੰਘਾ ਪ੍ਰਭਾਵ ਛੱਡਣ ਵਿਚ ਨਿਹਿਤ ਹੈ। ਜਿਵੇਂ :

**ਸ਼ਹੀਦਾਂ ਦੇ ਮਜ਼ਾਰਾਂ 'ਤੇ ਭਲਾ ਕਿਉਂ ਦੀਪ ਜਗਦੇ ਨੇ।**
**ਪ੍ਰਸ਼ਨ ਇਹ ਮਕਤਲਾਂ ਵਿਚ ਗੂੰਜਦੀ ਲਲਕਾਰ ਤੋਂ ਪੁੱਛੋ।**

ਇਸ ਸੰਗ੍ਰਹਿ ਦੇ ਜ਼ਿਆਦਾ ਗੀਤ ਪ੍ਰੰਪਰਕ ਸ਼ੈਲੀ ਅਤੇ ਪੂਰਵ ਵਰਤੀ ਗੀਤਕਾਰਾਂ ਦੀਆਂ ਵਰਤੀਆਂ ਧੁਨੀਆਂ/ਤਰਜ਼ਾਂ ਵਿਚ ਹੀ ਰਚੇ ਗਏ ਹਨ। ਫਿਰ ਵੀ ਉਹਨਾਂ ਦਾ ਆਪਣਾ ਇਕ ਵਿਸ਼ੇਸ਼ ਪੱਧਰ ਹੈ। ਕਈਆਂ ਗੀਤਾਂ ਵਿਚ ਸੰਰਚਨਾਤਮਕ ਅਭਿਵਿਅਕਤੀ ਨਾਲੋਂ ਯਾਂਤਰਿਕ ਪੇਸ਼ਕਾਰੀ ਵਧੇਰੇ ਉਪਲਬਧ ਹੈ। ਉਦਾਹਰਣ ਵਜੋਂ ਇਕ ਗੀਤ ਦਾ ਬੰਦ ਪੇਸ਼ ਹੈ:

**ਚੜ੍ਹਦੀ ਕਲਾ 'ਚ ਰੱਖੇ ਦਾਤਾ।**
**ਸਭ ਦੀ ਰੱਖਿਆ ਕਰੇ ਵਿਧਾਤਾ**
**ਤੂੰ ਹੀ ਪਿਤਾ ਤੇ ਤੂੰ ਹੀ ਮਾਤਾ**
**ਤੇਰਾ ਸਭ ਇਕਬਾਲ ਮੁਬਾਰਕ**
**ਸਭ ਨੂੰ ਹੋਵੇ ਸਾਲ ਮੁਬਾਰਕ**

ਅਜਿਹੇ ਸਿਰਜਣਾਤਮਿਕ ਰੁਝਾਨ ਵਿਚ ਸੰਭਾਵਨਾਵਾਂ ਨਾਲੋਂ ਸੀਮਾਵਾਂ ਦਾ ਮੁਹਾਵਰਾ ਆਕਾਰ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ। ਕਿਸੇ ਵੀ ਸ਼ਾਇਰ ਨੂੰ ਪੂਰਵ-ਵਰਤੀ ਕਵੀਆਂ ਦੇ ਰੋਲ ਮਾਡਲ ਨਾਲੋਂ ਆਪਣੀ ਮੌਲਿਕ ਸ਼ੈਲੀ, ਬਿੰਬਾਵਲੀ, ਸਿਨਿਟੈਕਸ, ਸਟਾਈਲ ਅਤੇ ਰਚਨਾ ਸਮੱਗਰੀ ਨੂੰ ਉਜਾਗਰ ਕਰਨ ਦਾ ਪ੍ਰਯਾਸ ਕਰਨਾ ਚਾਹੀਦਾ ਹੈ।

ਇਸ ਸੰਗ੍ਰਹਿ ਵਿਚ ਸ਼ਾਮਲ ਚਮਨ ਦੀਆਂ ਕੁਝ ਨਜ਼ਮਾਂ ਬੜੀਆਂ ਰਵਾਇਤੀ ਕਿਸਮ ਦੀਆਂ ਹਨ, ਜਿਹਨਾਂ ਵਿਚੋਂ ਕੁਝ ਪੰਜਾਬ ਰੇਡੀਓ ਯੂ.ਕੇ. ਨਾਲ ਸਬੰਧਤ ਹਨ। ਇਹ ਸਿਰਜਣਾਤਮਿਕ ਨਜ਼ਮਾਂ ਨਾਲੋਂ ਤੁੱਕ-ਬੰਦੀ ਵਧੇਰੇ ਪ੍ਰਤੀਤ ਹੁੰਦੀਆਂ ਹਨ। ਏਸੇ ਤਰ੍ਹਾਂ ਕੁਝ ਇਕ ਨਜ਼ਮਾਂ ਰੂੜ੍ਹੀਵਾਦੀ ਵਿਚਾਰਾਂ ਦੀਆਂ ਧਾਰਨੀ ਹੋ ਨਿਬੜਦੀਆਂ ਹਨ ਜਿਹਨਾਂ ਨੂੰ ਇਸ ਸੰਗ੍ਰਹਿ ਵਿਚ ਸਮਿੱਲਤ ਕਰਨ ਦੀ ਸ਼ਾਇਦ ਕੋਈ ਮਜਬੂਰੀ ਹੋਵੇ ਕਿਉਂਕਿ ਇਸ ਪੁਸਤਕ ਦਾ ਨਾਮ ਸਬਰੰਗ ਵੀ ਇਸ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ। ਮੇਰੀ ਜਾਚੇ ਅਜੋਕੇ ਵਿਤੀ ਪੂੰਜੀਵਾਦੀ (Financial Capitalism) ਦੌਰ ਦੇ ਜਟਿਲ ਯਥਾਰਥ ਨੂੰ ਕਾਵਿਕ ਸਿਰਜਣਾ ਵਿਚ ਰੂਪਾਂਤਰਨ ਲਈ ਸੌਂਦਰਯ ਬੋਧ, ਭਾਸ਼ਕ ਸੰਰਚਨਾ ਅਤੇ ਅਭਿਵਿਅਕਤ ਕਾਵਿ-ਪੈਟਰਨ ਵਿਚ ਅਧਿਕ ਵਿਵਿਧਤਾ ਅਤੇ ਸੰਪੰਨਤਾ ਦੀ ਆਵੱਸ਼ਕਤਾ ਹੈ। ਜਦੋਂ ਕਿ ਚਮਨ-ਕਾਵਿ ਵਿਚ ਰਚਨਾਕਾਰ ਕਿਤੇ-ਕਿਤੇ ਸਮਕਾਲੀ ਯਥਾਰਥ ਦੀ ਸਤਹਿ ਉਪਰ ਤਰਦਾ ਦ੍ਰਿਸ਼ਟੀਮਾਨ ਹੁੰਦਾ ਹੈ।

ਸਮੁੱਚੇ ਤੌਰ 'ਤੇ ਚਮਨ ਜੀ ਵਰਗੇ ਸੁਹਿਰਦ ਅਤੇ ਹਰਮਨ ਪਿਆਰੇ ਸ਼ਾਇਰ ਦੀ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੀ ਹੈ। ਗੁਰਨਾਮ ਢਿੱਲੋਂ

# ਬਹਿਰ ਦੀ ਪਰਬੀਨ ਸ਼ਾਇਰੀ — ਸੀ ਕੋਈ

'ਸੀ ਕੋਈ' ਨੌਜੁਆਨ ਪਰ ਮੰਝੇ ਹੋਏ ਸ਼ਾਇਰ ਸੁਸ਼ੀਲ ਰਹੇਜਾ ਦਾ ਹੁਣੇ-ਹੁਣੇ ਛਪਿਆ 50 ਸ਼ਾਨਦਾਰ, ਜਾਨਦਾਰ ਅਤੇ ਬਹਿਰ ਵਿਚ ਪਰਬੀਨ ਗ਼ਜ਼ਲਾਂ ਦਾ ਸੰਗ੍ਰਹਿ ਹੈ। ਜਦ ਅਸੀਂ ਪੰਜਾਬੀ ਗ਼ਜ਼ਲ ਦੇ ਉੱਜਲ ਭਵਿੱਖ ਦੀ ਭਵਿੱਖਬਾਣੀ ਕਰਦੇ ਹਾਂ ਤਾਂ ਯਕੀਨਨ ਹੀ ਸਾਡੇ ਸਾਹਮਣੇ ਸੁਸ਼ੀਲ ਰਹੇਜਾ ਵਰਗੇ ਸਸ਼ਕਤ, ਹੱਸਾਸ, ਬਾਰੀਕਬੀਨ ਅਤੇ ਗ਼ਜ਼ਲ ਨੂੰ ਅਪਣਾਉਂਦੇ ਹੋਏ ਕੁਝ ਨੌਜਵਾਨਾਂ ਦੀ ਸਪੱਸ਼ਟ ਗਾਮਜ਼ਨੀ ਹੁੰਦੀ ਹੈ।



ਪੰਜਾਬੀ ਗ਼ਜ਼ਲ ਨੂੰ ਜਿਸ ਸ਼ਾਨਦਾਰ ਮੁਕਾਮ ਉੱਤੇ ਪਹੁੰਚਾਉਣ ਵਾਸਤੇ ਸਾਡੀ ਪੀੜ੍ਹੀ ਨੇ ਤਰੱਦਦ ਕੀਤਾ ਸੀ ਅੱਜ ਉਹ ਫਸਲ ਸੋਨੇ ਵਾਂਗ ਚਮਕ ਰਹੀ ਹੈ। ਗ਼ਜ਼ਲ ਦੀ ਹੋਂਦ ਨੂੰ ਹੁਣ ਕਿਸੇ ਤਰ੍ਹਾਂ ਦਾ ਗੰਭੀਰ ਖਤਰਾ ਨਹੀਂ ਪਰ ਇਕ ਖਤਰਾ ਅਜੇ ਵੀ ਮੌਜੂਦ ਹੈ ਤੇ ਉਹ ਹੈ ਗ਼ਜ਼ਲ ਦੇ ਵਿਸ਼ੇ ਨੂੰ ਇਕ ਸਾਜਿਸ਼ ਤਹਿਤ ਲੋਕ ਸਰੋਕਾਰਾਂ ਨਾਲੋਂ ਤੋੜ ਕੇ ਮਹਿਜ ਜ਼ਿਹਨੀ ਅਯਾਸ਼ੀ ਅਤੇ ਜਿਸਮ-ਗਰਦੀ ਤਕ ਮਹਿਮੂਦ ਕਰਨ ਦਾ ਖਤਰਾ। ਇਸ ਵਿਰੁੱਧ ਵੀ ਸਖ਼ਤ ਕਲਮਯੁੱਧ ਦੀ ਜ਼ਰੂਰਤ ਹੈ। ਰਹੇਜਾ ਦੀਆਂ ਗ਼ਜ਼ਲਾਂ ਕਿਤੇ-ਕਿਤੇ ਇਹਨਾਂ ਉੱਤਰ ਆਧੁਨਿਕਤਾਵਾਦੀਆਂ ਨੂੰ ਵੀ ਖ਼ੁਸ਼ ਕਰ ਜਾਂਦੀਆਂ ਹਨ। ਪ੍ਰੰਤੂ ਸ਼ਾਇਰ ਦੀ ਸਮੁੱਚਤਾ ਆਦਮੀ ਦੀ ਅੰਦਰਲੀ ਟੁੱਟ-ਭੱਜ ਨੂੰ ਬਾਹਰੀ ਵਿਵਸਥਾ ਅਤੇ ਪ੍ਰਬੰਧ ਦੀ ਕਾਰਗੁਜ਼ਾਰੀ ਸਾਪੇਖਤਾ ਨਾਲ ਜੋੜਨਾ ਹੈ। ਰਹੇਜਾ ਦੇ ਸ਼ਿਅਰਾਂ ਵਿੱਚਲੀ ਦਰਦ ਅੰਦਰੋਂ ਫੁੱਟੇ ਕਿਸੇ ਫੋੜੇ ਦੀ ਨਹੀਂ ਸਗੋਂ ਬਾਹਰੀ ਲੱਗੇ ਖਾਰਾਂ-ਖੰਜਰਾਂ ਦਾ ਪਰਤੌਅ ਹੈ। ਉਸ ਨੂੰ ਖ਼ੂਬ ਪਤਾ ਹੈ ਕਿ ਅੱਗ ਦੇ ਮੌਸਮ ਵਿਚ ਤਿਤਲੀਆਂ ਲਈ ਨਗਮੇ ਲਿਖਣਾ ਸਾਰਥਿਕ ਨਹੀਂ ਹੋ ਸਕਦਾ 'ਅੱਗ ਦਾ ਮੌਸਮ ਲੈ ਕੇ ਆਇਆ ਏਨੇ ਸਾਰੇ ਹਾਦਸੇ, ਇਕ ਵੀ ਨਗਮਾ ਲਿਖ ਨਾ ਸਕਿਆ ਤਿਤਲੀਆਂ ਦੇ ਵਾਸਤੇ' ਵਾਪਰ ਰਹੀ ਕਰੂਰਤਾ ਨੂੰ ਸ਼ਾਇਰ ਕਿੰਨੀ ਖ਼ੂਬਸੂਰਤੀ ਨਾਲ ਇਕ ਸ਼ਿਅਰ ਵਿਚ ਸਮੇਟ ਰਿਹਾ ਹੈ :'ਕਿਸੇ ਬੇੜੀ ਦੇ ਸਿਰ ਉੱਤੇ ਕੋਈ ਤੂਫਾਨ ਚੜ੍ਹਿਆ ਏ, ਨਸ਼ਾ ਕਰਕੇ ਮਲਾਹ ਸੁੱਤਾ ਜਰਾ ਉਸ ਨੂੰ ਜਗਾ ਦੇਣਾ।' ਲੋਕ ਲਹਿਰਾਂ ਦੀ ਅਕ੍ਰਿਆਸ਼ੀਲਤਾ ਦਾ ਦੋਸ਼ ਉਹ ਲੋਕਾਂ ਸਿਰ ਨਹੀਂ ਮੜ੍ਹਦਾ ਸਗੋਂ ਲੋੜ ਹੈਂਦਕ ਵਰਤਾਰੇ ਉੱਤੇ ਕਿੰਤੂ ਉਜਾਗਰ ਕਰਦਾ ਹੈ : 'ਸਮੁੰਦਰ ਦੇ ਪਾਣੀ ਨੂੰ ਤਾਹਨਾ ਜਿਹਾ ਦੇ, ਜੇ ਬੇੜੀ ਬਰੇਤੇ 'ਚ ਖੁੱਭੀ ਪਈ ਏ।' ਸਾਡਾ ਚੌਗਿਰਦਾ ਐਸਾ ਮੰਡੀ ਕਲਚਰ ਦਾ ਲਬਾਦਾ ਪਹਿਨ ਚੁੱਕਾ ਹੈ ਕਿ ਉਸ 'ਚੋਂ ਕੋਈ ਦਿਲ ਦੀ ਬਾਤ ਦਾ ਨਿੰਮਣਾ ਵੀ ਅਜੂਬਾ ਹੋ ਗਿਆ ਹੈ। ਚੁਪਾਸੇ ਓਪਰਾ ਪਨ ਫੈਲ ਗਿਆ ਹੈ। ਸ਼ਾਇਰ ਇਸ ਬਾਰੇ ਕਹਿੰਦਾ ਹੈ 'ਬਿਸ਼ਕ ਚੰਗਾ ਨਹੀਂ ਸਿਗਰਟ ਦਾ ਧੂੰਆਂ, ਦਿਲਾਂ ਤੀਕਰ ਤਾਂ ਆਖਰ ਪਹੁੰਚਦਾ ਹੈ।' ਤਰਾਸਦੀ ਉਦੋਂ ਵਾਪਰਦੀ ਹੈ ਜਦ ਜੁਸਤਜੂ ਤਾਂ ਚਮਕੇ ਪਰ ਮੰਜ਼ਿਲ ਧੁਮਲ ਹੋ ਜਾਵੇ, 'ਅਜੇ ਤੀਕਰ ਪਤਾ ਨਹੀਂ ਇਹ, ਕੀ ਗੁੰਮਿਆਂ ਕੀ ਲੱਭਣਾ ਏਂ।' ਸ਼ਾਇਰ ਰਹੇਜਾ ਨੂੰ ਪਤਾ ਹੈ ਕਿ ਇਹ ਕਮੀ ਹਮਾ ਯਾਰਾਂ ਸ਼ਾਇਰਾਂ ਵਿਚ ਵੀ ਜ਼ਰੂਰ ਹੈ ਜੋ ਪਾਠਕ ਘਟੇ ਹਨ, 'ਹਜ਼ਾਰ ਵਾਰੀ ਸਿਤਾਰ ਚੁੱਕੀ, ਅਨੇਕ ਵਾਰੀ ਅਲਾਪ ਛੇੜੇ, ਮੇਰੀ ਕਲਾ ਵਿਚ ਕੋਈ ਕਮੀ ਸੀ ਨਚਾ ਨਾ ਸਕਿਆ ਮੈਂ ਝਾਂਜਰਾਂ ਨੂੰ।' ਉਦੋਂ ਉਤਪੰਨ ਹੁੰਦੀ ਹੈ ਜਦ ਬਦਤਰ ਤੇ ਲੋਕ ਵਿਰੋਧੀ ਰਵੱਈਆ ਭਾਵੇਂ ਉਹ ਰਾਜਨੀਤਕ, ਆਰਥਿਕ, ਸਮਾਜਿਕ ਜਾਂ ਧਾਰਮਿਕ ਹੋਵੇ, ਆਪਣਾ ਹੀ ਫਲਸਫ਼ਾ ਲਾਗੂ ਕਰਨ 'ਤੇ ਉਤਾਰੂ ਹੋ ਜਾਂਦਾ ਹੈ। ਕੋਈ ਭਾਰਤੀ ਪ੍ਰਧਾਨ ਮੰਤਰੀ ਵੱਢੀ- ਖੋਰੀ ਨੂੰ ਵਰਲਡ ਫਨੋਮਨਾ ਹੀ ਕਹਿਣ ਲੱਗ ਜਾਂਦਾ ਹੈ। ਇਸ ਪ੍ਰਤੀ ਰਹੇਜਾ ਦਾ ਸ਼ਿਅਰ ਵੇਖੋ: 'ਸਿਰਫ਼ ਆਪਣੀ ਤੇਹ ਜੋਗੇ ਪਾਣੀ ਨੂੰ ਛੂੰਹੀ, ਤੇ ਸਾਰੇ ਸਮੁੰਦਰ ਨੂੰ ਜੂਠਾ ਨਾ ਕਰਨਾ।' ਉਹ ਮਨ ਦੀ ਖ਼ੁਸ਼ੀ ਦੀ ਪ੍ਰਾਪਤੀ ਅਤੇ ਫ਼ਰਜ਼ਾਂ ਦੀ ਕੁਤਾਹੀ ਬਾਰੇ ਕਿਉਂ ਕਹਿੰਦਾ, 'ਮੈਂ ਤਾਂ ਬੱਚੇ ਦੀ ਖ਼ੁਸ਼ੀ ਲਈ ਜੁਗਨੂੰ ਪਕੜਨ ਨਿਕਲਿਆ ਸੀ, ਸਾਰੇ ਦੀਵੇ ਬੁਝ ਗਏ ਨੇ ਘਰ ਨੂੰ ਵਾਪਸ ਮੁੜਦਿਆਂ ਤਕ।' ਉਸ ਦੇ ਅਨੇਕਾਂ ਸ਼ਿਅਰ ਹਨ ਜਿਹੜੇ ਨਵੀਨਤਾ ਦੀ ਖ਼ੁਸ਼ਬੂ ਨਾਲ ਲਬਰੇਜ਼ ਦਿਲ 'ਤੇ ਆਣ ਕੇ ਬੈਠੇ ਹੋਏ ਨੇ ਪਰ ਏਨੇ ਨਿੱਕੇ ਲੇਖ ਵਿਚ ਪੁਸਤਕ ਦੀ ਜਾਣਕਾਰੀ ਮਾਤਰ ਹੀ ਦਿੱਤੀ ਜਾ ਸਕਦੀ ਹੈ।

ਰਹੇਜਾ ਦੀ ਸਮੁੱਚੀ ਸ਼ਾਇਰੀ ਬਹਿਰ ਛੰਦ ਵਿਚ ਸੰਪੂਰਨ ਹੈ। ਇਉਂ ਲੱਗਦੇ ਜਿਵੇਂ ਗਿਣ-ਗਿਣ ਕੇ ਮੋਤੀ ਪਰੋਏ ਹੋਣ। ਕਿਤੇ ਇਕ ਵੀ ਲਗ-ਮਾਤਰਾਂ ਬਹਿਰ 'ਚੋਂ ਡਿਗਦੀ ਨਹੀਂ। ਉਂਝ ਪਹਿਲੀ ਨਜ਼ਰੇ ਇਵੇਂ ਲੱਗਦਾ ਹੈ ਕਿ ਸ਼ਾਇਦ ਸ਼ਾਇਰ ਬੇ-ਬਹਿਰਾ ਹੈ। ਇਹ ਭੁਲੇਖਾ ਉਸ ਵੱਲੋਂ ਗ਼ਜ਼ਲ ਦੀਆਂ ਸਤਰਾਂ ਨੂੰ ਗੈਰਵਾਜਬ ਤੌਰ ਉੱਤੇ ਕੱਟ-ਕੱਟ ਕੇ ਲਿਖਣਾ ਹੈ। ਸਾਡੀ ਆਸਥਾ ਹੈ ਕਿ ਗ਼ਜ਼ਲ ਦੇ ਕੁਝ ਇਕ ਬਹਿਰਾਂ ਨੂੰ ਛੱਡ ਕੇ ਬਾਕੀ ਬਹਿਰਾਂ ਦੀਆਂ ਦੋ ਸਤਰਾਂ ਜਾਂ ਮਿਸਰਿਆਂ ਨੂੰ ਚਾਰ ਕਰਕੇ ਨਹੀਂ ਛਾਂਗਣਾ ਚਾਹੀਦਾ।

ਭਾਵੇਂ ਰਹੇਜਾ ਬਾਬਹਿਰ ਹੈ ਪਰ ਅਜੇ ਉਸ ਦੀ ਰੂਹ ਵਿਚ ਬਹਿਰਾਂ ਸਮਾਈਆਂ ਨਹੀਂ। ਕਈ ਵੇਰ ਇਵੇਂ ਲੱਗਦਾ ਹੈ ਕਿ ਸ਼ਾਇਰ ਨੇ ਉਸਤਾਦੀ ਵਿਖਾਲਣ ਵਾਸਤੇ ਬਹਿਰ ਦੀ ਖਾਕਾ ਪੂਰਤੀ ਕੀਤੀ ਹੋਈ ਹੈ। ਏਸੇ ਲਈ ਉਹ ਕਈ ਗ਼ਜ਼ਲਾਂ ਦੇ ਸ਼ੁਰੂ ਸ਼ਬਦ ਤੂੰ, ਉਹ, ਮੈਂ ਤੂੰ, ਤੇਰੇ, ਮੇਰੇ, ਤੇ , ਨਾ ਵਰਤ ਕੇ ਹੀ ਬਹਿਰ ਪੂਰਤੀ ਕਰਦਾ ਹੈ। ਬਹਿਰ ਪੂਰਤੀ ਵਾਸਤੇ ਉਹ ਖੁਭੀ ਨੂੰ ਫੇਲੁਨ ਦੇ ਵਜ਼ਨ 'ਤੇ ਗਲਤ ਬੰਨ੍ਹਦਾ ਹੈ ਏਸੇ ਤਰ੍ਹਾਂ ਹੋਰ ਵੀ ਕਈ ਸ਼ਬਦ ਗਲਤ ਬੰਨ੍ਹਦਾ ਹੈ। ਉਸਦਾ ਇਹ ਸ਼ਿਅਰ ਉਸਦੀ ਦੂਰ ਅੰਦੇਸ਼ੀ ਉੱਤੇ ਕਿੰਤੂ ਹੈ, 'ਉਹ ਕਿਹੜਾ ਘਰ ਜਿੱਥੇ ਨਾ ਇਹ ਪੁੱਜੀ ਅੱਗ? ਦੱਸ ਤੂੰ ਕਾਹਤੋਂ ਪੱਥਰਾਂ ਵਿਚੋਂ ਕੱਢੀ ਅੱਗ।' •

\- ਸੁਲੱਖਣ ਸਰਹੱਦੀ

# ਕਸ਼ੀਦ ਕੀਤਾ ਚਾਨਣ- 'ਤੈਨੂੰ ਸੂਰਜ ਕਿਹਾ ਸੀ'

ਸੁਲੱਖਣ ਸਰਹੱਦੀ

'ਤੈਨੂੰ ਸੂਰਜ ਕਿਹਾ ਸੀ' ਨਵੀਂ ਪੀੜ੍ਹੀ ਦੇ ਗ਼ਜ਼ਲਕਾਰਾਂ ਵਿੱਚ ਮੁਹਰਲੀ ਕਤਾਰ ਵਿਚ ਖੜ੍ਹੇ ਅੰਮ੍ਰਿਤਸਰ ਦੇ ਨੌਜਵਾਨ ਸ਼ਾਇਰ ਰਮਨਦੀਪ ਦਾ 86 ਸੰਵੇਦਨਸ਼ੀਲ ਗ਼ਜ਼ਲਾਂ ਦਾ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਮੈਂ ਤਾਂ ਚੁੱਪ ਹੀ ਰਿਹਾ' ਕਾਵਿ ਪੁਸਤਕ ਨਾਲ ਸਾਹਿਤਕ ਹਲਕਿਆਂ ਵਿਚ ਸ਼ਾਇਰ ਦੇ ਤੌਰ 'ਤੇ ਜਾਣ ਪਛਾਣ ਕਰਵਾ ਚੁੱਕਾ ਹੈ। ਪੁਸਤਕ ਦੇ ਬੈਕ ਟਾਈਟਲ ਉੱਤੇ ਪ੍ਰਸਿੱਧ ਸ਼ਾਇਰ ਸੁਰਜੀਤ ਜੱਜ ਲਿਖਦਾ ਹੈ ਕਿ ਨੌਜਵਾਨ ਸ਼ਾਇਰ ਆਪਣੇ ਇਸ ਪਲੇਠੇ ਯਤਨ ਨਾਲ ਸਮਰੱਥਾ ਵਾਲੇ ਗ਼ਜ਼ਲਗੋਆਂ ਦੀ ਢਾਣੀ ਵਿਚ ਆ ਸ਼ਾਮਲ ਹੋਇਆ ਹੈ। ਉਸਦੇ ਦਰਦ ਲੋਕਾਈ ਨਾਲ ਸਾਂਝ ਸਥਾਪਤ ਕਰਦੇ ਵਿਆਪਕ ਅਰਥ ਗ੍ਰਹਿਣ ਕਰਦੇ ਹਨ। ਉਸਦੇ ਸ਼ਿਅਰਾਂ ਦੀ ਪੁਖਤਗੀ ਪ੍ਰਭਾਵਤ ਕਰਦੀ ਹੈ। ਅਜਿਹੇ ਸ਼ਾਇਰਾਂ ਦੀ ਹੁਨਰਮੰਦੀ ਵੇਖ ਕੇ ਪੰਜਾਬੀ ਸ਼ਾਇਰੀ ਦਾ ਭਵਿੱਖ ਉਜਲਾ ਨਜ਼ਰ ਆਉਂਦਾ ਹੈ।' ਊਧਮ ਸਿੰਘ ਸ਼ਾਹੀ ਲਿਖਦੇ ਹਨ 'ਮੈਂ ਉਸ ਸ਼ਾਇਰੀ ਨੂੰ ਮਹਾਨ ਮੰਨਦਾ ਹਾਂ ਜਿਹੜੀ ਜ਼ਿੰਦਗੀ ਦੇ ਤਿੜਕਦੇ ਸੱਚ ਨੂੰ ਵਿਖਾਏ, ਡਿੱਗੇ-ਢੱਠੇ ਸਮਾਜ ਨੂੰ ਉਠਾਏ ਅਤੇ ਮੁੜ ਤੋਂ ਉਸ ਨੂੰ ਮਾਨਵੀ ਆਦਰਸ਼ ਦੇਵੇ ਅਤੇ ਸੰਘਰਸ਼ ਦੇ ਰਾਹੇ ਤੋਰੇ। ਰਮਨਦੀਪ ਦੀ ਸ਼ਾਇਰੀ ਵਿਚ ਇਹ ਗੁਣਵੱਤਾ ਹੈ' ਉਪਰੋਕਤ ਤੋਂ ਸਪੱਸ਼ਟ ਹੈ ਕਿ ਭਾਵੇਂ ਰਮਨਦੀਪ ਟੁੱਟੀ ਮੁਹੱਬਤ ਦੇ ਅਹਿਸਾਸਾਂ ਨਾਲ ਸ਼ਾਇਰੀ ਵਿਚ ਪ੍ਰਵੇਸ਼ ਹੋਇਆ ਸੀ ਪ੍ਰੰਤੂ ਉਸਦਾ ਨਿਜੀ ਗ਼ਮ ਯਾਰਾਂ ਤੋਂ ਜ਼ਮਾਨੇ ਦਾ ਗ਼ਮ ਬਣ ਗਿਆ ਹੈ। ਰਮਨਦੀਪ ਸਾਹਮਣੇ ਭਾਵੇਂ ਆਪਣੇ ਜਾਨੋਂ ਪਿਆਰੇ ਸਾਥੀ ਦੀ ਬੇਰੁਖੀ ਦੇ ਅਨੇਕਾਂ ਤਿਲਮਿਲਾਉਂਦੇ ਹਾਦਸੇ ਸਨ ਪ੍ਰੰਤੂ ਸ਼ਾਇਰੀ ਦੀ ਸਜੀਵਤਾ ਅਤੇ ਸਦੀਵਤਾ ਉਸ ਨੂੰ ਜ਼ਿੰਦਗੀ ਦੇ ਸਰੋਕਾਰਾਂ ਨਾਲ ਜੋੜ ਲੈਂਦੀ ਹੈ। ਰਮਨਦੀਪ ਇਕ ਦਰੱਖਤ ਵਾਂਗ ਆਪਣੇ ਦਰਦਾਂ ਨਾਲ ਲੋਹਾ ਲੈਂਦਾ ਜ਼ਿੰਦਗੀਨੁਮਾ ਹੋ ਜਾਂਦਾ ਹੈ। 'ਉਸ ਨੂੰ ਆਪਣੇ ਜ਼ੋਰ ਝੁਕਾਉਣਾ 'ਵਾ ਦੀ ਵੀ ਮਗਰੂਰੀ ਸੀ, ਐਪਰ ਸੀਸ ਬੁਲੰਦ ਕਰਕੇ ਜੀਣਾ ਰੁੱਖ ਦੀ ਵੀ ਮਜਬੂਰੀ ਸੀ।' ਰਮਨਦੀਪ ਉਦਾਸ ਹੈ ਪਰ ਆਸ ਮੁਖੀ ਹੈ, 'ਦਿਲ ਤਾਂ ਕਰਦਾ ਹੈ ਏਥੋਂ ਤੁਰ ਜਾਵਾਂ, ਰੋਕਦੀ ਕੋਈ ਆਸ ਹੈ ਯਾਰੋ' ਸ਼ਾਇਰ ਦੀ ਸਹਿਜ ਨਾਲ ਗੱਲ ਕਰਨ ਦੀ ਇਕ ਮਿਸਾਲ ਵੇਖੋ - ' ਇਹ ਤੁਹਾਡੀ ਨਜ਼ਰ ਦੇ ਜਾਦੂ ਹੀ ਨੇ, ਜਾਣਦੇ ਹੋਏ ਨਾ ਸਾਨੂੰ ਜਾਣਦੇ' ਉਹ ਬਹੁਤ ਭਾਵਪੂਰਤ ਗੱਲ ਕਹਿੰਦਾ ਹੈ ਜਿਸ ਨੂੰ ਸੁਣਨ ਤੋਂ ਬਾਅਦ ਖੁਦ ਨੂੰ ਰਹਾਉ ਦੀ ਸਥਿਤੀ ਵਿਚ ਲਿਆਉਣਾ ਪੈਂਦਾ ਹੈ - 'ਜਦੋਂ ਨਾ ਆਦਮੀਅਤ ਦਾ ਰਿਸ਼ਤਾ ਨਿਭਾਅ ਹੋਇਆ, ਖ਼ੁਦੀ ਵਿਚ ਆਦਮੀ ਖ਼ੁਦ ਹੀ ਖ਼ੁਦਾ ਹੋਇਆ' ਰਮਨਦੀਪ ਆਪਣੇ ਸ਼ਿਅਰਾਂ ਵਿਚ ਬਹੁਤ ਵਾਕੰਸ਼ ਘੜਦਾ ਹੈ। ਜੋ ਮੁਹਾਵਰੇ ਵਾਂਗ ਮੂੰਹ ਚੜ੍ਹਦੇ ਹਨ। ਉਹ ਕਹਿੰਦਾ ਹੈ 'ਨਦੀ ਟੋਹ ਟੋਹ ਕੇ ਨਹੀਂ ਤੁਰਦੀ, ਤੂੰ ਆ ਜਾ ਮਨ ਦੀ ਟੋਹ ਲੈ ਕੇ' ਰਮਨਦੀਪ ਬਹੁਤ ਸੁੰਦਰ ਕਾਫੀਏ ਅਤੇ ਰਦੀਫ ਘੜਦਾ ਹੈ। ਬਹੁਤ ਸਾਰੇ ਸ਼ਿਅਰ ਦਿਲ ਨੂੰ ਧੂਹ ਪਾਉਂਦੇ ਹਨ। ਉਸਦਾ ਆਸ ਮੁਖੀ ਸ਼ਿਅਰ ਵੇਖੋ - 'ਬੱਸ ਥੋੜ੍ਹੀ ਜਿਹੀ ਹੋਰ ਝੱਲ ਔੜ ਧਰਤੀਏ, ਤੈਨੂੰ ਸਿੰਜਾਂਗਾ ਮੈਂ ਰਾਵੀ ਤੇ ਚਨਾਬ ਬਣ ਕੇ।' 'ਕਾਫ਼ਰ ਬਣਾ ਕੇ ਸਾਨੂੰ ਤੁਰ ਗਿਆ ਉਹ ਯਾਰ, ਆਇਤਾਂ ਦੀ ਜੋ ਆਇਆ ਸੀ ਕਿਤਾਬ ਬਣ ਕੇ' ਉਸਦੇ ਸ਼ਿਅਰਾਂ ਵਿਚ ਜਿੱਥੇ ਪੰਜਾਬੀਅਤ ਦੀ ਖੁਸ਼ਬੂ ਹੈ ਉਥੇ ਨਫੀਸ ਕਿਸਮ ਦੀ ਤ੍ਰੇਲ ਦੇ ਤੁਪਕੇ ਜਿਹੀ ਨਜ਼ਾਕਤ ਵੀ ਹੈ, 'ਮੁਜ਼ਰਿਮ ਹਾਂ ਮੈਂ ਕੀ ਕਰ ਬੈਠਾਂ, ਤੈਨੂੰ ਤਕ ਹਉਕਾ ਭਰ ਬੈਠਾਂ।' ਉਵੇਂ ਤਾਂ ਉਸ ਦੀਆਂ ਸਾਰੀਆਂ ਹੀ ਗ਼ਜ਼ਲਾਂ ਮਾਨਣ ਯੋਗ ਹਨ। ਪ੍ਰੰਤੂ ਸਫ਼ਾ 12, 15, 17, 19, 32, 40, 43, 52, 62, 76, 93 ਉਪਰਲੀਆਂ ਗ਼ਜ਼ਲਾਂ ਆਧੁਨਿਕ ਸ਼ਾਇਰੀ ਦੀ ਮੂੰਹ ਬੋਲਦੀ ਤਸਵੀਰ ਹਨ।

ਰਮਨਦੀਪ ਕੋਲ ਵਲਵਲੇ ਹਨ ਅਹਿਸਾਸ ਹਨ ਅਤੇ ਸ਼ਿਅਰ ਵਿਚਲੀ ਸੰਵੇਦਨਾ ਵੀ ਉਸ ਦੇ ਨਾਲ ਰਹਿੰਦੀ ਹੈ। ਪਰ ਰੂਪਕ ਪੱਖੋਂ ਉਸ ਨੇ ਅਜੇ ਬਹੁਤ ਸਾਰੀਆਂ ਬਾਰੀਕੀਆਂ ਨੂੰ ਸਮਝਣਾ ਹੈ। ਬੇਸ਼ਕ ਉਹ ਬਾਬਹਿਰ ਹੈ ਪ੍ਰੰਤੂ ਬਹਿਰ ਵਿਚ ਰਵਾਨੀ ਦਾ ਦਰਿਆ ਮੁਖੀ ਹੋਣਾ ਹੋਰ ਗੱਲ ਹੁੰਦੀ ਹੈ। ਉਸਦੀਆਂ ਗ਼ਜ਼ਲਾਂ ਵਿਚ ਅਰੂਜ਼ ਅਤੇ ਪਿੰਗਲ ਦੇ ਬਹਿਰਾਂ ਦਾ ਸੁਖਦ ਸੁਮੇਲ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਰਮਨਦੀਪ, ਅਗਲੀ ਗ਼ਜ਼ਲ ਪੁਸਤਕ ਵਿਚ ਹੋਰ ਵੀ ਵੱਧ ਧੜਕਦੀਆਂ ਗ਼ਜ਼ਲਾਂ ਨਾਲ ਹਾਜ਼ਰ ਹੋਵੇਗਾ।

ਆਮੀਨ!

ਰਵਾਇਤਨ ਨਹੀਂ ਵਿਸ਼ੇਸ਼ ਤੌਰ ਉੱਤੇ ਮੈਂ ਇਸ ਨਵੀਂ ਸ਼ਾਇਰੀ ਨੂੰ ਮਾਨਣ ਵਾਸਤੇ ਪੰਜਾਬੀ ਪਾਠਕਾਂ ਨੂੰ ਅਪੀਲ ਕਰਦਾ ਹਾਂ।



# ਯੂਨੀਵਰਸਿਟੀ ਆਫ਼ ਲਿਲੀਪੁਟ /ਅਮਨਪ੍ਰੀਤ ਸਿੰਘ ਗਿੱਲ

ਕਹਾਣੀਆਂ ਦੀ ਇਹ ਪੁਸਤਕ ਆਮ ਨਾਲੋਂ ਹਟ ਕੇ ਹੈ। ਜਿੰਨੀ ਨਿੱਕੀ ਤੇ ਉਨੀ ਤਿੱਖੀ ਹੈ। ਗਾਗਰ ਵਿਚ ਸਾਗਰ ਹੈ। ਇਨ੍ਹਾਂ ਰਚਨਾਵਾਂ ਵਿਚਲੇ ਵਿਅੰਗ ਦੀਆਂ ਬੂਹੇ-ਬਾਰੀਆਂ 'ਚੋਂ ਆਉਂਦੀ ਠੰਡੀ-ਤੱਤੀ ਹਵਾ ਪਾਠਕ ਦੇ ਦਿਮਾਗ ਨੂੰ ਵੀ ਹਲੂਣ ਜਿਹਾ ਦਿੰਦੀ ਹੈ। 'ਯੂਨੀਵਰਸਿਟੀ ਆਫ ਲਿਲੀਪੁਟ' ਇਕ ਐਸੀ ਸੰਕੇਤਕ ਯੂਨੀਵਰਸਿਟੀ ਹੈ ਜਿਸ ਵਿਚਲੇ ਬੰਦਿਆਂ ਦਾ ਅਸਲੀ ਅਸਤਿਤਵ ਬਹੁਤ ਬੌਣਾ ਹੈ ਪਰ ਦੇਖਣ ਨੂੰ ਇਹ ਬੰਦੇ ਚੰਗੇ ਕੱਦ-ਕਾਠ ਵਾਲੇ ਲੱਗਦੇ ਹਨ। ਉਹ ਵੀ ਯੂਨੀਵਰਸਿਟੀ ਦੇ ਅੰਦਰ ਅੰਦਰ ਹੀ। ਕੁਲ 10 ਕਹਾਣੀਆਂ ਵਿਚੋਂ ਪਹਿਲੀਆਂ 6 ਕਹਾਣੀਆਂ ਤਾਂ ਲਿਲੀਪੁਟ ਜਿਹੀਆਂ ਯੂਨੀਵਰਸਿਟੀਆਂ ਦੇ ਅੰਤਰੀਵੀ ਸੰਸਾਰ ਦਾ ਵਿਭਿੰਨ ਪੱਖਾਂ ਤੋਂ ਗਹਿਨ ਕਥਾਤਮਕ ਪ੍ਰਗਟਾਅ ਹੈ। ਬਾਕੀ ਚਾਰ ਕਹਾਣੀਆਂ ਵਿਚੋਂ 3 ਸਿੱਖ ਸਿਆਸਤ ਤੇ ਸਿਆਸਤਦਾਨਾਂ ਬਾਰੇ ਹੈ ਤੇ ਇਕ ਕਹਾਣੀ ਲਿੰਗ-ਭੇਦ (ਮੰਗਲ ਤੋਂ ਈ-ਮੇਲ) ਅਰਥਾਤ ਧੀ ਦੀ ਹੋਣੀ ਦੇ ਦੁਖਾਂਤ ਬਾਰੇ ਹੈ। 'ਹੁਸੀਨ ਚਿਹਰੇ' ਵਿਚਲੇ ਗੁਰਚਰਨ ਸਿੰਘ ਹੋਰਾਂ ਨੂੰ ਵੱਡੇ-ਵੱਡੇ ਬੰਦਿਆਂ ਨੂੰ ਛੱਡ ਕੇ ਜਮਾਂਦਾਰਨੀਆਂ ਦੇ ਹਉਮੈ-ਹੰਕਾਰ ਤੋਂ ਮੁਕਤ ਚਿਹਰੇ ਹੀ ਹੁਸੀਨ ਲੱਗਦੇ ਹਨ। 'ਬਘਿਆੜ ਯੂਨੀਵਰਸਿਟੀ ਵਿਚ' ਕਹਾਣੀ ਪੜ੍ਹਿਆਂ-ਲਿਖਿਆਂ ਉੱਤੇ ਹਾਵੀ ਨਾਕਾਰਾਤਮਕ ਬਿਰਤੀਆਂ ਦਾ ਬਿਰਤਾਂਤ ਹੈ। 'ਟਾਇਲਟ ਦੀ ਇਕ ਵਸਤ' ਵਿਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਜਮਾਂਦਾਰਨੀ ਨੂੰ ਇਕ ਵਸਤ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ ਤੇ ਉਸਦੀ ਹਾਜ਼ਰੀ ਵਿਚ ਹੀ ਵਿਦਿਆਰਥੀ ਟਾਇਲਟ ਦੀ ਵਰਤੋਂ ਕਰੀ ਜਾਂਦੇ ਹਨ ਕਿਉਂਕਿ ਉਨ੍ਹਾਂ ਜਲਦੀ ਜਲਦੀ ਜਾ ਕੇ ਮਨੁੱਖੀ ਅਧਿਕਾਰਾਂ ਬਾਰੇ ਲੈਕਚਰ ਸੁਣਨਾ ਹੁੰਦਾ ਹੈ। ਇੰਝ ਹੀ 'ਅੱਠਾਂ ਆਨਿਆਂ ਦਾ ਚੋਰ', 'ਗੁਸਲਖਾਨਿਆਂ ਦਾ ਪਹਿਰੇਦਾਰ', 'ਚੂਹੇ ਦੌੜ', 'ਦੋ ਸਫ਼ਿਆਂ ਦੀ ਨਕਲ', 'ਕੁੜੀਮਾਰ ਕੌਣ' ਤੇ 'ਮੈਂ ਚੋਰ ਹਾਂ' ਕਹਾਣੀਆਂ ਨਾਂਹ ਪੱਖੀ ਵਰਤਾਰਿਆਂ ਦਾ ਵਿਅੰਗਾਤਮਕ ਬਿਰਤਾਂਤ ਹਨ।

ਨਿਰਸੰਦੇਹ ਅਮਨਪ੍ਰੀਤ ਸਿੰਘ ਗਿੱਲ ਨੇ ਯੂਨੀਵਰਸਿਟੀਆਂ ਤੇ ਸਿੱਖ ਸਿਆਸਤ ਵਿਚੋਂ ਹਨ੍ਹੇਰੇ ਪੱਖ 'ਤੇ ਸਿਰਜਣਾਤਮਕ ਚਾਨਣਾ ਪਾਉਂਦਿਆਂ ਸਿਆਸਤ ਤੇ ਸਿੱਖਿਆ ਅੰਦਰਲੇ ਹਰ ਤਰ੍ਹਾਂ ਦੇ ਕੰਪੀਟੀਸ਼ਨਾਂ ਦੀ ਚੂਹੇ ਦੌੜ ਦਾ ਨਿਪੁੰਨਤਾ ਨਾਲ ਨਿਰੂਪਣ ਕੀਤਾ ਹੈ।

# ਸੰਸਾਰ ਪ੍ਰਸਿੱਧ ਖੇਡ ਕਹਾਣੀਆਂ /ਗੁਰਮੇਲ ਮਡਾਹੜ

ਗੁਰਮੇਲ ਮਡਾਹੜ ਨੇ ਰੂਸੀ, ਅੰਗਰੇਜ਼ੀ, ਕਨੇਡੀਅਨ, ਅਮਰੀਕੀ, ਪੁਰਤਗਾਲੀ, ਨਿਊਜ਼ੀਲੈਂਡ, ਫਰਾਂਸੀਸੀ, ਪਾਕਿਸਤਾਨੀ ਤੇ ਉਰਦੂ ਆਦਿ ਭਾਸ਼ਾਵਾਂ ਦੇ ਲੇਖਕਾਂ ਵਲੋਂ ਲਿਖੀਆਂ ਚੋਣਵੀਆਂ 17 ਖੇਡ ਕਹਾਣੀਆਂ ਨੂੰ ਇਸ ਪੁਸਤਕ ਵਿਚ ਇਕੱਤਰ ਕੀਤਾ ਹੈ। ਇਹ ਕਹਾਣੀਆਂ ਸਹੀ ਮਾਅਨਿਆਂ ਵਿਚ ਵਿਸ਼ਵ ਦੀਆਂ ਚੋਣਵੀਆਂ ਖੇਡ ਕਹਾਣੀਆਂ ਵਿਚੋਂ ਵੀ ਕੁਝ ਇਕ ਹਨ ਜੋ ਦੇਸ਼ ਕੌਮ ਲਈ ਨਿਛਾਵਰ ਹੋਣ ਦੀ ਭਾਵਨਾ ਨਾਲ ਓਤਪੋਤ ਹਨ। ਰਾਬਰਟ ਆਰਥਰ ਦੀ 'ਬਾਜ਼ੀ' ਵਿਚਲਾ ਸ਼ਾਮ ਸਾਰੀ ਉਮਰ ਜੂਏ ਵਿਚ ਹੀ ਲੰਘਾ ਦਿੰਦਾ ਹੈ। 'ਸ਼ੈਤਾਨ' ਨਾਲ ਵੀ ਉਹ ਬਾਜ਼ੀ ਲਾਉਣ ਤੋਂ ਨਹੀਂ ਟਲਦਾ। ਅਰਨੇਸਟ ਲੇਹਮਨ ਦੀ ਕਹਾਣੀ 'ਖਿਡਾਰੀ ਦਾ ਦਿਲ' ਪ੍ਰੇਸ਼ਾਨ ਰਹਿਣ ਵਾਲੇ ਖਿਡਾਰੀਆਂ ਬਾਰੇ ਭਾਵਪੂਰਤ ਤੇ ਦਿਲਚਸਪ ਚਾਨਣਾ ਪਾਉਂਦੀ ਹੈ। ਬਿਲੇ ਰਾਬਰਟਸਨ ਦੀ ਕਹਾਣੀ 'ਆਖਰੀ ਦੌੜ' ਵਿਚਲਾ ਡੈਨੀ ਗੇਡ, ਜਿਸਨੂੰ ਘੋੜ ਦੌੜ ਦੇ ਮੈਦਾਨ ਦਾ ਚੱਕਰ ਲਾਉਂਦੇ ਅਕਸਰ ਦੇਖਿਆ ਜਾਂਦਾ ਸੀ, ਦਿਲ ਦੀ ਧੜਕਣ ਬੰਦ ਹੋਣ ਕਰਕੇ ਮਰ ਜਾਂਦਾ ਹੈ ਤੇ ਉਸਦੀ ਆਖਰੀ ਦੌੜ ਦੁਨੀਆ ਤੋਂ ਰਵਾਨਗੀ ਦੇ ਰੂਪ ਵਿਚ ਲੱਗ ਜਾਂਦੀ ਹੈ। ਜਿਸ ਘੋੜੀ 'ਤੇ ਸਵਾਰ ਹੋ ਉਹਨੇ ਆਖਰੀ ਦੌੜ ਲਾਈ ਸੀ, ਉਹ ਮੁੜ ਆਪਣੇ ਅਸਤਬਲ ਵਿਚ ਪਹੁੰਚ ਜਾਂਦੀ ਹੈ। ਇੰਝ ਹੀ ਬਾਕੀ ਕਹਾਣੀਆਂ ਵੀ ਖੇਡ ਜਗਤ ਦੇ ਭਿੰਨ-ਭਿੰਨ ਪਸਾਰਾਂ ਤੇ ਅਣਛੋਹੇ ਪੱਖਾਂ ਨੂੰ ਆਪਣੇ ਕਲੇਵਰ ਵਿਚ ਸਮੇਟਦੀਆਂ ਹਨ।

## ਪ੍ਰੇਮ ਚੰਦ ਦੇ ਖ਼ਤ / ਵਿਰਸਾ ਸਿੰਘ

ਇਸ ਵਿਚਾਰਧੀਨ ਪੁਸਤਕ ਵਿਚ ਪ੍ਰੇਮ ਚੰਦ ਦੇ ਸੂਖਮ ਸੂਝ ਵਾਲੇ 26 ਬੰਦਿਆਂ ਨੂੰ ਲਿਖੇ ਕੁਲ 104 ਖ਼ਤਾਂ ਦਾ ਅਨੁਵਾਦ ਦਰਜ ਹੈ। ਮਸਲਨ ਰਾਮ ਚੰਦ ਟੰਡਨ, ਵਿਨੋਦ ਸ਼ੰਕਰ ਵਿਆਸ, ਦਸ਼ਰਥ ਪ੍ਰਸਾਦ ਦਿਵੇਦੀ, ਊਸ਼ਾ ਦੇਵੀ ਮਿੱਤਰਾ, ਵੀਰੇਸ਼ਵਰ ਸਿੰਘ, ਕੇਸ਼ੋਰਾਮ ਸਭਰਵਾਲ, ਸ੍ਰੀ ਰਾਮ ਸ਼ਰਮਾ, ਇੰਦਰ ਵਸਾਵੜਾ, ਸ਼ਿਵਪੂਰਨ ਸਹਾਇ, ਸਦਗੁਰਦਰਸ਼ਨ, ਇੰਦਰਨਾਥ ਮਦਾਨ, ਉਪਿੰਦਰ ਨਾਥ ਅਸ਼ਕ, ਭਦੰਤ ਆਨੰਦ ਕੌਸ਼ਲਿਆਨ, ਵਿਸ਼ਣੂ ਪ੍ਰਭਾਕਰ, ਸ਼ੰਕਰ ਅਗਨੀਹੋਤਰੀ, ਹਰੀਹਰ ਨਾਥ, ਜੈਨੇਂਦਰ, ਬਨਾਰਸੀ ਦਾਸ ਚਤੁਰਵੇਦੀ, ਇਮਤਿਆਜ਼ ਅਲੀ ਆਦਿ ਦੇ ਨਾਂ ਲਿਖੇ ਹਨ ਇਹ ਖ਼ਤ । ਇਨ੍ਹਾਂ ਖ਼ਤਾਂ ਵਿਚ ਪ੍ਰੇਮ ਚੰਦ ਨੇ ਫਿਰਕੂਵਾਦ ਦੇ ਖਿਲਾਫ਼, ਉਰਦੂ ਦੇ ਪਹਿਲੇ ਡਰਾਮੇ 'ਅਨਾਰਕਲੀ' ਬਾਰੇ ਵੱਡੇ-ਵੱਡੇ ਲੇਖਕਾਂ ਦੀਆਂ ਮਨੋਵਿਗਿਆਨ ਦਰਸ਼ਨ, ਸਾਹਿਤ ਆਦਿ ਦੀਆਂ ਪੜ੍ਹਨਯੋਗ ਕਿਤਾਬਾਂ ਬਾਰੇ ਮਿੱਤਰਾਂ-ਸੱਜਣਾਂ ਨਾਲ ਗਿਲੇ-ਸ਼ਿਕਵਿਆਂ/ਖੁਸ਼ੀਆਂ-ਗਮੀਆਂ ਬਾਰੇ, ਅਖ਼ਬਾਰਾਂ-ਰਸਾਲਿਆਂ ਦੇ ਸੰਪਾਦਕਾਂ ਮੂਹਰੇ ਲੇਖਕਾਂ ਦੀ ਵਿਚਾਰਗੀ/ਬੇਬਸੀ ਬਾਰੇ, ਵੱਧ ਤੋਂ ਵੱਧ ਸਾਹਿਤ ਅਧਿਐਨ ਕਰਨ ਬਾਰੇ, ਹਿੰਦੀ ਭਾਸ਼ਾ ਨਾਲ ਪ੍ਰੇਮ ਬਾਰੇ, ਬੰਗਲਾ ਸਾਹਿਤ ਬਾਰੇ, ਆਪਣੀ ਬੀਮਾਰੀ ਤੇ ਸਿਹਤਯਾਬੀ ਬਾਰੇ, ਕੁਝ ਰਸਾਲਿਆਂ ਬਾਰੇ, ਹਿੰਦੀ ਦੇ ਗਲਪ ਸਾਹਿਤ ਬਾਰੇ, ਨਿੱਤ ਦੇ ਰੁਝੇਵਿਆਂ ਬਾਰੇ ਤੇ ਕੁਝ ਹੋਰ ਜੀਵਨ ਪੱਖਾਂ ਨਾਲ ਸੰਬੰਧਿਤ ਗੱਲਾਂ ਕੀਤੀਆਂ ਹਨ।

## ਖ਼ਲੀਲ ਜਿਬਰਾਨ ਦੇ ਖ਼ਤ / ਚੇਤਨ ਸਿੰਘ

ਵਿਚਾਰਧੀਨ ਪੁਸਤਕ ਵਿਚ ਖ਼ਲੀਲ ਜਿਬਰਾਨ ਦੇ 49 ਖ਼ਤਾਂ ਦਾ ਅਨੁਵਾਦ ਕੀਤਾ ਮਿਲਦਾ ਹੈ। ਅਨੁਵਾਦਕ ਨੇ ਅਨੁਵਾਦ ਏਨੀ ਨੀਝ ਨਾਲ ਕੀਤਾ ਹੈ ਕਿ ਮੂਲ ਰਚਨਾ ਤੇ ਅਨੁਵਾਦਤ ਰਚਨਾ ਵਾਲਾ ਫਰਕ ਨਜ਼ਰੀਂ ਨਹੀਂ ਪੈਂਦਾ। ਖ਼ਲੀਲ ਜਿਬਰਾਨ ਦੇ ਇਨਾਂ ਖ਼ਤਾਂ ਵਿਚ ਉਸਦੇ ਸਾਹਿਤਕ ਰੁਝੇਵਿਆਂ, ਦਿਲੀ ਭਾਵਨਾਵਾਂ, ਮਾਂ-ਬਾਪ ਤੇ ਮਨੁੱਖੀ ਰਿਸ਼ਤਿਆਂ ਨਾਲ ਮੋਹ, ਦੇਸ਼ਾਂ-ਦੇਸ਼ਾਂਤਰਾਂ ਦੀਆਂ ਸੈਰਾਂ ਦਾ ਸ਼ੌਕ, ਦੋਸਤਾਂ-ਮਿੱਤਰਾਂ ਲਈ ਅਥਾਹ ਪਿਆਰ, ਸਾਹਿਤਕ ਮਹਿਫਲਾਂ, ਸਿਹਤ ਚਰਚਾ, ਅਬਾਦੀ, ਵਤਨ ਲਈ ਪਿਆਰ, ਮੁਹੱਬਤ ਤੇ ਸੱਧਰਾਂ ਦੀਆਂ ਭਾਵਨਾਵਾਂ, ਪ੍ਰਚਲਤ ਰੀਤੀ-ਰਿਵਾਜਾਂ 'ਤੇ ਟਿੱਪਣੀਆਂ, ਇਸਤਰੀ-ਮਰਦ ਦੇ ਪਿਆਰ ਸੰਬੰਧਾਂ, ਲੇਖਕ ਦੇ ਰਹਿਣ-ਸਹਿਣ, ਚਿਤਰਕਾਰੀ ਤੇ ਲਿਖਣ ਦੀ ਲਗਨ, ਨਿਰਮਲ ਤੇ ਕੁਦਰਤੀ ਜੀਵਨ ਤੇ ਕਲਾਕ੍ਰਿਤੀ ਦੀ ਕਦਰ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਇਨ੍ਹਾਂ ਖ਼ਤਾਂ ਵਿਚ ਸਦਾਚਾਰਕ ਸੱਚਾਈਆਂ ਦੀ ਵੀ ਬਹੁਤਾਤ ਹੈ। ਉਨੀਵੀਂ ਸਦੀ ਵਿਚ ਲਿਬਨਾਨ ਵਿਚ ਜਨਮੀ ਇਸ ਮਹਾਨ ਸ਼ਖਸੀਅਤ ਦੇ ਖ਼ਤਾਂ ਦਾ ਪੰਜਾਬੀ ਵਿਚ ਅਨੁਵਾਦ ਨਿਰਸੰਦੇਹ ਪੰਜਾਬੀ ਸਾਹਿਤ ਵਿਚ ਗੁਣਾਤਮਿਕ ਵਾਧਾ ਕਰੇਗਾ।

**ਹਰਮੀਤ ਸਿੰਘ ਅਟਵਾਲ**

## ਸਮਾਜਿਕ ਬੇਤਰਤੀਬੀਆਂ ਦੀ ਪੇਸ਼ਕਾਰੀ—ਲਾਹੇ ਹੋਏ

'ਲਾਹੇ ਹੋਏ' ਪਵਨ ਪਰਿੰਦਾ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਸਮਾਜਕ ਵਿਤਕਰਿਆਂ ਕਾਰਨ ਵਰਤਮਾਨ ਮਨੁੱਖ ਦੀ ਦਵੰਦਮਈ ਅਤੇ ਵਿਦਰੋਹੀ ਮਾਨਸਿਕਤਾ ਦਾ ਪ੍ਰਗਟਾਵਾ ਹਨ। ਪਰਿੰਦੇ ਦੀ ਕਥਾਕਾਰੀ ਆਰਥਕ ਸਮਾਜਕ ਪਾੜੇ ਕਾਰਨ ਮਾਨਸਿਕ ਟੁੱਟ ਭੱਜ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਰੋਜ਼ੀ-ਰੋਟੀ ਦਾ ਸੰਕਟ ਇਤਨਾ ਵਿਕਰਾਲ ਹੈ ਕਿ ਫੌਜੀ ਸੁੱਚਾ ਸਿੰਘ ਅਤੇ ਉਸਦੀਆਂ ਧੀਆਂ ਦੇ ਆਦਰਸ਼ ਅਤੇ ਸੁਪਨੇ ਟੁੱਟਦੇ ਜਾ ਰਹੇ ਹਨ। ਮਨੁੱਖ ਅੰਦਰੋਂ ਆਜ਼ਾਦ ਨਾ ਜੀਵਨ ਜੀਉਣ ਦੀ ਲੋਚਾ ਗਾਇਬ ਹੋ ਰਹੀ ਹੈ। ਕਿਸੇ ਵੀ ਮਨੁੱਖ ਕੋਲ ਜਦ ਜੀਵਨ ਜਿਉਣ ਜੋਗੇ ਵਸੀਲੇ ਤੇ ਆਰਥਕ ਵਸੀਲੇ ਦੇ ਸੋਮੇ ਨਹੀਂ ਹੁੰਦੇ ਤਦ ਹੀ ਮਨੁੱਖ ਬੇਬਸੀ 'ਲਾਹੇ ਹੋਏ' ਕਹਾਣੀ ਪਾਤਰ ਸੁੱਚਾ ਸਿੰਘ ਵਰਗੀ ਹੋ ਜਾਂਦੀ ਹੈ। ਜੋ ਜ਼ਮੀਨ ਦੀ ਥੁੜ੍ਹ ਕਾਰਣ ਫੌਜ 'ਚ ਭਰਤੀ ਹੋਇਆ ਅਤੇ ਫੌਜ 'ਚੋਂ ਸੇਵਾ ਮੁਕਤੀ ਉਪਰੰਤ ਵੀ ਥੁੜ੍ਹ 'ਚ ਜਿਉਂ ਰਿਹਾ ਹੈ।

'ਭਕ-ਭਕ ਕਰਦੀ ਲਾਲਟੈਨ' ਦਾ ਪਾਤਰ ਨਰਦੇਵ ਦੋਹਰੇ ਕਿਰਦਾਰ ਦਾ ਧਾਰਨੀ ਹੈ। ਭਾਵੇਂ ਨਰਦੇਵ



ਲੋਕ ਪੱਖੀ ਅਤੇ ਆਦਰਸ਼ਵਾਦੀ ਧਾਰਨਾਵਾਂ ਨਾਲ ਪ੍ਰਤਿਬੱਧ ਹੈ। ਉਸਨੇ ਜਵਾਨ ਉਮਰੇ ਭਲਵਾਨੀ ਕਰਨ ਕਾਰਨ ਜਤੀ ਸਤੀ ਹੋਣ ਦਾ ਅਕਸ ਬਣਾਇਆ ਹੋਇਆ ਹੈ। 'ਲੋਕਾਂ ਨੂੰ ਜਾਣੋ' ਦੀ ਥਾਂ 'ਆਪਣੇ ਆਪ ਨੂੰ ਜਾਣੋ' ਦੀ ਨਿਵੇਕਲੀ ਸੋਚਣੀ ਨੇ ਉਸਦੀ ਮਕਬੂਲੀਅਤ ਵਿਚ ਵਾਧਾ ਕਰਦੀ ਹੈ। ਫੇਰ ਵੀ ਘਰ ਰਹਿ ਰਹੀ ਵਿਦਿਆਰਥਣ ਸ਼ਿੰਦਰ ਨਾਲ ਸਰੀਰਕ ਸੰਬੰਧ ਬਨਾਉਣ ਕਾਰਨ ਨਿਰਦੇਵ ਆਦਰਸ਼ਹੀਣ ਅਤੇ ਅਤ੍ਰਿਪਤ ਮਨੁੱਖ ਸਾਬਤ ਹੁੰਦਾ ਹੈ।

'ਕੀ ਹੁਣ ਚੰਦਰਵੰਸ਼ੀ ਨਹੀਂ ਰਹਿਣਗੇ' ਕਹਾਣੀ ਦਾ ਪਾਤਰ ਰੋਹਤਾਸ ਨਸ਼ਿਆਂ ਦਾ ਸ਼ਿਕਾਰ ਹੈ। ਪੰਡਤ ਜਨਾਰਧਨ ਦਾਸ ਦਾ ਪੁੱਤਰ ਰੋਹਤਾਸ ਹਰ ਕਿਸਮ ਦੇ ਨਸ਼ੇ ਕਰਦਿਆਂ ਸ਼ਕਤੀਹੀਣ ਹੋਇਆ ਹੈ। ਕਿਉਂਕਿ ਮਾਫੀਏ ਨੇ, ਸਦੀਆਂ ਪੁਰਾਣੀ ਧਾਰਮਿਕਤਾ, ਪ੍ਰਾਚੀਨ ਸੰਸਕ੍ਰਿਤੀ ਨੂੰ ਤਬਾਹ ਕਰਕੇ, ਸਮਾਜਕ ਵਿਕਿਰਤੀਆਂ ਨੂੰ ਫੈਲਾਇਆ ਹੈ। ਇਹੋ ਕਾਰਨ ਹੈ ਕਿ ਰੋਹਤਾਸ ਜਿਹੇ ਜੁਆਨ ਨਸ਼ਿਆਂ ਦੀ ਪੀੜਾ ਸਹਾਰ ਰਹੇ ਹਨ। ਇਵੇਂ ਹੀ 'ਅਧ-ਮੁੰਨਿਆ ਸਿਰ' ਕਹਾਣੀ ਦੇ ਪਾਤਰ ਖੁਸ਼ਦੇਵ ਦੀ ਤ੍ਰਾਸਦੀ ਕਈ ਸ਼ੰਕੇ ਖੜ੍ਹੇ ਕਰਨ ਵਾਲੀ ਹੈ।

'ਇਜ਼ ਤੋਂ ਵਾਜ਼ ਬਣਿਆ ਫਾਦਰ' ਕਹਾਣੀ ਵਿਦਿਅਕ ਢਾਂਚੇ ਅੰਦਰਲੇ ਨੁਕਸਾਂ ਨੂੰ ਉਜਾਗਰ ਕਰਦੀ ਹੈ। ਅਜੋਕੀ ਵਿਦਿਆ ਵਿਚਾਰੀ ਦੀ ਥਾਂ ਵਪਾਰੀ ਬਣਦੀ ਜਾ ਰਹੀ ਹੈ। ਸਰਕਾਰੀ ਸਕੂਲਾਂ ਅੰਦਰਲਾ ਨਿਘਾਰ ਅਤੇ ਪ੍ਰਾਈਵੇਟ ਸਕੂਲਾਂ ਦੀ ਵਪਾਰੀ ਮਾਨਸਿਕਤਾ ਉੱਭਰ ਕੇ ਸਾਹਮਣੇ ਆਈ ਹੈ।

'ਪਲ-ਪਲ ਵਧਦੇ ਕਦਮ' ਦਾ ਮੈਂ ਪਾਤਰ ਸਿਆਣਪ ਅਤੇ ਸੁਪਨਮਈ ਅਕੀਦਿਆਂ ਵਾਲਾ ਹੈ। ਨੌਕਰੀ ਮਿਲਣ ਦਾ ਪੂਰਾ ਯਕੀਨ ਹੋਣ 'ਤੇ ਵੀ ਜਦੋਂ ਪਾਤਰ ਦੀ ਨਿਯੁਕਤੀ ਨਹੀਂ ਹੁੰਦੀ ਤਾਂ ਉਸਦਾ ਕਥਨ ਕਿਤਨਾ ਢੁਕਵਾਂ ਹੈ ਕਿ "ਨਾ ਮੈਂ ਰਾਖਵੇਕਰਨ 'ਚ ਆਉਂਦਾ-ਨਾ ਮੇਰੇ ਕੋਲ ਪੈਸਾ - ਨਾ ਕੋਈ ਸਿਫਾਰਸ਼ - ਨਾ ਹਰਬਾ- ਨਾ ਜਾਅਲੀ ਨੰਬਰ ਵਧਾਉ ਸਰਟੀਫਿਕੇਟ - ਮਾਂ ਕਦੇ ਮੈਂ ਸੋਚਦਾ ਜਿਵੇਂ ਮੇਰਾ ਉੱਚ ਜਾਤੀ ਨਾਲ ਸਬੰਧ ਰੱਖਣਾ ਹੀ ਮੇਰੇ ਲਈ ਸਰਾਪ ਬਣ ਗਿਆ ਹੋਵੇ, ਕਦੇ ਮੈਨੂੰ, ਮੇਰੀ ਪੜ੍ਹਾਈ 'ਚ ਨੁਕਸ ਲੱਗਦੈ।"

'ਸ਼ੀਸ਼ਿਆਂ ਓਹਲੇ' ਗਰੀਬ ਤੋਂ ਅਮੀਰ ਬਣੇ ਗੋਇਲ ਸਾਹਿਬ ਦੀ ਨਿਵੇਕਲੀ ਜ਼ਿੰਦਗੀ 'ਚ ਅਤੀਤ ਨੂੰ ਭੁਲਾਉਣ ਦਾ ਬਿਰਤਾਂਤ ਹੈ, ਉਥੇ ਮਾਸੀ ਗੰਧਾਰੀ ਦੀਆਂ ਸਿਮਰਤੀਆਂ 'ਚ ਪੋਤਰੇ ਦੀ ਯਾਦ ਹੈ। ਆਰਥਿਕਤਾ ਬਦਲਾਓ ਅਤੇ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਇਹ ਕਹਾਣੀ ਬਾਰੀਕਬੀਨੀ ਨਾਲ ਚਿਤਰਦੀ ਹੈ।

'ਬੇਵਕਤੇ ਜ਼ਖਮਾਂ ਦੀ ਤਾਬ' ਪੰਜਾਬ ਤ੍ਰਾਸਦੀ ਦਾ ਦੁਖਾਂਤ ਝੱਲ ਰਹੇ ਪਾਤਰਾਂ ਦੀ ਵੇਦਨਾ ਨੂੰ ਪੇਸ਼ ਕਰਦੀ ਹੈ। ਚਾਰ-ਚੁਫੇਰੇ ਫੈਲੇ ਆਤੰਕ ਕਾਰਨ ਹੀ 'ਬਾਣਿਆਂ ਜਾਂ ਵਰਦੀਆਂ ਦੀ ਬੇਰਹਿਮ ਗੋਲੀ ਨੇ ਇਕ ਬੱਚੇ (ਫੁੱਲ) ਨੂੰ ਖਿੜਨ ਤੋਂ ਪਹਿਲਾਂ ਹੀ ਦਬੋਚ ਲਿਆ ਸੀ। ਇਹ ਗੋਲੀ ਜੋ ਨਮਰਤਾ ਦੇ ਲੱਗੀ ਸੀ ਕਿੱਧਰੋਂ ਆਈ ਸੀ - ਵਰਦੀਆਂ ਵਲੋਂ ਜਾਂ ਬਾਣਿਆਂ ਵਲੋਂ। ਇਹ ਕਹਾਣੀ ਪੰਜਾਬ ਅੰਦਰ ਚੱਲੀ ਖਾੜਕੂ ਲਹਿਰ ਸੰਬੰਧੀ ਕਈ ਸਵਾਲ ਖੜ੍ਹੇ ਕਰਦੀ ਹੈ।

ਪਵਨ ਪਰਿੰਦਾ ਦੀਆਂ ਕਹਾਣੀਆਂ ਪਰੰਪਰਕ ਸਦਾਚਾਰ ਨੂੰ ਤੋੜਦੀਆਂ, ਮਨੁੱਖੀ ਹੱਕਾਂ ਦੀ ਤਰਜਮਾਨੀ ਕਰਦੀਆਂ ਹਨ। ਪਰਿੰਦੇ ਦੀ ਇਹ ਖੂਬੀ ਹੈ ਕਿ ਉਹ ਵਰਤਮਾਨ ਯੁੱਗ ਦੇ ਭੱਖਦੇ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ। ਉਹ ਸਮਾਜਕ ਯਥਾਰਥਕ ਦੇ ਨਾਲ-ਨਾਲ ਮਨੁੱਖੀ ਦਵੰਦਾਂ ਨੂੰ ਪੇਸ਼ ਕਰਦਾ ਹੈ ਤਾਂ ਕਿ ਬੰਦੇ ਅੰਦਰਲੇ ਸੱਚ ਨੂੰ ਪੇਸ਼ ਕੀਤਾ ਜਾ ਸਕੇ। ਉਹ ਸਮਾਜਿਕ ਵਿਗਾੜਾਂ 'ਤੇ ਉਂਗਲ ਧਰਦਾ ਹੋਇਆ ਸੱਭਿਆਚਾਰਕ ਟੁੱਟ-ਭੱਜ ਅਤੇ ਮਨੁੱਖ ਅੰਦਰਲੀਆਂ ਵਿਕਿਰਤੀਆਂ ਨੂੰ ਪਕੜਦਾ ਹੈ। ਉਸ ਦੀਆਂ ਕਹਾਣੀਆਂ ਸਮਾਜਕ ਵਿਵਸਥਾ ਅਤੇ ਪਾਤਰਾਂ ਦੀ ਮਾਨਸਿਕ ਅਵਸਥਾ ਨੂੰ ਵਿਭਿੰਨ ਪੱਖਾਂ ਤੋਂ ਚਿਤਰਣ ਵਿਚ ਕਾਮਯਾਬ ਹੋਈਆਂ ਹਨ। ਪਰਿੰਦਾ ਮਨੁੱਖੀ ਮਨ ਦੀਆਂ ਬਾਰੀਕ ਤੰਦਾਂ ਨੂੰ ਕੋਮਲਤਾ ਨਾਲ ਚਿਤਰਦਾ ਹੈ। ਉਸ ਦੀਆਂ ਕਹਾਣੀਆਂ ਵਰਤਮਾਨ ਮਨੁੱਖ ਦੀ ਮਾਨਸਿਕ ਦਿਸ਼ਾ ਅਤੇ ਸਮਾਜਕ ਦਸ਼ਾ ਦੀ ਯਥਾਰਥਕ ਤਸਵੀਰ ਪੇਸ਼ ਕਰਦੀਆਂ ਹਨ। **ਲਕਸ਼ਮੀ ਨਾਰਾਇਣ ਭੀਖੀ**

# ਪੁਸਤਕ ਪ੍ਰਾਪਤੀ

1. ਬੰਦ ਗਲੀ ਦੀ ਸਿਆਸਤ (ਲੇਖ) ਡਾ. ਤੇਜਵੰਨ ਮਾਨ, ਪੰਨੇ 124 ਮੁੱਲ 50/- ਪੰਜਾਬੀ ਸਾਹਿਤ ਸਭਾ, ਸੰਗਰੂਰ।
2. ਮਿੱਟੀ ਦੇ ਸੁਖ਼ਨ (ਕਵਿਤਾਵਾਂ) ਪ੍ਰੇਮ ਸਾਹਿਲ, ਪੰਨੇ 96 ਮੁੱਲ 60/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
3. ਸੀ-ਕੋਈ (ਗ਼ਜ਼ਲਾਂ) ਸੁਸ਼ੀਲ ਰਹੇਜਾ, ਪੰਨੇ 64 ਮੁੱਲ 75/- ਸਕੋਰ ਹਾਊਸ ਪਬਲੀਕੇਸ਼ਨ, ਫਿਰੋਜ਼ਪੁਰ।
4. ਕਵੀਆਂ ਦੇ ਅੰਗ-ਸੰਗ (ਕਾਵਿ-ਆਲੋਚਨਾ) ਹਰਭਜਨ ਸਿੰਘ ਹੁੰਦਲ, ਪੰਨੇ 280 ਮੁੱਲ 300/- ਐਚ. ਕੇ. ਪ੍ਰਕਾਸ਼ਨ - 16/16 ਗੀਤਾ ਕਾਲੋਨੀ ਦਿੱਲੀ-31
5. ਕਕਨੂਸ ਦੇ ਅੰਗ-ਸੰਗ (ਪ੍ਰੋ. ਆਸਾ ਸਿੰਘ ਘੁੰਮਣ, ਜਪਾਨੀ ਸਫ਼ਰਨਾਮਾ) ਸਫ਼ੇ 102 ਮੁੱਲ 60/- ਵਾਰਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।
6. ਦਿਲ ਦਾ ਦਰਪਣ (ਕਵਿਤਾਵਾਂ) ਦੇਵਿੰਦਰ ਦਿਲਰੂਪ, ਪੰਨੇ 96 ਮੁੱਲ 50/- ਫਸਟ ਵਲਡ ਪਬਲੀਕੇਸ਼ਨ, ਲੁਧਿਆਣਾ।
7. ਇਬਾਦਤ (ਗ਼ਜ਼ਲਾਂ) ਨਰਿੰਦਰ ਮਾਨਵ, ਸਫ਼ੇ 96 ਮੁੱਲ 60/- ਕਿਰਤੀ ਪਬਲੀਕੇਸ਼ਨ, ਜਲੰਧਰ।
8. ਖੂਹ ਗਿੜਦਾ ਹੈ (ਕਹਾਣੀਆਂ) ਅਜਮੇਰ ਸਿੱਧੂ, ਪੰਨੇ 108 ਮੁੱਲ 60/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
9. ਨਾਨਕਵਾਦ (ਆਲੋਚਨਾ) ਡਾ. ਅਨੂਪ ਸਿੰਘ, ਪੰਨੇ 176 ਮੁੱਲ 100/- ਪ੍ਰੇਰਨਾ ਪ੍ਰਕਾਸ਼ਨ, ਪਟਿਆਲਾ।
10. ਮੁਹੱਬਤ ਦਾ ਸਫ਼ਰ (ਯਾਤਰਾ ਲੇਖ) ਡਾ. ਅਨੂਪ ਸਿੰਘ, ਮੁੱਲ 100/- ਪੰਨੇ 160 ਪ੍ਰੇਰਨਾ ਪ੍ਰਕਾਸ਼ਨ, ਪਟਿਆਲਾ।
11. ਸ਼ਬਦਾਂ ਦੀ ਆਗੋਸ਼ (ਕਵਿਤਾਵਾਂ) ਤਰਲੋਚਨ ਮੀਰ, ਪੰਨੇ 96 ਮੁੱਲ 75/- ਪ੍ਰਤੀਕ ਪਬਲੀਕੇਸ਼ਨ, ਪਟਿਆਲਾ।
12. ਅਸ਼ਰਫੀਆਂ (ਗ਼ਜ਼ਲ ਸੰਗ੍ਰਹਿ) ਦਵਿੰਦਰ ਚਾਂਦ ਪੰਨੇ 64 ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
13. ਅੱਲਾ ਮੀਆਂ ਥੱਲੇ ਆ (ਕਾਵਿ ਸੰਗ੍ਰਹਿ) ਸਾਈਂ ਅਖਤਰ ਲਾਹੌਰੀ (ਲਿਪੀ ਬਦਲੀਕਾਰ ਹਰਭਜਨ ਸਿੰਘ ਹੁੰਦਲ) ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
14. ਪਾਵੇ ਨਾਲ ਬੰਨ੍ਹਿਆ ਹੋਇਆ ਕਾਲ (ਕਹਾਣੀ ਸੰਗ੍ਰਹਿ) ਜਤਿੰਦਰ ਸਿੰਘ ਹਾਂਸ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
15. ਕਿਤੇ ਕੋਈ ਆਪਣਾ (ਕਹਾਣੀਆਂ) ਪ੍ਰੀਤਮਾ ਦੋਮੇਲ, ਪੰਨੇ 96 ਮੁੱਲ 80/- ਕੁਕਨੁਸ ਪ੍ਰਕਾਸ਼ਨ, ਜਲੰਧਰ।
16. ਇਕ ਹੋਰ ਅਭਿਮੰਨਿਊ (ਕਹਾਣੀ ਸੰਗ੍ਰਹਿ) ਜਸਵੰਤ ਸਿੰਘ ਅਮਨ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
17. ਅਸੀਸ ਤੇ ਆਸਥਾ ( ਵਾਰਤਕ) ਡਾ. ਗੁਰਬਖਸ਼ ਸਿੰਘ ਭੰਡਾਲ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
18. ਕੌੜੇ ਘੁੱਟ (ਨਾਵਲ) ਬਲਵਿੰਦਰ ਡੱਡੀਆਂ, ਪੰਨੇ 88 ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
19. ਤਖਤਾ ਪਲਟ (ਕਹਾਣੀ ਸੰਗ੍ਰਹਿ) ਰਾਜਿੰਦਰ ਕੌਰ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
20. ਹਰ ਆਦਮੀ ਦਾ ਡਰ ( ਨਾਵਲ) ਕੁਲਦੀਪ ਬੱਗਾ, ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
21. ਸੁਨਹਿਰੀ ਬੀਨ ( ਕਾਵਿ-ਸੰਗ੍ਰਹਿ) ਅਮਰੀਕ ਡੋਗਰਾ, ਪੰਨੇ 80 ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
22. ਬੇ-ਆਬਾਦ ਵਰਮੀਆਂ ( ਗ਼ਜ਼ਲਾਂ) ਅਵਤਾਰ ਸਿੰਘ ਸਿੱਧੂ, ਪੰਨੇ 112 ਮੁੱਲ 100/- ਸਿੰਘ ਬ੍ਰਦਰਜ਼, ਅੰਮ੍ਰਿਤਸਰ।



23. ਮਨੋਵਿਗਿਆਨ ਅਤੇ ਪੰਜਾਬੀ ਕਹਾਣੀ (ਆਲੋਚਨਾ) ਡਾ. ਜਸਵਿੰਦਰ ਕੌਰ ਬਿੰਦਰਾ ਪੰਨੇ 144 ਮੁੱਲ 100/- ਲੋਕ-ਗੀਤ ਪ੍ਰਕਾਸ਼ਨ, ਚੰਡੀਗੜ੍ਹ।
24. ਖਿਸਕਦੀ ਕੋਈ ਖੁਸ਼ੀ (ਕਹਾਣੀਆਂ) ਸੁਖਮਿੰਦਰ ਸੇਖੋਂ, ਪੰਨੇ 112 ਮੁੱਲ 110/- ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
25. ਮਿੰਨੀ ਕਰੇ ਸੰਵਾਦ (ਮਿੰਨੀ ਕਹਾਣੀਆਂ) ਸੰਪਾਦਕ ਸੁਖਮਿੰਦਰ ਸੇਖੋਂ ਤੇ ਹੋਰ, ਪੰਨ 120 ਮੁੱਲ 30/- ਪਲਕਮ ਪਬਲੀਕੇਸ਼ਨਜ਼, ਨਾਭਾ।
26. ਕਥਾ ਯਾਤਰਾ (ਕਹਾਣੀਆਂ) ਡਾ. ਕੇਵਲ ਧੀਰ, ਪੰਨੇ 130 ਮੁੱਲ 100/- ਅਦੀਬ ਇੰਟਰਨੈਸ਼ਨਲ, ਲੁਧਿਆਣਾ।
27. ਜ਼ਿੰਦਗੀ ਦੀ ਲੋਅ (ਨਾਵਲ) ਪਿਆਰਾ ਸਿੰਘ ਟਾਂਡਾ, ਪੰਨੇ 124 ਮੁੱਲ 140/- 4/-ਐਚ. ਕੇ. ਪ੍ਰਕਾਸ਼ਨ, ਦਿੱਲੀ।
28. ਜੁਗਨੂੰਆਂ ਦਾ ਕਾਫਲਾ (ਕਵਿਤਾ) ਸੰਪਾਦਕ ਕਰਮ ਸਿੰਘ ਮਾਨ, ਪੰਨੇ 152 ਮੁੱਲ 125/- ਸਵਰਨ ਯਾਦਗਾਰੀ ਲਾਇਬ੍ਰੇਰੀ, ਚੰਡੀਗੜ੍ਹ।
29. ਮਾਂ ਤੇਰੇ ਚਰਖੇ ਦੀ ਘੂਕਰ (ਕਵਿਤਾਵਾਂ) ਕਰਮ ਸਿੰਘ ਵਕੀਲ, ਪੰਨੇ 104 ਮੁੱਲ 100/-।
30. ਮਿੱਪਲ ਦੀ ਕੈਨਵਸ ( ਗ਼ਜ਼ਲਾਂ) ਉਂਕਾਂਰਪ੍ਰੀਤ, ਪੰਨੇ 72 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
31. ਕੈਸੇ ਮੌਸਮ ਆਏ (ਕਵਿਤਾਵਾਂ) ਗੁਰਸ਼ਰਨ ਸਿੰਘ ਨਰੂਲਾ, ਪੰਨੇ 96 ਮੁੱਲ 100/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
32. ਮੀਸ਼ਾ-ਪਾਤਰ (ਕਾਵਿ ਆਲੋਚਨਾ) ਪਰਵਿੰਦਰ ਕੌਰ, ਮੁੱਲ 100/- ਕੁਕਨੁਸ ਪ੍ਰਕਾਸ਼ਨ, ਜਲੰਧਰ।
33. ਵਲਵਲੇ (ਕਵਿਤਾਵਾਂ) ਮਨੋਹਰ ਕੌਰ, ਪੰਨੇ 64 ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
34. ਆ ਪੰਜਾਬ ਮੁੜ ਆ (ਸਾਂਝੇ ਪੰਜਾਬ ਦੀਆਂ ਕਵਿਤਾਵਾਂ) ਮੁੱਲ 150/- ਪੰਨੇ 128 ਕੁਕਨੁਸ ਪ੍ਰਕਾਸ਼ਨ, ਜਲੰਧਰ।
35. ਦੋਸਤੀਨਾਮਾ (ਲੰਬੀ ਕਵਿਤਾ) ਹਰਭਜਨ ਸਿੰਘ ਹੁੰਦਲ, ਪੰਨੇ 64 ਮੁੱਲ 30/- ਕੁਕਨੁਸ ਪ੍ਰਕਾਸ਼ਨ, ਜਲੰਧਰ।
36. ਤਰਕਾਲਾਂ (ਨਾਵਲ) ਪਰਮਜੀਤ ਜੱਜ, ਪੰਨੇ 144 ਮੁੱਲ 75/- ਕੁਕਨੁਸ ਪ੍ਰਕਾਸ਼ਨ, ਜਲੰਧਰ।
37. ਮੈਂ ਪਰਤ ਆਵਾਂਗਾ ( ਕਵਿਤਾਵਾਂ) ਅਜੀਤ ਰਾਹੀ, ਪੰਨੇ 64 ਮੁੱਲ 30/- ਕੁਕਨੁਸ ਪ੍ਰਕਾਸ਼ਨ।
38. ਜ਼ਮੀਂ ਖਾ ਗਈ (ਯਾਦਾਂ) ਅਜੀਤ ਰਾਹੀ, ਪੰਨੇ 144 ਕੀਮਤ 100/- ਕੁਕਨੁਸ ਪ੍ਰਕਾਸ਼ਨ, ਜਲੰਧਰ।
39. ਗਲਵੱਕੜੀ (ਕਵਿਤਾਵਾਂ) ਜਗਤਾਰ ਢਾਅ ਪੰਨੇ 80 ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।

ਨੌਜਵਾਨ ਲੋਕਾਂ ਨੂੰ ਨੌਜਵਾਨ ਬਣਨਾ ਸਿੱਖਣਾ ਚਾਹੀਦਾ ਹੈ ਤੇ ਇਹ ਕਾਰਜ ਕੋਈ ਸੌਖਾ ਨਹੀਂ, ਜਦੋਂ ਮੈਂ ਲੜਕਾ ਸੀ ਤਾਂ ਮੇਰੇ ਮਾਤਮ ਦੇ ਦਿਨ ਸਨ। ਦੱਖਣ ਦੇ ਲੋਕਾਂ ਦੀ ਉਦਾਸੀ, (ਚਿੱਲੀ, ਜਿੱਥੇ ਨੇਰੂਦਾ ਰਹਿੰਦਾ ਸੀ) ਬਾਰਸ਼ ਦਾ ਰੋਣਾ, ਅਵੈੜੀ ਇਕੱਲਤਾ, ਮੇਰੇ ਜੀਵਨ ਉੱਤੇ ਆਣ ਪਈ। ਪਿੱਛੋਂ ਜਾ ਕੇ ਮੈਂ ਵੇਖਿਆ ਕਿ ਜਿੰਨੀਆਂ ਗੰਭੀਰ ਸਮੱਸਿਆਵਾਂ ਜ਼ਿੰਦਗੀ ਵਿਚ ਤੁਹਾਨੂੰ ਪੇਸ਼ ਆਉਂਦੀਆਂ ਹਨ, ਜਿੰਨੀ ਮੁਸ਼ਕਲ ਤੁਹਾਡੇ ਰਸਤੇ ਦੀ ਭਾਲ ਹੋਵੇ, ਜਿੰਨੀ ਗੰਭੀਰ ਤੁਹਾਡੀ ਸਮਾਜੀ ਬੇਇਨਸਾਫ਼ੀ ਬਾਰੇ ਪਛਾਣ ਹੋਵੇ, ਏਨਾ ਹੀ ਵੱਧ ਤੁਹਾਡੀ ਜ਼ਿੰਮੇਵਾਰੀ ਪ੍ਰਤੀ ਕਾਬਿਲ ਹੋਣ ਦੀ ਯੋਗਤਾ ਦੇ ਕਾਰਨ ਹੁੰਦੇ ਹਨ। ਏਸੇ ਤਰੀਕੇ ਨਾਲ ਹੀ ਤੁਸੀਂ ਜੀਵਨ ਦਾ ਆਪਣਾ ਮਾਰਗ ਤਲਾਸ਼ਦੇ ਹੋ। ਅਸੀਂ ਇਹ ਯਕੀਨੀ ਬਣਾਉਣ ਲਈ ਜੂਝਦੇ ਹਾਂ ਕਿ ਸਾਡੀ ਖੁਸ਼ੀ ਸਾਰੀ ਦੁਨੀਆਂ ਨਾਲ ਸਾਂਝੀ ਹੋਵੇ ਤੇ ਸਭ ਨੂੰ ਵੰਡੀ ਜਾਵੇ।

(ਪਾਬਲੋ ਨੇਰੂਦਾ ਸਤੰਬਰ 1972)

# ਖ਼ਿਆਲ ਆਪੋ ਆਪਣਾ

ਚਿਰਾਗ਼-50 ਮਿਲਣ ਉੱਤੇ ਬਹੁਤ ਖੁਸ਼ੀ ਹੋਈ। ਇਕ ਸੂਚਨਾ ਦੀ ਲੋੜ ਹੈ। ਜ਼ਫ਼ਰ ਇਕਬਾਲ ਦੀਆਂ ਪੰਜ ਗ਼ਜ਼ਲਾਂ ਕਿਸ 'ਕਿਤਾਬ ਦੀ ਬੇੜੀ' ਵਿਚੋਂ ਨਿਕਲਦੀਆਂ ਹਨ। ਮੈਂ ਕਿਤਾਬ ਖਰੀਦਣੀ ਚਾਹੁੰਦਾ ਹਾਂ। ਜੇ ਕਿਤਾਬ ਦੀ ਇਕ ਫੋਟੋ ਸਟੇਟ ਤੁਸੀਂ ਮੈਨੂੰ ਭੇਜ ਦਿਓ, ਮੈਂ ਹਰ ਹਾਲਾਤ ਲਾਲ ਸਿੰਘ ਹੱਥ ਕੀਮਤ ਅਦਾ ਕਰ ਦਿਆਂਗਾ। ਜੇ ਇਹ ਜ਼ਫ਼ਰ ਇਕਬਾਲ (ਉਰਦੂ ਮੈਗਜ਼ੀਨ-ਇਲਾਹਾਬਾਦ) ਵਾਲਾ (Janab Jafar Iqbal, 74B, FGOR III, Shadman, Lahore) ਹੀ ਹੈ, ਤਾਂ ਮੇਰੇ ਲਈ ਇਕ ਮਨੋਰੰਜਕ ਸਾਹਿਤਕ ਸਥਿਤੀ ਪੈਦਾ ਹੋ ਗਈ ਹੈ, ਕਿਉਂਕਿ ਉਰਦੂ ਵਾਲੇ ਜ਼ਫ਼ਰ ਇਕਬਾਲ ਨੂੰ ਮੈਂ ਉਰਦੂ ਸਾਹਿਤ ਦਾ ਸਭ ਤੋਂ ਵੱਡਾ ਜਦਦੀ ਗ਼ਜ਼ਲਗੋ ਮੰਨਦਾ ਹਾਂ। (ਫੈਜ਼ ਸਾਹਿਬ ਨਾਲੋਂ ਵੀ ਮਹਾਨ) ਪਰ ਜੇ ਉਰਦੂ ਅਤੇ ਪੰਜਾਬੀ ਵਾਲਾ ਸ਼ਾਇਰ ਇਕੋ ਹੈ, ਤਾਂ ਪੰਜਾਬੀ ਵਿਚ ਉਸ ਦੀ ਉਹ ਗੱਲ ਨਹੀਂ ਬਣੀ। ਉਰਦੂ ਵਾਲੇ ਜ਼ਫ਼ਰ ਇਕਬਾਲ ਦੀ ਫ਼ੈਜ ਸਾਹਿਬ ਦੀ ਗ਼ਜ਼ਲ ਨਾਲੋਂ ਉੱਚਤਾ ਇਸ ਗੱਲ ਵਿਚ ਹੈ ਕਿ ਜ਼ਫ਼ਰ ਦੀਆਂ ਗ਼ਜ਼ਲਾਂ ਦੇ ਬਿੰਬਾਂ ਦੇ ਰੂਪ ਬਹੁ ਤੈਹਾਂ ਵਾਲੇ, () ਦੀ ਤੀਬਰਤਾ ਅਤੇ ਦੂਰ ਫਾਸਲਿਆਂ ਦੇ ਵਿਸਮਾਦੀ ਰੰਗਾਂ ਕਾਰਨ ਫ਼ੈਜ਼ ਨਾਲੋਂ ਡੂੰਘੇ ਤੇ ਵਿਸ਼ਾਲ ਰਹੱਸ ਵਾਲੇ ਹਨ। ਫੈਜ਼ ਦੇ ਗ਼ਜ਼ਲਾਂ ਦੇ ਬਿੰਬ ਇਕਹਿਰੇ ਤੇ ਦਹੁਰਾਉ ਭਰੇ ਹਨ। ਪਰ ਮੈਂ ਇਹ ਖ਼ਿਆਲ ਸਿਰਫ਼ ਉਹਨਾਂ ਦੀਆਂ ਗ਼ਜ਼ਲਾਂ ਦੇ ਪ੍ਰਸੰਗ ਤਕ ਹੀ ਸੀਮਤ ਰੱਖਦਾ ਹਾਂ। ਫ਼ੈਜ਼ ਮੁਹੱਬਤ ਦੇ ਅਨੇਕਾਂ ਹੋਰ ਪ੍ਰਸੰਗਾਂ ਵਿਚ ਲਾਫ਼ਾਨੀ ਤਾਜ਼ਗੀ ਦੇ ਮਾਲਕ ਹਨ, ਬਲਕਿ ਸ਼ਹਿਨਸ਼ਾਹ ਹਨ।

ਜੇ ਜ਼ਫ਼ਰ ਇਕਬਾਲ ਪੰਜਾਬੀ ਵਿਚ ਮਹਾਨ ਨਹੀਂ ਜਾਪਦੇ, ਤਾਂ ਇਕ ਕੋਈ ਮਿਹਣਾ ਨਹੀਂ, ਕਿਉਂਕਿ ਜੇ ਡਾ. ਇਕਬਾਲ ਅਤੇ ਫ਼ੈਜ਼ ਸਾਹਿਬ ਆਪਣੀਆਂ ਥੋੜ੍ਹੀਆਂ ਜਿਹੀਆਂ ਪੰਜਾਬੀ ਰਚਨਾਵਾਂ ਵਿਚ ਆਪਣੀਆਂ ਉਰਦੂ/ਫ਼ਾਰਸੀ ਰਚਨਾਵਾਂ ਦੀ ਨਜ਼ਾਕਤ ਤੱਕ ਨਹੀਂ ਪਹੁੰਚ ਸਕੇ, ਤਾਂ ਜ਼ਫ਼ਰ ਇਕਬਾਲ ਦਾ ਪੰਜਾਬੀ ਵਿਚ ਉਰਦੂ ਵਰਗੀ ਸੁੰਦਰਤਾ ਪੈਦਾ ਨ ਕਰ ਸਕਣਾ, ਸਾਹਿਤਕ ਗੁਨਾਹ ਨਹੀਂ ਬਣਦਾ। ਗ਼ਜ਼ਲ ਦਾ ਸਾਹਿਤਕ ਰੂਪ ਪੰਜਾਬੀ ਦਾ ਕਦੇ ਵੀ ਅਨਿੱਖੜਵਾਂ ਅੰਗ ਨਹੀਂ ਬਣ ਸਕੇਗਾ।

ਉਂਝ ਜ਼ਫ਼ਰ ਇਕਬਾਲ ਦੀ 35 ਸਾਲ ਪਹਿਲਾਂ ਲਿਖੀ ਪੰਜਵੀਂ ਗ਼ਜ਼ਲ (...... ਅਮਰੀਕਾ) ਵਿਚ ਕੀਤੀ ਪੇਸ਼ੀਨਗੋਈ ਸ਼ਬਦਾਵਲੀ ਵਿਚ ਪੇਂਡੂ ਖਰ੍ਹਵਾਪਨ ਹੋਣ ਦੇ ਬਾਵਜੂਦ ਵੀਅਤਨਾਮ, ਕਿਊਬਾ ਅਤੇ ਚਿੱਲੀ ਦੇ ਦੁਖਾਂਤਕ, ਤਾਮਤੀ ਕਹਿਰ ਭਰੇ ਅਤੇ ਸੂਰਮਾਗਤੀ ਨਾਲ ਲਬਰੇਜ਼ ਅਤੁੱਕ ਸੰਘਰਸ਼ਾਂ ਪਿਛੋਂ ਇਰਾਕ ਤਕ ਪਹੁੰਚ ਕੇ ਚਮਤਕਾਰੀ ਇਤਿਹਾਸਕ ਵਿਜ਼ਨ ਧਾਰਨ ਕਰ ਗਈ ਹੈ।

- ਹਰਿੰਦਰ ਮਹਿਬੂਬ, ਫੋਨ :01886-262164


**ਸੁਲੱਖਣ ਸਰਹੱਦੀ**

ਦਾ

ਗ਼ਜ਼ਲ ਸ਼ਾਹਕਾਰ

**"ਬੇੜੀਆਂ ਦਾ ਪੁਲ"**

ਇਕ ਬਹਿਰ, ਇਕ ਜ਼ਮੀਨ

*ਵਿਚ 160 ਗ਼ਜ਼ਲਾਂ ਅਤੇ 1242 ਸ਼ਿਅਰ*

*(ਛਪ ਕੇ ਤਿਆਰ)*





*ਇਹ ਪਾਠਕਾਂ ਸਦਕਾ ਹੀ ਸੰਭਵ ਹੋਇਆ !*

ਅੱਜ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਥੋੜ੍ਹੇ ਜਿਹੇ ਅਰਸੇ ਵਿਚ ਹੀ *ਕੁਕਨੂਸ ਪ੍ਰਕਾਸ਼ਨ* ਦੀਆਂ ਮਿਆਰੀ ਅਤੇ ਕਿਫ਼ਾਇਤੀ ਕਿਤਾਬਾਂ ਪਾਠਕਾਂ ਵਿਚ ਦਿਨੋ-ਦਿਨ ਮਕਬੂਲ ਹੋ ਰਹੀਆਂ ਹਨ। ਹੁਣ ਤੱਕ ਇਹ ਪ੍ਰਕਾਸ਼ਨ ਡੇਢ ਸੌ ਤੋਂ ਉੱਪਰ ਕਿਤਾਬਾਂ ਛਾਪ ਚੁੱਕਾ ਹੈ ਜਿਨ੍ਹਾਂ ਵਿਚ ਕੁਝ ਇਹ ਹਨ :

**ਵਿਸ਼ਵ-ਸਾਹਿਤ ਲੜੀ :** **ਫਰੈਂਚ ਨਾਵਲ**-'ਰਾਤ', 'ਪਹੁ-ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ), ਰੇਤ ਦਾ ਦਰਵਾਜ਼ਾ (ਤਾਹਿਰ ਬਿਨ ਜੈਲੋਨ), ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੈਦਾ), ਰੂਸੀ ਨਾਵਲ-ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ), **ਪਾਕਿਸਤਾਨੀ ਨਾਵਲ**-ਪੰਧ (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਂ) ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫ਼ੀ), ਜੀਵਨ ਯਾਦਾਂ (ਪਾਬਲੋ ਨੇਰੂਦਾ), ਜਾਪਾਨੀ ਕਹਾਣੀਆਂ, ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ, ਸੰਸਾਰ ਪ੍ਰਸਿੱਧ ਖੇਡ ਕਹਾਣੀਆਂ, ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ।

**ਖ਼ਤ ਲੜੀ :** ਫ਼ੈਜ਼ ਅਹਿਮਦ ਫ਼ੈਜ਼, ਖ਼ਲੀਲ ਜਿਬਰਾਨ, ਸਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

**ਕਹਾਣੀਆਂ :** ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਸੁਕੀਰਤ, ਗੁਰਮੇਲ ਮਡਾਹੜ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਜਤਿੰਦਰ ਸਿੰਘ ਹਾਂਸ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ, ਜਸਵੰਤ ਅਮਨ, ਪਵਨ ਪਰਿੰਦਾ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ :** ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ (ਅਜੀਤ ਰਾਹੀ), ਪੀਤੂ, ਤ੍ਰਕਾਲਾਂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖ਼ਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ/ਗ਼ਜ਼ਲਾਂ :** ਸਰਦਾਰ ਪੰਛੀ, ਇਫ਼ਤਿਖਾਰ ਨਸੀਮ, ਹਰਦਿਆਲ ਸਾਗਰ, ਬਰਜਿੰਦਰ ਚੌਹਾਨ, ਕਵਿੰਦਰ ਚਾਂਦ, ਸੁਰਿੰਦਰ ਸੋਹਲ, ਓਂਕਾਰਪ੍ਰੀਤ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਕ ਵਜੋਂ), ਸੁਖਪਾਲ, ਰਮਨਦੀਪ, ਰਮਨ, ਦੀਪਕ, ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵ ਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰਪ੍ਰੀਤ, ਕੰਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ, ਜਗਤਾਰ ਢਾਅ ਅਤੇ ਅਜੀਤ ਰਾਹੀ ਦਰਸ਼ਨ ਬੁਲੰਦਵੀ ਦੇ ਕਾਵਿ-ਸੰਗ੍ਰਹਿ।

**ਵਿਸ਼ਵ ਚਿੰਤਨ ਲੜੀ :** ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ (ਡਾ. ਭੀਮ ਇੰਦਰ)

**ਵਾਰਤਕ/ਸਫ਼ਰਨਾਮੇ :** ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਅਜੀਤ ਰਾਹੀ, ਡਾ. ਰਜਨੀਸ਼ ਬਹਾਦਰ ਸਿੰਘ, ਬਿਪਨ ਗੋਇਲ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਆਜ਼ਾਦ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ

**ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ**

ਤੁਹਾਡੀ ਆਪਣੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਮੁੱਲ ਦੀਆਂ ਕਿਤਾਬਾਂ ਪੰਜ ਸੌ ਰੁਪਏ ਵਿਚ।

ਪਾਠਕਾਂ ਲਈ ਵਿਸ਼ੇਸ਼ ਰਿਆਇਤ - 40 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤੱਕ

*ਵਧੇਰੇ ਜਾਣਕਾਰੀ ਲਈ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ*

**ਸੰਪਰਕ : ਕੁਕਨੂਸ ਪ੍ਰਕਾਸ਼ਨ**

**ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ ਫੋਨ : 2214028, 98140-55411**

*(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫ਼ਟ ਰਾਹੀਂ ਹੀ ਭੇਜਣਾ)*

Chiragh Quarterly January- March 2005
Registered with the Registrar of News-Papers of India No- PUN-PUN O 2276/AL/TC94

ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327